ਸ਼ਾਹਸ਼ੁਜਾ ਦੀ ਬੇਗਮ ਤੋਂ ਵੱਢੀ ਲੈਕੇ *ਰਾਮ ਸਿੰਘ ਨੇ ਬਹੁਤ ਕੁਝ ਖਾ ਲਿਆ
ਏਸੇ ਲਈ ਮਹਾਰਾਜ ਨੇ ਬਿਸ਼ਨ ਸਿੰਘਾ ਘਰ ਏਸਦਾ ਕੁਰਕ ਕਰਾ ਲਿਆ

{੧੫ ਮਾਘ ਸੰ: ੧੮੭੩ ਬਿ: ਨੂੰ ਮਹਾਰਾਜ ਨੇ ਬਸੰਤ ਪੰਚਮੀ ਦੇ ਦਿਨ ਟਿਕੇ ਖੜਗ ਸਿੰਘ ਨੂੰ ਰਾਜ ਦੇਣਾ ਅਤੇ ਅਜੀਤ ਸਿੰਘ ਜੰਮੂੰ ਵਾਲੇ ਦੀ ਜ਼ਬਤੀ}

ਸਾਰੇ ਰਾਜੇ ਪੰਜਾਬ ਦੇ ਕਠੇ ਕਰਕੇ ਇਕ ਵਡਾ ਦਰਬਾਰ ਲਗਾਯਾ ਹੈ ਜੇ
ਨਜ਼ਰਾਂ ਸਾਰਿਆਂ ਆਣਕੇ ਦਿਤੀਆਂ ਨੇ ਖੜਗ ਸਿੰਘ ਨੂੰ ਗੱਦੀ ਬਹਾਯਾ ਹੈ ਜੇ
ਇਕ ਰਾਜਾ ਅਜੀਤ ਸਿੰਘ ਜੰਮੂੰ ਵਾਲਾ ਏਸ ਵਿਚ ਦਰਬਾਰ ਨ ਆਯਾ ਹੈ ਜੇ
ਏਸੇ ਲਈ ਮਹਾਰਾਜ ਨੇ ਗੁਸੇ ਹੋਕੇ ਇਸਦਾ ਸਾਰਾ ਹੀ ਮੁਲਕ ਦਬਾਯਾ ਹੈ ਜੇ
ਪੰਜ ਹਜ਼ਾਰ ਜਗੀਰ ਹੈ.ਰੈਹਣ ਦਿਤੀ ਇਹਵੀ ਤਰਸ ਮਹਾਰਾਜ ਨੇ ਖਾਯਾ ਹੈ ਜੇ
ਜ਼ੋਰ ਬੜਾ ਪਠਾਣਾਂ ਦਾ ਬਿਸ਼ਨ ਸਿੰਘਾ ਕਿਸੇ ਆਕੇ ਹਾਲ ਸੁਣਾਯਾ ਹੈ ਜੇ

[ਮਖੱਡ ਅਤੇ ਕਿਲੇ ਅਟਕ ਦੀ ਖਰਾਬੀ]

ਦਲ ਸਿੰਘ ਨੂੰ ਫੌਜ ਦੇ ਸਣੇ ਤੁਰਕਾਂ ਲਿਆਂ ਵਿਚ ਮਖੱਡ ਦੇ ਘੇਰ ਪਜਾਰੇ
ਓਸੇ ਵੇਲੇ ਸਰਕਾਰ ਨੇ ਤੋਰ ਦਿਤੇ ਫਤੇ ਸਿੰਘ ਤੇ ਹਰੀ ਸਿੰਘ ਸ਼ੇਰ ਪਜਾਰੇ
ਅਹਿਮਦ ਖਾਂ ਮੁਲਖਈਆਂ ਪਠਾਣਾ ਸਭਨਾਂ ਪਾਯਾ ਅਟਕ ਦੇ ਵਲ ਹਨੇਰ ਪਜਾਰੇ
ਮਹਾਰਾਜ ਸਰਕਾਰ ਦੇ ਕੋਲ ਜਲਦੀ ਦੂਜੀ ਖਬਰ ਇਹ ਆਈ ਹੈ ਫੇਰ ਪਜਾਰੇ
ਹੁਕਮ ਸਿੰਘ ਹੈ ਅਟਕ ਦੇ ਵਿਚ ਘਿਰਿਆ ਸਾਉਣ ਸਿੰਘ ਹੈ ਮੋਯਾ ਦਲੇਰ ਪਜਾਰੇ
ਏਸੇ ਵਾਸਤੇ ਅਟਕ ਤੇ ਮਹਾਰਾਜੇ ਭੇਜ ਦਿਤੀ ਹੈ ਸਿਖਾਂ ਦੀ ਹੇੜ ਪਜਾਰੇ
ਫੂਲਾ ਸਿੰਘ ਅਕਾਲੀ ਤੇ ਮੋਤੀ ਰਾਮ †ਅਮਰ ਸਿੰਘ ਮਜੀਠੀਆ ਹੋਰ ਪਜਾਰੇ
ਏਨਾਂ ਬੁਰਾ ਪਠਾਣਾਂ ਦਾ ਹਾਲ ਕੀਤਾ ਦਿਤੇ ਮਾਰ ਕੇ ਬਹੁਤ ਨਬੇੜ ਪਜਾਰੇ
ਕਈ ਜੀਉਂਦੇ ਹੀ ਫੜਕੇ ਸਾੜ ਘੱਤੇ ਦਿਤੇ ਕਈਆਂ ਦੇ ਪੈਰ ਉਖੇੜ ਪਜਾਰੇ
ਜੰਗ ਜਿਤਿਆ ਸਿੰਘਾਂ ਨੇ ਬਿਸ਼ਨ ਸਿੰਘਾ ਤੁਰਕ ਨਠੇ ਨੇ ਚਾਰ ਚੁਫੇਰ ਪਜਾਰੇ

[੨੧ ਸਾਉਣ ਸੰ: ੧੮੭੪ ਬਿ: ਨੂੰ ਮਹਾਰਾਜ ਨੇ ਪਰਬਤਾਂ ਦਾ ਦੌਰਾ ਕਰਨਾ]

ਕਰ ਲੈਣ ਪਹਾੜੀਆਂ ਰਾਜਿਆਂ ਤੋਂ ਮਹਾਰਾਜ ਨੇ ਮਿਸਰ ਨੂੰ ਘੱਲਿਆ ਜੇ
ਅਗੇ ਅਗੇ ਹੁਣ ਮਿਸਰ ਨੂੰ ਭੇਜ ਕਰਕੇ ਪਿਛੋਂ ਆਪ ਮਹਾਰਾਜ ਵੀ ਚੱਲਿਆ ਜੇ

---

*ਦੋ ਲੱਖ ਦਾ ਮਾਲ ਤਾਂ ਭਾਈ ਰਾਮ ਸਿੰਘ ਦੇ ਘਰੋਂ ਨਿਕਲਿਆ ਤੇ ਉੱਤਮ ਚੰਦ ਸ਼ਾਹੂਕਾਰ ਦੇ ਘਰੋਂ (ਜਿਸ ਨਾਲ ਇਸਦਾ ਲੈਣ ਦੇਣ ਸੀ) ਤਲਾਸ਼ੀ ਵਿਚ ਇਕ ਲੱਖ ਨਕਦ; ਢਾਈ ਲੱਖ ਦੀਆਂ ਹੁੰਡੀਆਂ,ਚਾਰ ਲੱਖ ਦਾ ਹੀਰਾ ਮੋਤੀ (ਜੋ ਰਾਮ ਸਿੰਘ ਨੇ ਸ਼ਾਹਜ਼ਾਦੇ ਖੜਗ ਸਿੰਘ ਤੋਂ ਪੜ੍ਹਾਉਣ ਦੇ ਸਮੇਂ ਘੂਰ ਘੂਰ ਕੇ ਲਿਆ ਸੀ) ਨਿਕਲਿਆ ਸੋ ਇਹ ਸਭ ਮਾਲ ਮਹਾਰਾਜ ਨੇ ਜ਼ਬਤ ਕਰਲਿਆ।

†ਇਸ ਬਹਾਦਰ ਦੇ ਤੀਰ ਲੋਹੇ ਦੇ ਕੜਾਹੇ ਵਿਚੋਂ ਪਾਰ ਹੋ ਜਾਂਦੇ ਸਨ।

*ਮਾਧੋ ਪੁਰ ਆ ਪਹਿਲਾ ਮੁਕਾਮ ਕੀਤਾ ਨੂਰ ਪੁਰ ਫਿਰ ਪਰਗਣਾ ਮੱਲਿਆ ਜੇ
†ਬੀਰ ਸਿੰਘ ਦਾ ਬੜਾ ਕਸੂਰ ਹੈਸੀ ਗੁਸਾ ਏਸਦੇ ਉਤੋਂ ਵੀ ਟੱਲਿਆ ਜੇ

{ਪਹਾੜੀ ਰਾਜਿਆਂ ਤੋਂ ਕਰ ਲੈਕੇ ਜ੍ਵਾਲਾਮੁਖੀ ਥਾਨੀ ਹੋਕੇ ਲਾਹੌਰ ਆਉਣਾ ਕੁਲੂ ਵਾਲੇ ਰਾਜੇ ਠਾਕਰ ਸੈਨ ਨੂੰ ਰਾਜ ਦੇਣਾ ਆਦਿਕ ਪ੍ਰਸੰਗ}

ਚੰਬੇ ਮੋਤੀ ਆਦਿਕ ਸਭਨਾਂ ਰਾਜਿਆਂ ਤੋਂ ਜੋਰ ਨਾਲ ਹੁਣ ਕਰ ਹੈ ਆ ਲਿਆ
ਜ੍ਵਾਲਾਮੁਖੀ ਦਾ ਦਰਸ ਮਹਾਰਾਜ ਕਰਕੇ ਸੋਨਾਂ ਮੰਦਰ ਦੇ ਉਤੇ ਚੜਾ ਲਿਆ
ਆਸ ਪਾਸ ਦੇ ਸੋਧਕੇ ਰਾਜਿਆਂ ਨੂੰ ਡੇਰਾ ਆ ਲਾਹੌਰ ਲਗਾ ਲਿਆ
ਕੁਲੂ ਵਾਲਾ ਮਰਿਆ ਬਿਕ੍ਰਮ ਸੈਨ ਰਾਜਾ ਪੁਤਰ ਓਸਦਾ ਗੱਦੀ ਬਹਾ ਲਿਆ
ਇਕ ਲੱਖ ਲੈਕੇ ਠਾਕਰ ਸੈਨ ਕੋਲੋਂ ਰਾਜ ਤਿਲਕ ਮਹਾਰਾਜ ਦਵਾ ਲਿਆ
ਮੋਤੀਰਾਮ ਤੇ ਧੰਨਾ ਸਿੰਘ ਬਹਾਵਲ ਪੁਰੋਂ ਕਰ ਲੈਕੇ ਆ ਫੜਾ ਲਿਆ
ਭਿੰਬਰ ਵਾਲੇ ਨੁਵਾਬ ਸੁ ਫਤੇ ਖਾਂ ਨੂੰ ਫਤੇ ਸਿੰਘ ਨੇ ਕੈਦੀ ਬਣਾ ਲਿਆ
ਮੋਤੀਰਾਮ, ਭਵਾਨੀ, ਤੇ ਹਰੀ ਸਿੰਘ ਜੀ ਫੇਰਾ ਜਦੋਂ ਮੁਲਤਾਨ ਹੈ ਪਾ ਲਿਆ
ਕਰ ਲੈਣ ਮੁਲਤਾਨ ਤੋਂ ਇਹ ਆਏ ਸੂਬੇ ਤੰਗ ਹੋ ਜੰਗ ਮਚਾ ਲਿਆ
ਸਾਰੇ ਸਿੰਘਾਂ ਨੂੰ ਮਾਰਕੇ ਕਢ ਦਿਤਾ "ਦੇਸ ਵਿਚੋਂ" ਇਲਾਕਾ ਦਬਾ ਲਿਆ
ਬਿਸ਼ਨ ਸਿੰਘ ‡ਭਵਾਨੀ ਚੰਡਾਲ ਏਥੇ ਵੱਢੀ ਲੈਕੇ ਮਾਲ ਹੈ ਖਾ ਗਿਆ

{ਹਜ਼ਾਰੇ ਦੇ ਨੁਵਾਬ ਸ਼ੇਰ ਮੁਹੰਮਦ ਨਾਲ ਸ਼ੇਰ ਸਿੰਘ ਮਹਾਰਾਜ ਦੇ ਸ਼ਾਹਜ਼ਾਦੇ ਦਾ ਜੰਗ}

ਖਬਰ ਆਈ ਪਠਾਣਾਂ ਹਜ਼ਾਰੇ ਦਿਆਂ ਹੁਕਮ ਸਿੰਘ ਨੂੰ ਬੜਾ ਹੈ ਤੰਗ ਕੀਤਾ
ਸ਼ੇਰ ਸਿੰਘ ਤੇ ਹਰੀ ਸਿੰਘ ਫੌਜ ਲੈਕੇ ਝਟ ਆ ਹਜਾਰੇ ਹੈ ਜੰਗ ਕੀਤਾ
ਓਧਰ ਸ਼ੇਰ ਮੁਹੰਮਦ ਖਾਂ ਜੋਸ਼ ਦੇਕੇ ਕਠਾ ਬੜਾ ਮੁਲਖੱਈਆ ਨਿਸ਼ੰਗ ਕੀਤਾ
ਜੰਗ ਜੁਟਿਆ ਦੋਹਾਂ ਦਾ ਬਿਸ਼ਨ ਸਿੰਘਾ ਸਿਖਾਂ ਮਾਰ ਪਠਾਣਾਂ ਨੂੰ ਨੰਗ ਕੀਤਾ

[ਤਥਾ]

ਸ਼ੇਰ ਸਿੰਘ ਦੀ ਫੌਜ ਲੜਾਕੀ ਐਸੀ ਤੋਪਾਂ ਨਾਲ ਪਠਾਣ ਸਭ ਫੰਡ ਘੱਤੇ

---

*ਮਾਧੋ ਪੁਰ ਵਿਚੋਂ ਨਹਿਰ ਕੱਢਕੇ ਅਮ੍ਰਿਤਸਰ ਵਿਚ ਪਾਉਣ ਦਾ ਤਰੱਦਤ ਕਰਾਯਾ।

†ਪਰਗਣੇ ਨੂਰ ਪੁਰ ਦੇ ਚੌਧਰੀਆਂ ਦੀ ਅਰਜ਼ ਮੰਨਕੇ ਮਹਾਰਾਜ ਨੇ ਓਥੋਂ ਦੇ ਰਾਜੇ ਬੀਰ ਸਿੰਘ ਦਾ ਕਸੂਰ ਮਾਫ ਕਰਕੇ ਓਸਨੂੰ ਸਤਲੁਜ ਦੇ ਪਾਰੋਂ ਬੁਲਾਕੇ ਰਾਜ ਸੌਂਪ ਦਿਤਾ।

‡ਏਸ ਭਵਾਨੀ ਦਾਸ ਨੇ ਬੜਾ ਭਾਰਾ ਕਸੂਰ ਕੀਤਾ ਮੁਲਤਾਨ ਦੇ ਨੁਵਾਬ ਪਾਸੋਂ ਵੱਢੀ ਲੈਕੇ ਖਾ ਲਈ ਅਤੇ ਸਿਖਾਂ ਨੂੰ ਹਾਰ ਦਵਾਈ ਇਸ ਕਸੂਰ ਬਦਲੇ ਭਵਾਨੀ ਦਾਸ ਤੋਂ ਮਹਾਰਾਜ ਨੇ ਦਸ ਹਜਾਰ ਰੁਪੱਯਾ ਚੱਟੀ ਲਾਕੇ ਲਿਆ।

ਡ਼ੁੱਡ ਗਾਜ਼ੀਆਂ ਅਤੇ ਜਹਾਦੀਆਂ ਦੇ ਵਾਂਗ ਧੁੰਦ ਦੇ ਬਦਲਾਂ ਛੰਡ ਘੱਤੇ
ਹਰੀ ਸਿੰਘ ਦੇ ਹਥੋਂ ਮੁਹੰਮਦ ਮਰਿਆ ਹੋਰ ਕਈ ਨੇ ਘਰ ਕਰ ਰੰਡ ਘੱਤੇ
ਅਹਿਮਦ ਖਾਂ ਨਵਾਬ ਦੇ ਪੁਤਰ ਆਕੇ ਸ਼ੇਰ ਸਿੰਘ ਦੇ ਤਰਲੇ ਨੇ ਮੰਡ ਘੱਤੇ
ਨਾਲੇ ਫੜੇ ਸ਼ਾਹਜ਼ਾਦੇ ਦੇ ਪੈਰ ਆਕੇ ਸ਼ੇਰ ਸਿੰਘ ਨੇ ਲਾ ਇਹ ਦੰਡ ਘੱਤੇ
ਇਕ ਲੱਖ ਪੰਜੱਤਰ ਹਜ਼ਾਰ ਸਾਰੇ ਹਰਜੇ ਖਰਚੇ ਦੇ ਵੇਰਵੇ ਵੰਡ ਘੱਤੇ
ਪੰਜਾਹ ਹਜ਼ਾਰ ਸਾਲਾਨਾ ਹੈ ਅਗੇ ਲੈਣਾ ਇਹ ਲਾਕੇ ਦੰਡ ਨੇ ਚੰਡ ਘੱਤੇ
ਬਖਸ਼ ਆਇ ਲਾਹੌਰ ਨੇ ਬਿਸ਼ਨ ਸਿੰਘਾ ਕਰ ਤੁਰਕਾਂ ਦੇ ਦੂਰ ਘੁਮੰਡ ਘੱਤੇ

[ਮੁਲਤਾਨ ਤੇ ਚੜ੍ਹਾਈ]

ਜਿਸ ਦਿਨ ਤੋਂ ਸਿਖ ਮੁਲਤਾਨੋਂ ਹਾਰੇ ਮਹਾਰਾਜ ਦਾ ਓਧਰ ਧਿਆਨ ਸੀ ਜੀ
ਖੜਗ ਸਿੰਘ ਨੂੰ ਪੰਝੀ ਹਜ਼ਾਰ ਦੇਕੇ ਫੌਜ ਤੋਰਿਆ ਵਲ ਮੁਲਤਾਨ ਸੀ ਜੀ
ਆਲੂਵਾਲੀਆ ਫਤੇ ਸਿੰਘ ਨਾਲ ਦਿਤਾ ਨਾਲੇ ਤੋਰਿਆ ਫਤੇ ਸਿੰਘ ਮਾਨ ਸੀ ਜੀ
ਜੋਧ ਸਿੰਘ ਵੀ ਕਲਸੀਆ ਤੋਰ ਦਿਤਾ ਨਾਲੇ ਮਿਸਰ ਵੀ ਚੰਦ ਦੀਵਾਨ ਸੀ ਜੀ
ਹਰੀ ਸਿੰਘ ਵੀ ਨਲੂਆ ਤੋਰਿਆ ਹੈ ਜੇਹੜਾ ਬੜਾ ਬਹਾਦਰ ਜਵਾਨ ਸੀ ਜੀ
ਮੁਜਫਰ ਖਾਂ ਇਹ ਸੁਣਕੇ ਹਾਲ ਸਾਰਾ ਕੱਠਾ ਕਰਿਆ ਮੁਲਖੱਈਆ ਮਹਾਨ ਸੀ ਜੀ
ਸੱਤ੍ਹਾਂ ਫਗਣ ਮੁਲਤਾਨ ਨੂੰ ਖਾਲਸੇ ਨੇ ਲਾਏ ਮੋਰਚੇ ਜਾਨ ਤੂੰ ਆਨ ਸੀ ਜੀ
ਜੰਗ ਦੀਨ ਦਾ ਦੱਸਕੇ ਬਿਸ਼ਨ ਸਿੰਘਾ ਕੱਠਾ ਕੀਤਾ ਮੁਜਫਰ ਜਹਾਨ ਸੀ ਜੀ

[ਜੰਗ ਮੁਲਤਾਨ]

ਸਾਰੇ ਸ਼ੈਹਰ ਮੁਲਤਾਨ ਤੇ ਕਿਲੇ ਸੰਦੇ ਬੂਹੇ ਬੰਦ ਨੇ ਕੀਤੇ ਨਵਾਬ ਅਗੋਂ
ਓਧਰ ਓਧਰੀ ਬੈਠਕੇ ਧਿਰਾਂ ਦੋਵੇਂ ਦੇਂਦੇ ਤੋਪਾਂ ਦਾ ਤੋਪ ਜਵਾਬ ਅਗੋਂ
ਇਕ ਦਿਨ ਬੜੇ ਹੀ ਤੜਕੇ ਮਹਾਨ ਗਾਜੀ ਮਰਨ ਆਏ ਨੇ ਜਾਨ ਸਵਾਬ ਅਗੋਂ
ਐਸੇ ਵੇਲੇ ਬਹਿਸ਼ਤ ਦੇ, ਬੂਹੇ ਖੁਲੇ ਇਕ ਦੂਜੇ ਨੂੰ ਆਖਣ ਜਨਾਬ ਅਗੋਂ
ਪਏ ਟੁਟਕੇ ਸਿੰਘਾਂ ਤੇ ਅਚਾਚੇਤੀ ਵੇਖ ਸਿੰਘ ਵੀ ਉਠੇ ਸ਼ਤਾਬ ਅਗੋਂ
ਭਾਵੇਂ ਸਿੰਘ ਵੀ. ਸੱਤ ਕੁ ਸੌ ਮੋਯਾ ਹੋਈ ਉਨਾਂ ਦੀ ਵੀ ਬੁਰੀ ਬਾਬ ਅਗੋਂ
ਗੜਿਆਂ ਵਾਂਗ ਹੈ ਤਿੰਨ ਹਜ਼ਾਰ ਪੜਿਆ ਵਿਚ ਖੇਤ ਦੇ ਬੇ ਹਿਸਾਬ ਅਗੋਂ
ਨਾਲ ਤੋਪਾਂ ਦੇ ਖਾਲਸੇ ਬਿਸ਼ਨ ਸਿੰਘਾ ਕੀਤੇ ਤੁਰਕਾਂ ਦੇ ਹਾਲ ਖਰਾਬ ਅਗੋਂ

[ਤਥਾ]

ਐਸਾ ਪੱਕਾ ਸੀ ਕੋਟ ਮੁਲਤਾਨ ਸੰਦਾ ਇੱਟ ਹਿੱਲੀ ਨਾ ਕਿਲੇ ਦੀ ਕਾਈ ਆਕੇ
ਅੰਤ ਖਾਲਸੇ ਨੇ ਗੁਸਾ ਖਾ ਕਰਕੇ ਤੋਪ ਭੰਗੀਆਂ ਵਾਲੀ ਹੈ ਡਾਈ ਆਕੇ
ਕੜੇ ਖਾਂ ਪਟਿਆਲੇ ਦੀ ਤੋਪ ਜੇਹੜੀ ਦਬਾ ਦਬ ਹੈ ਇਹਵੀ ਚਲਾਈ ਆਕੇ
ਰਾਮ ਬਾਣ ਤੇ ਦੂੰਬੇ ਖਾਂ ਦਲ ਬਡਾਰੂ ਇਤ ਆਦਿ ਸਤਾਰਾਂ ਗਿਣਾਈ ਆਕੇ
ਤੋਪਾਂ ਵਡੀਆਂ ਇਹ ਸਤਾਰਾਂ ਹੈਸਨ ਚਵੀ ਛੋਟੀਆਂ ਦੇਖ ਤੂੰ ਭਾਈ ਆਕੇ
ਉਤੋ ਜ਼ਿੱਤੀ ਇਹ ਯਾਰਾਂ ਦਿਨਦਿਨੇ ਰਾਤੀਰਹੀਆਂਚਲਦੀਆਂਧਲਤੀਕੰਬਾਈ। ਆਕ

ਮਸਾਂ ਮਸਾਂ ਸਿੰਘਾਂ ਤਾਈਂ ਸ਼ੈਹਰ ਸੰਦੀ ਚਾਰ ਜਗਾਂ ਤੋਂ ਬਾਹੀ ਹੈ ਢਾਹੀ ਆਕੇ
ਸਿੰਘ ਵੜੇ ਮੁਲਤਾਨ ਵਿਚ ਬਿਸ਼ਨ ਸਿੰਘਾ ਲਗੇ ਸ਼ੈਹਰ ਦੀ ਕਰਨ ਸਫਾਈ ਆਕੇ

[੧੩ ਫਰਵਰੀ ਸੰਨ ੧੮੭੫ ਬਿਃ ਨੂੰ ਸਿੰਘ ਮੁਲਤਾਨ ਵਿਚ ਵੜੇ]

ਸ਼ੈਹਰ ਲੁਟਣਾ ਅਫਸਰਾਂ ਮਨੇ ਕੀਤਾ ਐਪਰ ਖਾਲਸਾ ਨਾ ਹੀ ਟੱਲਿਆ ਏ
ਸਭ ਛੋਟੀਆਂ ਵਡੀਆਂ ਡਾਹ ਤੋਪਾਂ ਸੌ ਸੌ ਗੋਲਾ ਇਕ ਵਾਰੀ ਹੀ ਚੱਲਿਆ ਏ
ਇਕ ਇਕ ਥਾਂ ਤੇ ਮਾਰਿਆ ਕਿਲੇ ਨੂੰ ਹੈ ਫਿਰ ਵੀ ਕੀ ਮਜਾਲ ਜੋ ਹੱਲਿਆ ਏ
ਜੇਹੜੀ ਕਿਲੇ ਦੇ ਵਿਚ ਸੀ ਫੌਜ ਥੋੜੀ ਦੁਖ ਉਨਾਂ ਨੇ ਬਹੁਤ ਹੀ ਝੱਲਿਆ ਏ
ਓਨਾਂ ਨਿਮਕ ਹਲਾਲਾਂ ਪਠਾਨਾਂ ਸਭਨਾ ਤਿੰਨ ਮਹੀਨੇ ਆ ਕਿਲੇ ਨੂੰ ਮੱਲਿਆ ਏ
ਮੁਜਫਰ ਖਾਂ ਦੇ ਨਿਮਕ ਹਲਾਲਾਂ ਵਿਚੋਂ ਕੋਈ ਹੋ ਹਰਾਮ ਨਾ ਹੱਲਿਆ ਏ
ਭੁਖੇ ਮਰ ਲਥੇ ਸਾਰੇ ਕਿਲੇ ਅੰਦਰ ਚਾਰ ਤਰਫ ਹੀ ਸਿੰਘਾਂ ਨੇ ਵੱਲਿਆ ਏ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਬਾਰ ਬਾਰ ਸੁਨੇਹਾਂ ਏਹ ਘੱਲਿਆ ਏ

[ਤਥਾ]

ਫਤੇ ਕਰੇ ਬਗੈਰ ਨਾ ਤੁਸਾਂ ਆਉਣਾ ਬਾਰ ਬਾਰ ਸਰਕਾਰ ਸੁਣਾਈ ਗਏ
ਛੇ ਪਲਟਣਾਂ ਤੇ ਦੋ ਤੋਪਖਾਨੇ ਭੇਜੇ ਹੋਰ ਵੀ ਖਰਚ ਪੁਚਾਈ ਗਏ
ਚਹੁੰ ਜਗਾਂ ਤੋਂ ਸਿੰਘਾਂ ਨੇ ਕਿਲਾ ਢਾਹਿਆ ਭਾਵੇਂ ਹੋਰ ਬਥੇਰਾ ਨੇ ਚਾਹੀ ਗਏ
ਤੋਦੇ ਮਿੱਟੀ ਦੇ ਕਿੰਨਿਆਂ ਜੁਗਾਂ ਸੰਦੇ ਰਤਾ ਹਲੇ ਨਾ ਭਾਵੇਂ ਹਲਾਈ ਗਏ
ਦੋ ਜੂਨ ਨੂੰ ਓੜਕ ਵਡੇਰੇ ਤੜਕੇ ਸਿੰਘ ਸਿੰਘਾਂ ਨੂੰ ਕਿਲੇ ਚੜ੍ਹਾਈ ਗਏ
ਇਕੋ ਵਾਰੀ ਅਕਾਲ ਅਕਾਲ ਕਹਿੰਦੇ ਇਕ ਦੂਜੇ ਦੇ ਮਗਰ ਨੇ ਆਈ ਗਏ
ਭਾਵੇਂ ਸਿੰਘ ਪਠਾਣਾ ਨੇ ਬੜੇ ਡੇਗੇ ਫਿਰ ਵੀ ਪੌੜੀਆਂ ਸਿੰਘ ਨੇ ਲਾਈ ਗਏ
ਸਾਧੂ ਸਿੰਘ ਨਿਹੰਗ ਜਾਂ ਚੜ੍ਹਿਆ ਪਹਿਲੇ ਫਿਰ ਤਾਂ ਸਾਰੇ ਹੀ ਮਗਰ ਨੇ ਧਾਈ ਗਏ
ਸਿੰਘ ਕਿੰਗਰੇ ਕਿੰਗਰੇ ਫਿਰ ਨਿਕਲੇ ਜੇਹੜਾ ਮਿਲਿਆ ਸੋ ਮਾਰ ਮੁਕਾਈ ਗਏ
ਫਤੇ ਕਰਕੇ ਕਿਲੇ ਨੂੰ ਬਿਸ਼ਨ ਸਿੰਘਾ ਸਾਰੇ ਸਿੰਘ ਨੇ ਫਤੇ ਬੁਲਾਈ ਗਏ

[ਮੁਲਤਾਨ ਦਾ ਕਿਲਾ ਫਤੇ ਹੋਣਾ]

ਬੂਹਾ ਸਿੰਘਾਂ ਨੇ ਕਿਲੇ ਦਾ ਖੋਲ ਦਿਤਾ ਝਟ ਪਟ ਦਰਵਾਨਾਂ ਨੂੰ ਮਾਰ ਦਿਤਾ
ਧੂਹ ਲਈਆਂ ਭਗੌਤੀਆਂ ਖਾਲਸੇ ਨੇ ਜੇਹੜਾ ਅੜਿਆ ਸੋਝੜਿਆਕਰਪਾਰ ਦਿਤਾ
ਇਕੋ ਵਾਰੀ ਹੀ ਕਈਆਂ ਹਜਾਰਾਂ ਤਾਂਈਂ ਮਾਰ ਤੇਗ ਦੇ ਘਾਟ ਉਤਾਰ ਦਿਤਾ
ਕਈਆਂ ਤੁਰਕਾਂ ਨੂੰ ਮਾਰਕੇ ਬਿਸ਼ਨ ਸਿੰਘਾ ਬਸ ਏਸ ਸੰਸਾਰ ਤੋਂ ਤਾਰ ਦਿਤਾ

{ ਮੁਜ਼ਫਰ ਖਾਂ ਨੇ ਆਪਣੇ ਪੁੱਤਰਾਂ ਭਤੀਜਿਆਂ
ਸਮੇਤ ਮਹਿਲਾਂ ਵਿਚੋਂ ਨਿਕਲ ਕੇ ਆਉਣਾ }

ਮੁਜ਼ਫਰ ਖਾਂ ਹੁਣ ਦੇਖਕੇ ਹਾਲ ਐਸਾ ਨਿਕਲ ਮਹਿਲਾਂ ਤੋਂ ਗੁਸਾ ਹੈ ਖਾ ਆਯਾ
ਅਪਣੇ ਪੁੱਤਰਾਂ ਭਤੀਜਿਆਂ ਸੱਕਿਆਂ ਨੂੰ ਅਗੇ ਪਿਛੇ ਹੈ ਅਪਣੇ ਲਗਾ ਆਯਾ
ਦੋ ਸੌ ਪਠਾਣ ਜਵਾਨ ਅਪਣੇ ਮਗਰ ਮਗਰ ਹੈ ਆਪਣੇ ਲਾ ਆਯਾ

ਆਸ ਪਾਸ ਮੁਸਾਹਿਬਾਂ ਸਾਰਿਆਂ ਨੂੰ ਬੜਾ ਜੰਗ ਦਾ ਜੋਸ਼ ਚੜ੍ਹ ਆਯਾ
ਸਣੇ ਫੌਜ ਭਤੀਜਿਆਂ ਪੁੱਤਰਾਂ ਦੇ ਸਬਜ਼ ਸਬਜ਼ ਪੁਸ਼ਾਕੇ ਹੈ ਪਾ ਆਯਾ
ਬਸ ਅਸਾਂ ਨ ਜੀਊਂਦੇ ਮੂਲ ਮੁੜਨਾਂ ਸੂਹਣੇ ਸੂਹਣੇ ਹੈ ਸ਼ਸਤ੍ਰ ਪਹਿਨਾ ਆਯਾ
ਸਭ ਮੁਸਾਹਿਬਾਂ ਪੁੱਤਰਾਂ ਭਤੀਜਿਆਂ ਨੂੰ ਸ਼ਸਤ੍ਰ ਬਸਤ੍ਰ ਪਹਿਨਾ ਸਜਾ ਆਯਾ
ਸਾਨੂੰ ਨਹੀਂ ਉਡੀਕਣਾ ਬਿਸ਼ਨ ਸਿੰਘਾ ਮਹਿਲਾਂ ਵਿਚ ਅਵਾਜ਼ ਸੁਣਾ ਆਯਾ

[ਮੁਜ਼ਫਰ ਖਾਂ ਨੇ ਸਿੰਘਾਂ ਨੂੰ ਵੰਗਾਰਕੇ ਆਖਣਾ]

ਵਾਂਗ ਸ਼ੇਰ ਦੇ ਗੱਜਕੇ ਆਖਦਾ ਹੈ ਅਸਾਂ ਮਰ ਤੇ ਸਿੰਘ ਜੀ ਜਾਵਣਾ ਜੇ
ਮੇਰੀ ਬੇਨਤੀ ਨਾਲ ਧਿਆਨ ਸੁਣਨੀ ਐ ਖਾਲਸਾ ਜ਼ਰਾ ਠਹਿਰਾਣਾ ਜੇ
ਕਠੇ ਸਾਰਿਆਂ ਸਿੰਘਾਂ ਨਾ ਹੱਲਾ ਕਰਨਾ ਇਕ ਇਕੰ ਨੇ ਅਗੇ ਹੁਣ ਆਵਣਾ ਜੇ
ਮੇਰਾ ਜੰਗ ਦਾ ਚਾ ਨ ਲੱਥਿਆ ਜੇ ਹੁਣ ਜੰਗ ਦਾ ਚਾ ਮੈਂ ਲਾਵਣਾਂ ਜੇ
ਤੁਹਾਨੂੰ ਗੁਰੂ ਦੀ ਸਹੁੰ ਜੇ ਖਾਲਸਾ ਜੀ ਜ਼ੁਲਮ ਅਸਾਂ ਤੇ ਨਹੀਂ ਕਮਾਵਣਾ ਜੇ
ਲੜੋ ਨਾਲ ਤਲਵਾਰ ਦੇ ਨਾਲ ਮੇਰੇ ਮੈਂ ਤੇਗ ਦਾ ਜੰਗ ਮਚਾਵਣਾ ਜੇ
ਨਾਲ ਅਫਸਰਾਂ ਅਫਸਰ ਲੜਾਵਣਾਂ ਜੇ ਨਾਲ ਨੌਕਰਾਂ ਨੌਕਰ ਲੜਾਵਣਾ ਜੇ
ਮੈਂ ਵੀ ਲੜਨਾ ਜੇ ਨਾਲ ਸ਼ਾਹਜ਼ਾਦੇ ਜੀਦੇ ਖੜਗ ਸਿੰਘ ਨੂੰ ਤੁਸਾਂ ਸੁਣਾਵਣਾ ਜੇ
ਹੁਣ ਕੱਲਿਆਂ ਕੱਲਿਆਂ ਹੋ ਕਰਕੇ ਹੱਥ ਵੇਖਣਾ ਅਤੇ ਵਿਖਾਵਣਾ ਜੇ
ਜਰਾ ਠਹਿਰ ਜਾਣਾ ਜਰਾ ਠਹਿਰ ਜਾਣਾ ਇਕੋ ਵਾਰੀ ਨ ਹੱਲਾ ਬੁਲਾਵਣਾ ਜੇ
ਮੇਰਾ ਚਾ ਨ ਲੱਥਿਆ ਬਿਸ਼ਨ ਸਿੰਘਾ ਮੈਂ ਆਪਣਾ ਹਥ ਦਿਖਾਵਣਾ ਜੇ

{ਮੁਜ਼ਫਰ ਖਾਂ ਦਾ ਇਹ ਲਲਕਾਰਾ ਸੁਣਕੇ ਕੌਰ ਖੜਗ ਸਿੰਘ ਫਤੇ ਸਿੰਘ
ਨੂੰ ਤਿਆਰ ਹੁੰਦਿਆਂ ਦੇਖਕੇ ਹੋਰ ਆਲੂਵਾਲੀਆਂ ਸਰਦਾਰ
ਅਫਸਰਾਂ ਨੇ ਏਨਾਂ ਨੂੰ ਹਟਾਕੇ ਆਪ ਤਿਆਰ ਹੋਣਾ}

ਮੁਜ਼ਫਰ ਖਾਂ ਦਾ ਏਹ ਲਲਕਾਰਾ ਸੁਣਕੇ ਸਾਰੇ ਸਿੰਘ ਹੀ ਅਗੋਂ ਲਲਕਾਰ ਉੱਠੇ
ਫਤੇ ਸਿੰਘ ਤੇ ਖੜਗ ਸਿੰਘ ਤਿਆਰ ਹੋਕੇ ਝਟ ਪਟ ਹੀ ਧੂਹ ਤਲਵਾਰ ਉੱਠੇ
ਬਸ ਏਨਾਂ ਨੂੰ ਅਫਸਰਾਂ ਰੋਕ ਲਿਆ ਆਪ ਤੇਗਾਂ ਨੇ ਫੜ ਸਰਦਾਰ ਉੱਠੇ
ਹਰੀਸਿੰਘ ਨਲੂਆਂ ਮਿਸਰ ਦੀਵਾਨਚੰਦ ਜੀ ਰਾਮ ਦਯਾਲ ਵੀ ਨੇ ਇਕੋ ਵਾਰ ਉੱਠੇ
ਸ਼ਾਮ ਸਿੰਘ ਅਟਾਰੀ ਤੇ ਮਾਨ ਫਤੇ ਸਿੰਘ ਜੀ ਸੰਧਾਂਵਾਲੀਏ ਸ਼ੇਰ ਭਬਕਾਰ ਉੱਠੇ
ਇਤ ਆਦਿ ਸਰਦਾਰ ਸਭ ਬਿਸ਼ਨ ਸਿੰਘਾ ਜੰਗ ਕਰਨ ਨੂੰ ਹੋ ਤਿਆਰ ਉੱਠੇ

[ਸਿੰਘਾਂ ਤੇ ਪਠਾਣਾਂ ਦਾ ਕੱਲਿਆਂ ੨ ਦਾ ਤਲਵਾਰ ਦਾ ਜੰਗ]

ਬੀਰ ਰਸ ਦੇ ਭਰੇ ਸਰਦਾਰ ਸਾਰੇ ਜੰਗ ਨਾਲ ਪਠਾਣਾਂ ਦੇ ਜੁੱਟ ਪਏ
ਕੱਲੇ ਕੱਲੇ ਪਠਾਣਾਂ ਨੂੰ ਸਿੰਘ ਕੱਲੇ ਵਾਂਗ ਸ਼ੇਰਾਂ ਦੇ ਆਕੇ ਟੁੱਟ ਪਏ
ਜੁੱਧ ਕਰਕੇ ਚਾ ਨੇ ਲਾਹ ਲਏ ਬੁੱਲੇ ਕਈ ਸਵਰਗ ਦੇ ਲੁੱਟ ਪਏ
ਮੁਜਫਰ ਖਾਂ ਦੇ ਭਾਈ ਭਤੀਜੇ ਸਾਰੇ ਅਮਲ ਖਾਕੇ ਮਾਨੋਂ ਨੇ ਗੁੱਟ ਪਏ

[ਤਥਾ]

ਤਿੰਨ ਬੇਟੇ ਨਵਾਬ ਮੁਜਫਰ ਖਾਂ ਦੇ ਲੜੇ ਵਿਚ ਮਦਾਨ ਦੇ ਬੜੇ ਆਕੇ
ਸ਼ਾਹ ਨਿਵਾਜ ਤੇ ਹੱਕ ਨਿਵਾਜ ਦੂਜਾ ਗੁੱਸੇ ਖਾਂ ਨਿਵਾਜ ਨੂੰ ਗੜੇ ਆਕੇ
ਤਿੰਨੇ ਬੇਟੇ ਹੀ ਇਹ ਨਵਾਬ ਸੰਦੇ ਨਾਲ ਸਿੰਘਾਂ ਦੇ ਬੜੇ ਨੇ ਲੜੇ ਆਕੇ
ਜਾਂ ਸ਼ਾਹ ਨਿਵਾਜ ਖਾਂ ਬਿਸ਼ਨ ਸਿੰਘਾ ਕਈ ਰਖੇ ਨੇ ਸਿੰਘ ਆ ਰੜੇ ਆਕੇ

[ਤਥਾ]

ਹਰਸਾ ਸਿੰਘ ਜਰਨੈਲ ਖਾ ਬੜਾ ਗੁਸਾ ਨਾਲ ਤੁਰਕ ਦੇ ਜੰਗ ਆ ਜੁੱਟਿਆ ਹੈ
ਦਾਓ ਘਾਉ ਕਰ ਲੜੇ ਨੇ ਬਹੁਤ ਅੱਛੇ ਓਨ ਓਂਨੂੰ ਤੇ ਓਨੂੰ ਉਸ ਕੁੱਟਿਆ ਹੈ
ਓੜਕ ਸ਼ਾਹ ਨਿਵਾਜ ਨੂੰ ਹਰਸਾ ਸਿੰਘ ਨੇ ਦੜ ਕਰਦਾਜ਼ਮੀਨ ਤੇ ਸੁੱਟਿਆ ਹੈ
ਮੋਯਾ ਪੁਤ ਨਵਾਬ ਦਾ ਬਿਸ਼ਨੇ ਸਿੰਘਾ ਦਿਲ ਜੀਉਂਦਿਆਂ ਤੁਰਕਾਂ ਦਾ ਟੁੱਟਿਆ ਹੈ

[ਤਥਾ]

ਖੈਰ ਲਾਖਾ ਭਤੀਜਾ ਨਵਾਬ ਸੰਦਾ ਆਯਾ ਕੂਦਕੇ ਬੜਾ ਲਲਕਾਰਿਆ ਏ
ਦੀਵਾਨ ਚੰਦ ਨੇ ਆਉਂਦਾ ਹੀ ਵਿੰਨ ਲਿਆ ਫੇਰ ਆ ਨੁਵਾਬ ਭਬਕਾਰਿਆ ਏ
ਧੰਨਾ ਸਿੰਘ ਫਿਰ ਮੋੜ ਨਵਾਬ ਤਾਈਂ ਪਾਸ ਖਿਜਰੀ ਦਰਵਾਜੇ ਦੇ ਮਾਰਿਆ ਏ
ਓਸੇ ਵੇਲੇ ਹੀ ਸਿੰਘਾਂ ਨੇ ਬਿਸ਼ਨ ਸਿੰਘਾ ਜੈ ਜੈ ਕਾਰ ਜੈਕਾਰ ਉਚਾਰਿਆ ਏ

[ਸਿੰਘਾਂ ਨੇ ਮੁਲਤਾਨ ਨੂੰ ਲੁਟਣਾਂ]

ਤਿੰਨ ਦਿਨ ਹੈ ਲੁਟਿਆ ਸ਼ੈਹਰ ਸਿਖਾਂ ਲੁਟੇ ਕੀਮਤੀ ਮਾਲ ਮੁਲਤਾਨ ਵਿਚੋਂ
ਕੱਖ ਛਡਿਆ ਨਹੀਂ ਮੁਲਤਾਨ ਅੰਦਰ ਵੜ ਵੜ ਕੇ ਫੋਲੇ ਮਕਾਨ ਵਿਚੋਂ
ਬੜੇ ਬੜੇ ਪੁਰਾਂਣਿਆਂ ਵੇਲਿਆਂ ਦੀ ਦੌਲਤ ਲੁਟੀ ਹੈ ਸਿੰਘਾਂ ਮਹਾਨ ਵਿਚੋਂ
ਕੀਤੇ ਲੋਕ ਕੰਗਾਲ ਸਭ ਬਿਸ਼ਨ ਸਿੰਘਾ ਸਿੰਘ ਰੱਜੇ ਮੁਲਤਾਨ ਦੇ ਆਨ ਵਿਚੋਂ

[ਬੇਗਮਾਂ ਦਾ ਹਾਲ]

ਜਦੋਂ ਮਰੇ ਮੁਜਫਰ ਖਾਂ ਆਦ ਸਾਰੇ ਵੇਖ ਬੇਗਮਾਂ ਨੇ ਗਸ਼ਾਂ ਖਾ ਗਈਆਂ
ਕੁਝ ਮਹਿਲਾਂ ਤੋਂ ਆਪ ਹੀ ਜਾ ਪਈਆਂ ਕੁਝ ਖਾ 'ਕਟਾਰੀਆਂ ਆ ਪਈਆਂ
ਆਸਾਂ ਜੀਉਂਣਦੀਆਂਕਈਆਂਚੁਕਾ ਲਈਆਂ ਰੱਸੇਪਾ ਗਲਲਏਨੇ ਫਾਹ ਕਈਆਂ
ਕਈਜੀਉਂਦੀਆਂ ਤੜਫਦੀਆਂ ਬਿਸ਼ਨਸਿੰਘਾ ਹਾਇ ਹਾਇਤੇ ਤੋਂਬਾ ਸੁਣਾ ਰਹੀਆਂ

{ਸ਼ਾਹਜ਼ਾਦੇ ਖੜਗ ਸਿੰਘ ਨੇ ਮੁਜਫਰ ਖਾਂ ਦਾ ਸਭ ਜੰਗੀ ਸਮਾਨ ਅਤੇ
ਹੋਰ ਸੋਨਾਂ, ਚਾਂਦੀ, ਸੰਦੂਕਾਂ ਵਿਚ ਭਰਕੇ ਲਾਹੌਰ ਨੂੰ ਤਿਆਰ ਹੋਣਾ}

ਖੜਗ ਸਿੰਘ ਮੁਜਫਰ ਦੇ ਦਫਤਰੀਆਂ ਨੂੰ ਪਾਸ ਆਪਣੇ ਸਦ. ਸਦਾ ਲਿਆ
ਹਰੀ ਚੰਦ ਰਮਜਾਨ ਖਜਾਨਚੀ ਨੇ ਦੇਕੇ ਕੁੰਜੀਆਂ ਪਿਛਾ ਛੁਡਾ ਲਿਆ
ਖੜਗ ਸਿੰਘ ਨੇ ਖੋਲ ਖਜਾਨਿਆਂ ਨੂੰ ਬੜਾ ਕੀਮਤੀ ਮਾਲ ਉਠਾ ਲਿਆ
ਸੋਨਾਂ ਚਾਂਦੀ ਤੇ ਕਪੜੇ ਹਥਿਆਰ ਬਰਤਨ ਜੁਆਹਰਾਤ ਵੀ ਸਭ ਕਢਾ ਲਿਆ
ਸੋਨੇ ਚਾਂਦੀ ਦੇ ਭਰ ਸੰਦੂਕ ਭਾਰੇ ਮਾਲ ਸਾਰਾ ਹੈ ਲਦ ਲਦਾ ਲਿਆ
ਕਈਆਂ ਗੱਡਿਆਂ ਤੇ ਮਾਲ ਰਖ ਕਰਕੇ ਆਸ ਪਾਸ ਹੈ ਪਹਿਰਾ ਲਗਾ ਲਿਆ

ਮਾਲ ਕਈਆਂ ਕਰੋੜਾਂ ਦਾ ਖੜਗ ਸਿੰਘ ਨੇ ਲੈਕੇ ਕਿਲਾ ਹੈ ਕਰ ਸਫਾ ਲਿਆ
ਪੰਜਾਹ ਲੱਖ ਦਾ ਮੁਲਕ ਮੁਲਤਾਨ ਸੰਦਾ ਨਾਲੇ ਆਪਣਾ ਸਾਰਾ ਬਣਾ ਲਿਆ
ਬਸ ਚਲੋ ਲਾਹੌਰ ਨੂੰ ਬਿਸ਼ਨ ਸਿੰਘਾ ਏਥੋਂ ਕੂਚ ਦਾ ਹੁਕਮ ਸੁਣਾ ਲਿਆ

[ਸ਼ਾਹਜਹਾਂ ਬਾਦ ਫਤੇ ਕਰਨਾ ਤੇ ਲਾਹੌਰ ਆਉਣਾਂ]

ਸਾਰੇ ਸਿੰਘ ਮੁਲਤਾਨ ਨੂੰ ਫਤੇ ਕਰਕੇ ਜਦੋਂ ਹੈਣ ਲਾਹੌਰ ਨੂੰ ਧਾ ਆਏ
ਕਿਲਾ ਸ਼ਾਹਜਹਾਂ ਬਾਦ ਦਾ ਫਤੇ ਕਰਕੇ ਚਾਰ ਲੱਖ ਦਾ ਮਾਲ ਉਠਾ ਆਏ
ਡੇਰਾ ਵਿਚ ਲਾਹੌਰ ਦੇ ਆਣ ਲਾਯਾ ਬੜੀ ਭਾਰੀ ਕਮਾਈ ਕਮਾ ਆਏ
ਇਹ ਫੌਜ ਦਾ ਰੇੜਕਾ ਬਿਸ਼ਨ ਸਿੰਘਾ ਐਸ ਵਾਰੀ ਨੇ ਸਿੰਘ ਚੁਕਾ ਆਏ

[ਸਰਦਾਰਾਂ ਨੂੰ ਜਗੀਰਾਂ ਇਨਾਮ]

ਏਸੁ ਖੁਸ਼ੀ ਦੇ ਵਿਚ ਮਹਾਰਾਜ ਜੀ ਨੇ ਬੜੀ·ਭਾਰੀ ਇਕ ਸਭਾ ਲਗਾਈ ਹੈ ਜੇ
ਅਠ ਦਿਨ ਲਾਹੌਰ ਨੇ ਰਹੇ ਜਲਸੇ ਬੜੀ ਖੁਸ਼ੀ ਮਹਾਰਾਜ ਮਨਾਈ ਹੈ ਜੇ
ਧਨ ਵੰਡਿਆਂ ਗਰੀਬਾਂ ਨੂੰ ਰੌਸ਼ਨੀ ਵੀ ਅਮ੍ਰਿਤਸਰ ਲਾਹੌਰ ਕਰਾਈ ਹੈ ਜੇ
ਮਹਾਰਾਜ ਨੇ ਸਭਨਾਂ ਸਰਦਾਰਾਂ ਸੰਦੀ ਬੜੀ ਭਾਰੀ ਹੁਣ ਇੱਜ਼ਤ ਵਧਾਈ ਹੈ ਜੇ
ਕੰਠੇ ਕੜੇ ਇਨਾਮ ਨੇ ਬੜੇ ਦਿਤੇ ਨਾਲੇ ਸਭ ਦੀ ਜਗੀਰ ਲਗਾਈ ਹੈ ਜੇ
ਨਾਲੇ ਕਿਹਾ ਮਹਾਰਾਜ ਨੇ ਬਿਸ਼ਨ ਸਿੰਘਾ ਐ ਖਾਲਸਾ ਧੰਨ ਕਮਾਈ ਹੈ ਜੇ

[ਮੁਜ਼ਫਰ ਖਾਂ ਦੇ ਪੁਤਰਾਂ ਨੂੰ ਜਗੀਰ ਦੇਣੀ]

ਦੋ ਪੁਤਰ ਨੁਵਾਬ ਮੁਜ਼ਫਰ ਖਾਂ ਦੇ ਜੇਹੜੇ ਫੜੇ ਲਾਹੌਰ ਨੇ ਆ ਗਏ
ਸਰਫ ਰਾਜ਼ ਖਾਂ ਤੇ ਜ਼ੁਲਫ ਕਾਰ ਖਾਂ ਹੈ ਪਜਾਰ ਦੇਕੇ ਪਾਸ ਟਿਕਾ ਲਏ
ਸਰਕ ਪੁਰ ਨੌਲੱਖੇ ਦਾ ਪਰਗਣਾ ਜੋ ਨਾਂ ਏਨਾ ਜਗੀਰ ਨੇ ਲਾ ਲਏ
ਮਹਾਰਾਜ ਨੇ ਤਰਸ ਕਰ ਬਿਸ਼ਨ ਸਿੰਘਾ ਆਪਣੇ ਪਾਸ ਲਾਹੌਰ ਵਸਾ ਲਏ

[ਮਹਾਰਾਜ ਨੇ ਮੁਲਤਾਨ ਦੇ ਇਲਾਕੇ ਦਾ ਬੰਦੋਬਸਤ ਕਰਨਾ]

ਮਹਾਰਾਜ ਨੇ ਬਾਬੂ' ਬਾਜ ਸਿੰਘ ਨੂੰ ਸੂਬਾ ਕਰ ਮੁਲਤਾਨ ਬਹਾ ਲਿਆ
ਖੱਤ੍ਰੀ ਸੁਖ ਦਿਆਲ ਦੀਵਾਨ ਕਰਕੇ ਬਾਜ ਸਿੰਘ ਦੇ ਪਾਸ ਟਿਕਾ ਲਿਆ
ਜਮਾਂਦਾਰ ਸਰੰਦਾਰ ਖੁਸ਼ਾਲ ਸਿੰਘ ਨੂੰ ਮੁਜਫਰ ਗੜ ਦਾ ਹਾਕਮ ਬਣਾ ਲਿਆ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲਾ ਖਾਂਨਗੜ ਦੇ ਵਿਚ ਵਸਾ ਲਿਆ
ਆਲੂਵਾਲੀਏ ਵੀ ਫਤੇ ਸਿੰਘ ਤਾਈਂ ਬਖਸ਼ ਦਿਤਾ ਤੁਲੰਭਾ ਸੁਣਾ ਲਿਆ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਆਪਣੇ ਸਿੰਘਾਂ ਦਾ ਮਾਨ ਵਧਾ ਲਿਆ

[ਡੋਗਰਿਆਂ ਦਾ ਹਾਲ]

ਇਕ ਧਾੜਵੀ ਡੋਗਰਾ ਮੀਆਂ ਡੀਡੋ ਸੂਰ ਬੀਰ ਮਸ਼ਹੂਰ ਜਵਾਨ ਸੀ ਜੀ
ਨਾਲ ਰੱਖਦਾ ਦੋ ਹਜ਼ਾਰ ਡਾਕੂ ਕਰਦਾ ਦੇਸ ਨੂੰ ਲੁਟ ਵੈਰਾਨ ਸੀ ਜੀ
ਉਸਦੇ ਫੜਨ ਨੂੰ ਆਪ ਸਰਕਾਰ ਜੀ ਨੇ ਕੀਤੇ ਬੜੇ ਉਪਾਇ ਮਹਾਨ ਸੀ ਜੀ
ਐਪਰ ਓਸਨੇ ਡਾਹ ਨਾ ਮੂਲ ਦਿੱਤੀ ਮਹਾਰਾਜ ਫਿਰ ਹੋਏ ਹੈਰਾਨ ਸੀ ਜੀ

ਠੀਕ ਲੋਹੇ ਨੂੰ ਲੋਹਾ ਹੀ ਕੱਟਦਾ ਹੈ ਲਿਆ ਇਹ ਸਰਕਾਰ ਨੇ ਜਾਨ ਸੀ ਜੀ
ਫੌਜ ਡੋਗਰਜਾਂ ਦੀ ਬੜੀ ਭਰਤੀ ਕਰਕੇ ਮੀਏਂ ਮੋਟੇ ਨੂੰ ਕਿਹਾ ਬਖਾਨ ਸੀ ਜੀ
ਡੀਡੋ ਡੋਗਰੇ ਦਾ ਬੰਦੋਬਸਤ ਕਰਨਾ ਮੀਏਂ ਮੋਟੇ ਨੇ ਲਿਆ ਇਹ ਮਾਨ ਸੀ ਜੀ
ਏਸੇ ਡੋਗਰੇ ਭਰਤੀ ਦੇ ਵਿਚ ਆਕੇ ਰਿਹਾ ਨੌਕਰ ਕਿਸ਼ੋਰਾ ਸਿੰਘ ਆਨ ਸੀ ਜੀ
ਧਜਾਨ ਸਿੰਘ ਗੁਲਾਬ ਸਿੰਘ ਸੁਚੇਤ ਸਿੰਘਾ ਤਿੰਨ ਏਸਦੇ ਪੁਤਰ ਪਛਾਨ ਸੀ ਜੀ
ਇਹ ਵੀ ਨੌਕਰ ਸਰਕਾਰ ਨੇ ਰੱਖ ਲੀਤੇ ਅਕਲ ਵਿਦਜਾ ਵਿਚ ਸੁਜਾਨ ਸੀ ਜੀ
ਕੰਮ ਏਨ੍ਹਾਂ ਦਾ ਦੇਖਕੇ ਬਿਸ਼ਨ ਸਿੰਘਾ ਮਹਾਰਾਜ ਤਾਂ ਹੋਇ ਕੁਰਬਾਨ ਸੀ ਜੀ

[ਤਥਾ]

ਸਜਾਣਾ ਲੈਕ ਪਛਾਣ ਕਿਸ਼ੋਰਾ ਸਿੰਘ ਨੂੰ ਜਮਾਦਾਰ ਮਹਾਰਾਜ ਬਣਾ ਲਿਆ
ਤਿੰਨਾਂ ਪੁਤਰਾਂ ਇਸਦੇ ਸਿਆਣਿਆਂ ਨੂੰ ਅਪਣੀ ਅੜਦਲ ਦੇ ਵਿਚ ਟਿਕਾ ਛਿਆ
ਭਾਵੇਂ ਤਿੰਨਾਂ ਹੀ ਏਹਨਾਂ ਸਿਆਣਿਆਂ ਨੇ ਬੜਾ ਅਦਬ ਅਦਾਬ ਵਜਾ ਲਿਆ
ਔਪਰ ਵਧ ਕੇ ਸਭ ਤੋਂ ਧਜਾਨ ਸਿੰਘ ਨੇ ਮੋਹ ਨਾਲ ਸਰਕਾਰ ਦੇ ਪਾ ਲਿਆ
ਐਸੀ ਏਸ ਦਨਾਈ ਚਤਰਾਈ ਕਰਕੇ ਮਹਾਰਾਜ ਨੂੰ ਹੈ ਭੁਲਾ ਲਿਆ
ਮਹਾਰਾਜ ਨੂੰ ਚੰਗਾ ਹੈ ਲੱਗਣ ਲੱਗਾ ਮਹਾਰਾਜ ਨੇ ਹੁਕਮ ਸੁਣਾ ਲਿਆ
ਜਮਾਦਾਰੀ ਮੈਂ ਡੇਉਢੀ ਦੀ ਬਖਸ਼ੀ ਤੈਨੂੰ ਮਹਾਰਾਜ ਨੇ ਹੈ ਅਲਾ ਲਿਆ
ਦੇਕੇ ਦਸ ਹਜ਼ਾਰ ਜਗੀਰ ਨਾਲੇ ਬਿਸ਼ਨ ਸਿੰਘ ਹੈ ਪਾਸ ਬਹਾ ਲਿਆ

[੨੦ ਨਵੰਬ੍ਰ ਸੰ: ੧੮੭੫ ਬਿ: ਵਿਚ ਕਾਬਲ ਦੇ ਪਾਤਸ਼ਾਹਾਂ ਦੀ ਫੁਟ ਦਾ ਹਾਲ]

ਪਾਪੀ ਫਤੇ ਮੁਹੰਮਦ ਵਜ਼ੀਰ ਨੇ ਜੀ ਸ਼ਾਹਜਮਾਨ ਜੋ ਅੰਨ੍ਹ ਬਣਾਇਆ ਏ
ਆਪ ਰੱਬ ਨੇ ਸੋਹਣਾ ਇਨਸਾਫ ਕਰਕੇ ਓਸ ਪਾਪ ਦਾ ਫਲ ਭੁਗਾਇਆ ਏ
ਹੁਣ ਆਪ ਕਾਮਰਾਨ ਸ਼ਾਹਜ਼ਾਦੇ ਆਕੇ ਅੰਨ੍ਹਾ ਕਰਕੇ ਏਨੂੰ ਬਹਾਇਆ ਏ
ਲੂਣ ਪਾਕੇ ਨਿੰਬੂ ਨਿਚੋੜ ਕਰਕੇ ਦੋਹੀਂ ਅੱਖੀਂ ਵਜ਼ੀਰ ਦੀ ਪਾਇਆ ਏ
ਇਕ ਹਾਲ ਸਰਕਾਰ ਨੇ ਇਹ ਸੁਣਿਆਂ ਕਿਸੇ ਕਾਬਲੋਂ ਆ ਸੁਣਾਇਆ ਏ
ਫੇਰ ਸੁਣਿਆਂ ਮੁਹੰਮਦ ਅਜ਼ੀਮ ਖਾਂ ਜੋ ਸੂਬਾ ਜੇਹੜਾ ਕਸ਼ਮੀਰ ਸਦਾਇਆ ਏ
ਸਕੇ ਭਾਈ ਸੁ ਆਪਣੇ ਜੱਬਾਰ ਖਾਂ ਨੂੰ ਹਾਕਮ ਕਰ ਕਸ਼ਮੀਰ ਟਿਕਾਇਆ ਏ
ਕਾਮਰਾਨ ਨੂੰ ਕਢਿਆ ਕਾਬਲੋਂ ਆ ਅਯੂਬ ਖਾਂ ਨੂੰ ਤਖਤ ਬੈਠਾਇਆ ਏ
ਸੁਣਕੇ ਹਾਲ ਇਹ ਕਾਬਲ ਦਾ ਬਿਸ਼ਨ ਸਿੰਘਾ ਮਹਾਰਾਜ ਅਨੰਦ ਮਨਾਇਆ ਏ

[੧੬ ਮੱਘਰ ਸੰ: ੧੮੭੫ ਬਿ: ਨੂੰ ਮਹਾਰਾਜ ਨੇ ਪਸ਼ੌਰ ਫਤੇ ਕਰਨਾ]

ਮਹਾਰਾਜ ਲਾਹੌਰੋਂ ਤਿਆਰ ਹੋਕੇ ਘੋੜੇ ਵਲ ਪਸ਼ੌਰ ਦੁੜਾ ਆਏ
ਅਟਕ ਪਾਸ ਪਠਾਣ ਜੋ ਹੱਕਰੇ ਆ ਵਾਂਗ ਬੱਦਲਾਂ ਸਭ ਉਡਾ ਆਏ
ਇੱਕੀ ਮੱਘਰ ਨੂੰ ਵੜੇ ਪਸ਼ੌਰ ਆਕੇ ਤੁਰਕ ਡਰਕੇ ਕਾਬਲ ਨੂੰ ਧਾ ਆਏ
ਸੂਬਾ ਯਾਰ ਮੁਹੰਮਦ ਵੀ ਨੱਸ ਗਿਆ ਬਾਕੀ ਰਹੇ ਜੋ ਸਿਰ ਨਿਵਾ ਆਏ
ਫੀਰੋਜ਼ ਖਾਂ ਤੇ ਖੁਤਕ ਰਈਸ ਆਦਿਕ ਨਾਲੇ ਚੌਧਰੀ ਸਿਰ ਝੁਕਾ ਆਏ

ਨਜ਼ਰਾਂ ਲੈ ਮਹਾਰਾਜ ਨੂੰ ਮਿਲੇ ਆਕੇ ਅਸੀ ਆਪ ਦੇ ਹਾਂ ਸੁਣਾ ਆਏ
ਜਹਾਂਦਾਦ ਖਾਂ ਸੂਬਾ ਪਸ਼ੌਰ ਅੰਦਰ ਮਹਾਰਾਜ ਨੇ ਆਪ ਬਣਾ ਆਏ
ਬੰਦੋਬਸਤ ਇਲਾਕੇ ਪਸ਼ੌਰ ਮੰਦਾ ਮਹਾਰਾਜ ਨੇ ਕਰ ਕਰਾ ਆਏ
ਸੌਲਾਂ ਤੋਪਾਂ ਜੋ ਬਹੁਤ ਹੀ ਚੰਗੀਆਂ ਸਨ ਇਹ ਲੈ ਪਸ਼ੌਰੋਂ ਰਿੜਾ ਆਏ
ਹੋਰ ਬਹੁਤ ਅਸਬਾਬ ਲੈ ਬਿਸ਼ਨ ਸਿੰਘਾ ਘੋੜੇ ਵਲ ਲਾਹੌਰ ਨਠਾ ਆਏ

[ਯਾਰ ਮੁਹੰਮਦ ਖਾਂ ਨੇ ਫੇਰ ਪਸ਼ੌਰ ਮਲ ਲੈਣਾ]

ਅਜੇ ਅਟਕ ਮਹਾਰਾਜ ਵੀ ਨਹੀਂ ਟਪੇ ਕਿਸੇ ਆਣ ਕੇ ਹਾਲ ਸੁਣਾਯਾ ਹੈ ਜੇ
ਸੂਬੇ ਯਾਰ ਮੁਹੰਮਦ ਨੇ ਜ਼ੋਰ ਦੇਕੇ ਫੇਰ ਆ ਪਸ਼ੌਰ ਦਬਾਯਾ ਹੈ ਜੇ
ਯੂਸਫਜ਼ਈ ਪਠਾਣਾ ਤੇ ਬਾਰਕਜ਼ਈ ਮੱਦਦ ਆਪਣੇ ਨਾਲ ਲਿਆਯਾ ਹੈ ਜੇ
ਜਹਾਂਦਾਦ ਖਾਂ ਨਗ਼ਰ ਪਹਾੜ ਵੰਨੀ ਨਠ ਗਿਆ ਪਸ਼ੌਰ ਛੁਡਾਯਾ ਹੈ ਜੇ
ਇਹ ਗਲ ਵਕੀਲਾਂ ਤੋਂ ਸੁਣ ਕਰਕੇ ਗੁਸਾ ਬੜਾ ਮਹਾਰਾਜ ਨੇ ਖਾਯਾ ਹੈ ਜੇ
ਦਮੋਦਰ ਮਲ ਤੇ ਰੂਹ ਅੱਲਾ ਖਾਂ ਨੂੰ ਆਪ ਯਾਰ ਮੁਹੰਮਦ ਪਠਾਯਾ ਹੈ ਜੇ
ਤਾਬੇਦਾਰ ਮੈਂ ਆਪ ਦਾ ਰਹਾਂ ਹੋਕੇ ਸੁਲਾ ਕਰ ਲੌ ਇਹ ਆ ਲਾਯਾ ਹੈ ਜੇ
ਬਹੁਤ ਝਿੜਕਿਆ ਅਗੋਂ ਵਕੀਲਾਂ ਤਾਈਂ ਜਿਨਾਂ ਆਨ ਇਹ ਹਾਲ ਬਤਾਯਾ ਹੈ ਜੇ
ਦਲ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਖੜਗ ਸਿੰਘ ਦੇ ਨਾਲ ਚੜ੍ਹਾਯਾ ਹੈ ਜੇ
ਪੰਜ ਪਲਟਣਾਂ ਦੋ ਲੈ ਤੋਪਖਾਨੇ ਖੜਗ ਸਿੰਘ ਪਸ਼ੌਰ ਨੂੰ ਧਾਯਾ ਹੈ ਜੇ
ਜਦੋਂ ਫੌਜ ਇਹ ਵਲ ਪਸ਼ੌਰ ਆਈ ਸੂਬਾ ਅਗੋਂ ਪਸ਼ੌਰ ਕੰਬਾਯਾ ਹੈ ਜੇ
ਹੁੰਡੀ ਭੇਜ ਪੰਜਾਹ ਹਜ਼ਾਰ ਸੰਦੀ ਸੂਬੇ ਆਪਣਾ ਆਪ ਬਚਾਯਾ ਹੈ ਜੇ
ਨਾਲੇ ਘੋੜੇ ਪੰਜਾਹ ਅਜੈਬ ਭੇਜੇ ਨਾਲੇ ਨਜ਼ਰਾਂ ਦਾ ਢੇਰ ਅਲਾਯਾ ਹੈ ਜੇ
ਇਕ ਲੱਖ ਰੁਪੱਯਾ ਸਾਲਾਨਾ ਦੇਣਾ ਅਗੇ ਵਾਸਤੇ ਇਹ ਲਿਖਾਯਾ ਹੈ ਜੇ
ਮੰਨ ਗਏ ਸਰਦਾਰ ਫਿਹ ਗਲ ਸਾਰੀ ਸੂਬਾ ਏਹੋ ਹੀ ਫੇਰ ਬਣਾਯਾ ਹੈ ਜੇ
ਪੰਜੇ ਸਾਹਿਬ ਦੇ ਦਰਸ ਕਰ ਖਾਲਸੇ ਨੇ ਰਾਵਲ ਪਿੰਡੀ ਆ ਡੇਰਾ ਲਗਾਯਾ ਹੈ ਜੇ
ਫਤੇ ਕਰ ਪਸ਼ੌਰ ਨੂੰ ਬਿਸ਼ਨ ਸਿੰਘਾ ਮਹਾਰਾਜ ਨੇ ਸੂਬਾ ਨਿਵਾਇਆ ਹੈ ਜੇ

[ਸ਼ਾਹਸ਼ੁਜਾ ਨੇ ਪਸ਼ੌਰ ਤੇ ਹੱਲਾ ਕਰਨਾ ਤੇ ਹਾਰਨਾ]

ਖੱਟਪਟੀ ਪਸ਼ੌਰ ਦੀ ਇਹ ਸੁਣਕੇ ਸ਼ਾਹਸ਼ੁਜਾ ਵੀ ਚਾ ਕਰ ਆ ਗਿਆ
ਸ਼ਾਹ ਪੁਰ ਦੇ ਸਿੰਘਾਂ ਤੋਂ ਆ ਕਰਕੇ ਮਾਰ ਖਾਕੇ ਹਾਰ ਹੈ ਖਾ ਗਿਆ
ਦਲ ਸਿੰਘ ਸਰਦਾਰ ਨੇ ਭੇਜਿਆ ਸੀ ਸ਼ਾਹ ਪੁਰ ਨੂੰ ਸ਼ਾਹ ਹੈ ਧਾ ਗਿਆ
ਦਲ ਸਿੰਘ ਨਾ ਪੁਜਿਆ ਸ਼ਾਹ ਪੁਰ ਸੀ ਸ਼ਾਹ ਅਗੋਂ ਹੀ ਨਠ ਨਠਾ ਗਿਆ
ਲੁਦਿਹਾਣੇ ਜਾ ਬੈਠਾ ਹੈ ਬਿਸ਼ਨ ਸਿੰਘਾ ਚਾ ਆਪਣਾ ਜੰਗ ਦਾ ਲਾਹ ਗਿਆ

[ਬਿਲਾਸ ਪੁਰ ਦਾ ਹਾਲ]

ਏਸੇ ਸਾਲ ਮਜੀਠੀਏ ਦੇਸਾ ਸਿੰਘ ਨੇ ਮਹਾਰਾਜ ਦਾ ਹੁਕਮ ਵਜਾ ਕਰਕੇ
ਕਰ ਲਿਆ ਪਹਾੜੀਆਂ ਰਾਜਿਆਂ ਤੋਂ ਮਹਾਰਾਜ ਦਾ ਹੁਕਮ ਸੁਣਾ ਕਰਕੇ

ਬਲਾਸ ਪੁਰੀਏਨੇ ਅਗੋਂ ਇਨਕਾਰ ਕੀਤਾ ਆਪਣਾ ਇਸਤਰਾਂ ਹਾਲ ਅਲਾ ਕਰਕੇ
ਸਤਲੁਜ ਪਾਰ ਉਰਾਰ ਇਲਾਕਾ ਮੇਰਾ ਕੀਕੂੰ ਦਿਆਂ ਮੈਂ ਕਰ ਗਿਣਾ ਕਰਕੇ
ਸੰਸਾਰ ਚੰਦ ਨੂੰ ਨਾਲ ਲੈ ਚੜ੍ਹ ਆਯਾ ਦੇਸਾ ਸਿੰਘ ਹੈ ਗੁੱਸੇ ਨੂੰ ਖਾ ਕਰਕੇ
ਪੱਚਰੋਤਾ, ਬਨੌਲੀ, ਮਕਾਲ ਗੜ੍ਹ ਜੋ ਜਿੱਤੇ ਤਿੰਨੇ ਇਹ ਕਿਲੇ ਬਣਾ ਕਰਕੇ
ਪਾਰ ਸਤਲੁਜੋਂ ਕਿਲੇ ਇਹ ਤਿੰਨ ਹੈਸਨ ਫੇਰ ਚੜੇ ਬਿਲਾਸ ਪੁਰ ਧਾ ਕਰਕੇ
ਬਿਲਾਸ ਪੁਰੀਏ ਨੂੰ ਫੇਰ ਆ ਦੇਸਾ ਸਿੰਘ ਨੇ ਘੇਰ ਲਿਆ ਬਿਲਾਸਪੁਰ ਜਾ ਕਰਕੇ
ਬਿਲਾਸ ਪੁਰੀਏ ਫਰਯਾਦ ਅੰਗ੍ਰੇਜ਼ਾਂ ਅਗੇ ਲੁਧਿਹਾਣੇ ਵਿਚ ਕੀਤੀ ਹੈ ਆ ਕਰਕੇ
ਗੁਰਨਮੈਂਟ ਸਰਕਾਰ ਲਾਹੌਰ ਕੋਲੋਂ ਕਾਰਨ ਪੁਛਿਆ ਇਹ ਲਿਖਾ ਕਰਕੇ
ਏਸ ਗਲ ਦੀ ਖਬਰ ਨਾ ਕੋਈ, ਮੈਨੂੰ ਮਹਾਰਾਜ ਨੇ ਕਿਹਾ ਬਤਾ ਕਰਕੇ
ਅਗੇ ਵਾਸਤੇ ਐਸਾ ਨਾ ਕਦੀ ਹੋਵੇ ਬਿਸ਼ਨ ਸਿੰਘ ਹੈ ਲਿਆ ਮਨਾ ਕਰਕੇ

[ਮਹਾਰਾਜ ਨੇ ਕਸ਼ਮੀਰ ਨੂੰ ਫਤੇ ਕਰਨਾ]

ਜਦੋਂ ਹੋਂਵਦਾ ਰਬ ਦਿਆਲ ਆਕੇ ਤਦੋਂ ਦੇਂਵਦਾ ਰਿਜਕ ਬੁਲਾਕੇ ਜੀ
ਏਸੇ ਸਾਲ ਕਸ਼ਮੀਰ ਹੈ ਵਿਗੜ ਬੈਠਾ ਦਿਆਂ ਸਾਰਾ ਮੈਂ ਹਾਲ ਸੁਣਾਕੇ ਜੀ
ਜੱਬਾਰ ਖਾਂ ਨਵਾਬ ਕਸ਼ਮੀਰ ਕੋਲੋਂ ਬੀਰ ਬਲ ਆਯਾ ਗੁਸਾ ਖਾਕੇ ਜੀ
ਮਹਾਰਾਜ ਨੂੰ ਆ ਲਾਹੌਰ ਮਿਲਿਆ ਦਿਤਾ ਘਰ ਦਾ ਭੇਤ ਬਤਾਕੇ ਜੀ
ਮੈਂ ਰਾਜ ਕਸ਼ਮੀਰ ਦਾ ਲੈ ਦਿਆਂ ਕਿਹਾ ਪੰਡਤ ਨੇ ਵਜ ਵਜਾਕੇ ਜੀ
ਮਹਾਰਾਜ ਨੇ ਸੁਣ ਕੇ ਖੁਸ਼ੀ ਹੋਏ ਦਿਤਾ ਰੱਬ ਸਬੱਬ ਬਣਾਕੇ ਜੀ
ਬੀਰ ਬਲ ਜੋ ਭਿੰਬਰ ਰਜੌਰੀ ਵਾਲੇ ਆਯਾ ਸਾਰੇ ਹੀ ਰਾਜੇ ਮਨਾਕੇ ਜੀ
ਇਹ ਸਾਰੇ ਹੀ ਆਪਦੀ ਵਲ ਹੈਗੇ ਮਹਾਰਾਜ ਨੂੰ ਕਿਹਾ ਅਲਾਕੇ ਜੀ
ਬੀਰਬਲ ਨੇ ਰਾਜੇ ਪਹਾੜੀਆਂ ਤੋਂ ਲਈਆਂ ਚਿੱਠੀਆਂ ਹੈਣ ਮੰਗਾਕੇ ਜੀ
ਮਹਾਰਾਜ ਨੂੰ ਦਿਤੀਆਂ ਬਿਸ਼ਨ ਸਿੰਘਾ ਚਲੋ ਤੁਸੀ ਕਸ਼ਮੀਰ ਨੂੰ ਧਾਕੇ ਜੀ

[੮ ਵੈਸਾਖ ਸੰਨ ੧੮੭੬ ਬਿਃ ਨੂੰ ਮਹਾਰਾਜ ਨੇ ਕਸ਼ਮੀਰ ਤੇ ਚੜ੍ਹਾਈ ਕਰਨੀ]

ਆਸ ਪਾਸ ਦੇ ਸਿਖਾਂ ਸਰਦਾਰਾਂ ਤਾਈਂ ਕਿਹਾ ਝਟ ਤਿਆਰ ਹੋ ਆਵਣਾ ਜੇ
ਆਪੋ ਆਪਣੀ ਫੌਜ ਸਮੇਤ ਤੁਸੀ ਵਜ਼ੀਰਾ ਬਾਦ ਜਾ ਡੇਰਾ ਲਗਾਵਣਾ ਜੇ
ਜਫਰ ਜੰਗ ਹੁਣ ਮਿਸਰ ਦੀਵਾਨ ਚੰਦ ਨੂੰ ਨਾਲੇ ਆਖਿਆ ਤੁਸਾਂ ਵੀ ਜਾਵਣਾ ਜੇ
ਫੌਜ ਦਸ ਹਜ਼ਾਰ ਦੇ ਖੜਗ ਸਿੰਘ ਨੂੰ ਮਹਾਰਾਜ ਨੇ ਆਖਿਆ ਧਾਵਣਾ ਜੇ
ਓਧਰ ਭਿੰਬਰ ਰਜੌਰੀ ਦੇ ਰਾਜਿਆਂ ਨੂੰ ਮਹਾਰਾਜ ਨੇ ਆਪ ਸੁਨਾਵਣਾ ਜੇ
ਮੇਰੀ ਫੌਜ ਹੈ ਤੁਸਾਂ ਦੇ ਵਲ ਆਈ ਤੁਸਾਂ ਖਿਆਲ ਦੇ ਨਾਲ ਲੰਘਾਵਣਾ ਜੇ
ਮੱਦਤ ਭਾਰ ਬਰਦਾਰੀ ਤੇ ਰਸਦ ਦੀ ਦੇ ਤੁਸਾਂ ਵਲ ਕਸ਼ਮੀਰ ਪਹੁੰਚਾਵਣਾ ਜੇ
ਆਪੋ ਆਪਣੇ ਤੁਸਾਂ ਇਲਾਕਿਆਂ ਤੋਂ ਨਾਲ ਤੁਰਕੇ ਰਾਹ ਬਤਾਵਣਾ ਜੇ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਈਕੂੰ ਕੀਤਾ ਇਹ ਦਲ ਚੜ੍ਹਾਵਣਾ ਜੇ

{ ੧੪ ਵੈਸਾਖ ਨੂੰ ਮਹਾਰਾਜ ਨੇ ਆਪ ਵੀ ਵਜ਼ੀਰਾਬਾਦ ਪਹੁੰਚਕੇ
ਸਾਰੀ ਫੌਜ ਦੇਖਣੀ ਤੇ ਅਗਰ ਖਾਂ ਭਿੰਬਰ ਵਾਲੇ ਨੂੰ ਸੋਧਣਾ }

ਵਜ਼ੀਰਾਬਾਦ ਸਰਦਾਰ ਨੇ ਆਪ ਆਕੇ ਸਾਰੇ ਦਲ ਨੂੰ ਵੇਖ ਵਿਖਾ ਲਿਆ
ਓਧਰ ਖਾਲਸੇ ਪੰਥ ਨੇ ਤਿਆਰ ਹੋਕੇ ਭਿੰਬਰ ਵਿੱਚ ਆ ਡੇਰਾ ਲਗਾ ਲਿਆ
ਅਗਰ ਖਾਂ ਬੈਠਾ ਵਿਗੜ ਨਾਲ ਸਿੰਘਾਂ ਓੜਕ ਮਾਰ ਖਾ ਨਠ ਨਠਾ ਗਿਆ
ਇਸਦੇ ਪੁਤਰ ਰਹੀਮਲਾ ਖਾਂ ਤਾਈਂ ਸਿੰਘਾਂ ਗੱਦੀ ਦੇ ਉਤੇ ਬਹਾ ਲਿਆ
ਨਾਲੇ ਨਾਲ ਰਲਾ ਮਿਲਾ ਲਿਆ ਮੱਦਤਗਾਰ ਹੈ ਆਪਣਾ ਬਣਾ ਲਿਆ
ਸਤ ਜੇਠ ਨੂੰ ਸਿੰਘਾਂ ਬਹਿਰਾਮ ਗਲਾ ਟਪ, ਅਗੇ ਹੈ ਦਲ ਲੰਘਾ ਲਿਆ
ਪੁਣਛ ਵਾਲੇ ਅਮੀਰ ਮੁਹੰਮਦ ਖਾਂ ਨੇ ਦੇਖ ਆਪਣਾ ਦਾ ਹੈ ਲਾ ਲਿਆ
ਮੁਹੰਮਦ ਅਲੀ, ਸੋਪੀਨ ਦੇ ਹਾਕਮਾਂ ਨੇ ਰਲ ਮਿਲਕੇ ਜੰਗ ਮਚਾ ਲਿਆ
ਓੜਕ ਖਾਲਸੇ ਪੰਥ ਨੇਂ ਸਾਰਿਆਂ ਨੂੰ ਆਕੇ ਆਪਣਾ ਹੁਕਮ ਮਨਾ ਲਿਆ
ਈਨ ਮੰਨੀ ਹੈ ਦੋਹਾਂ ਨੇ ਬਿਸ਼ਨ ਸਿੰਘਾ, ਸਿੰਘਾਂ ਦੋਹਾਂ ਨੂੰ ਖੂਬ ਦਬਾ ਲਿਆ

[ਮਿਸਰ ਨੇ ਫੌਜ ਦੇ ੩ ਹਿਸੇ ਕਰਕੇ ਕਸ਼ਮੀਰ ਨੂੰ ਤੋਰਨਾਂ]

ਸਾਰੀ ਫੌਜ ਨੂੰ ਮਿਸਰ ਦੀਵਾਨ ਚੰਦ ਨੇ ਤਿੰਨ ਹਿਸੇ ਹੁਣ ਚਾ ਬਣਾਇਆ ਏ
ਇਕ ਹਿਸੇ ਨੂੰ ਪੀਰ ਪੰਜਾਲ ਰਸਤੇ ਛੇਤੀ ਜਾਂਵਣਾ ਇਹ ਸੁਣਾਇਆ ਏ
ਤੋਪਾਂ ਛੋਟੀਆ ਥੋੜਾ ਅਸਬਾਬ ਦੇ ਕੇ ਰਾਹ ਪੀਰ ਪੰਜਾਲ ਦੁੜਾਇਆ ਏ
ਦੂਜੇ ਹਿਸੇ ਨੂੰ ਮਿਸਰ ਦੀਵਾਨ ਚੰਦ ਨੇ ਫੇਰ ਦੂਸਰੇ ਰਾਹ ਨੂੰ ਪਾਇਆ ਏ
ਤੀਜੇ ਹਿਸੇ ਨੂੰ ਆਪਣੇ ਨਾਲ ਲੈਕੇ ਸਭਨਾਂ ਫੌਜਾਂ ਨੂੰ ਹੁਕਮ ਅਲਾਇਆ ਏ
ਵਾਦੀ ਵਿਚ ਮਦਾਨ ਦੇ ਕੱਠੇ ਹੋਣਾ ਹਰ ਇਕ ਨੂੰ ਇਹ ਬਤਾਇਆ ਏ

[ਪੀਰ ਪੰਜਾਲ ਦੀ ਲੜਾਈ ਤੇ ਤਿਨਾਂ ਹਿੱਸਿਆਂ ਦਾ ਕਸ਼ਮੀਰ ਪਹੁੰਚਣਾਂ]

ਚੋਟੀ ਪੀਰ ਪੰਜਾਲ ਦੀ ਲੰਘ ਕਰਕੇ ਬਹਿਰੀ ਨਾਗ ਤੇ ਫੌਜ ਹੈ ਆ ਗਈ
ਦੜ ਵੱਟਕੇ ਬੈਠੀ ਜੋ ਫੌਜ ਓਥੇ ਐਲੀ ਐਲੀ ਕਰ ਗਲ ਹੈ ਆ ਪਈ
ਸਾਰਾ ਦਿਨ ਲੜਾਈ ਮਹਾਨ ਹੋਈ ਸੂਰਮਤਾਈ ਹੈ ਦੋਹਾਂ ਵਿਖਾ ਲਈ
ਦਿਨ ਥੋੜੇ ਜਹੇ ਰਹਿੰਦਿਆਂ ਖਾਲਸੇ ਨੇ ਫੇਰ ਵਾਹਿਗੁਰੂ ਫਤੇ ਬੁਲਾ ਲਈ
ਧੂਹ ਲਈਆਂ ਭਗੌਤੀਆਂ ਸਾਰਿਆਂ ਨੇ ਸਾਰੀ ਫੌਜ ਪਠਾਣੀ ਦਬਾ ਲਈ
ਪੰਜ ਘੜੀ ਤਾਂ ਦਬਕੇ ਖਾਲਸੇ ਨੇ ਰੱਜ ਰੱਜ ਕੇ ਚੰਡੀ ਖੜਕਾ ਲਈ
ਉਤੇ ਲੋਥਾਂ ਦੇ ਲੋਥ ਚ[illegible] ਲਈ ਸੂਹੀ ਧਰਤੀ ਨੂੰ ਚੁੰਨੀ ਪਹਿਰਾ ਲਈ
ਓੜਕ ਨਠਨੇ ਗਏ ਪਠਾਣ ਸਾਰੇ ਫਤੇ ਖਾਲਸੇ ਪੰਥ ਨੇ ਪਾ ਲਈ
ਡੇਰਾ ਡੰਡਾ ਪਠਾਣਾ ਦਾ ਲੁਟ ਕਰਕੇ ਫੇਰ ਅਗੇ ਨੂੰ ਫੌਜ ਵਧਾ ਲਈ
ਦਸ ਜੇਠ ਨੂੰ ਅਲੀ ਸਰਾਂ ਅਗੇ ਦੂਜੀ ਫੌਜ ਨੇ ਫਤੇ ਹੈ ਜਾ ਲਈ
ਤੇਰਾਂ ਜੇਠ ਨੂੰ ਵਾਦੀ ਮਦਾਨ ਆਕੇ ਓਨਾਂ ਲਸ਼ਕਰਾਂ ਫਤੇ ਗਜਾ ਲਈ
ਸੱਤ੍ਹਾਂ ਹਾੜ ਨੂੰ ਵੜੇ ਕਸ਼ਮੀਰ ਆਕੇ ਬਿਸ਼ਨ ਸਿੰਘ ਇਹ ਮਾਲੀ ਹੈ ਆ ਲਈ

[ਸੋਪੀਨ ਦਾ ਜੰਗ]

ਕਾਰ ਖਾਂ ਨੇ ਫੌਜ ਤੇ ਲੈ ਤੋਪਾਂ ਡੇਰੇ ਪਾਸ ਸ਼ੋਪੀਨ ਦੇ ਲਾਇ ਬੇਲੀ
ਏਧਰ ਖਾਲਸੇ ਵੀ ਝੰਡੇ ਗਡ ਕਰਕੇ ਆਪਣੇ ਮੋਰਚੇ ਅਗੇ ਵਧਾਇ ਬੇਲੀ
ਬੜਾ ਤੋਪਾਂ ਬੰਦੂਕਾਂ ਦਾ ਜੰਗ ਹੋਯਾ ਕਈ ਦਿਨ ਹੈ ਰਖਿਆ ਆਇ ਬੇਲੀ
ਵੀਹ ਹਾੜ ਨੂੰ ਉਠ ਸਵੇਰੇ ਓੜਕ ਫਤੇ ਸਿੰਘਾਂ ਨੇ ਲਈ ਝੁਲਾਇ ਬੇਲੀ
ਮਿਸਰ ਨਲੂਏ ਜਹੇ ਬਹਾਦਰਾਂ ਨੇ ਦਿੱਤਾ ਆਨ ਨਿਸ਼ਾਨ ਝੁਲਾਇ ਬੇਲੀ
ਬੜਾ ਨਾਲ ਪਠਾਣਾ ਮੁਠ ਭੇੜ ਕੀਤਾ ਦਬ ਦਬ ਕੇ ਮਾਰੂ ਵਜਾਇ ਬੇਲੀ
ਕਦਮ ਕਦਮ ਹੁਣ ਵਧਕੇ ਚੱਲੇ ਅਗੇ ਕਈਆਂ ਕੋਹਾਂ ਵਿਚ ਮੁਰਦੇ ਵਛਾਇ ਬੇਲੀ
ਏਸ ਧਰਤੀ ਨੂੰ ਚੁੰਨੀ ਸੁਹਾਗ ਸੰਦੀ ਦਿਤੀ ਖਾਲਸੇ ਪੰਥ ਪਹਿਰਾਇ ਬੇਲੀ
ਭਾਵੇਂ ਪਹਿਲੇ ਪਠਾਣਾਂ ਨੇ ਹਿੰਮਤ ਕਰਕੇ ਦਿਤਾ ਸਿੰਘਾਂ ਨੂੰ ਪਿਛੇ ਹਟਾਇ ਬੇਲੀ
ਦੋ ਤੋਪਾਂ ਵੀ ਸਿੰਘਾਂ ਦੀਆਂ ਖੋਹ ਲਈਆਂ ਦਿਤਾ ਆਪਣਾ ਜ਼ੋਰ ਦਿਖਾਇ ਬੇਲੀ
ਐਪਰ ਜਦੋਂ ਸਰਕਾਰ ਦਾ ਹੁਕਮ ਪਾਕੇ ਹਲਾ ਸ਼ੇਰੀ ਸਰਦਾਰਾਂ ਸੁਣਾਇ ਬੇਲੀ
ਫਿਰ ਤਾਂ ਸਿੰਘ ਨੇ ਐਡੇ ਦਲੇਰ ਹੋਏ ਦਿਤੇ ਵਧਕੇ ਹਥ ਵਿਖਾਇ ਬੇਲੀ
ਨਾਲ ਗੋਲਿਆਂ ਗੋਲੀਆਂ ਲਾਹੇ ਆਹੂ ਦਿਤੇ ਬਹੁਤ ਪਠਾਣ ਮੁਕਾਇ ਬੇਲੀ
ਹੱਡ ਭੰਨੇ ਪਠਾਣਾਂ ਦੇ ਖਾਲਸੇ ਨੇ ਨਾਲ ਗੋਲਿਆਂ ਚੰਗੇ ਬਣਾਇ ਬੇਲੀ
ਫੇਰ ਧੂਹ ਭਗੌਤੀਆਂ ਖਾਲਸੇ ਨੇ ਲਏ ਆਨ ਪਠਾਣ ਦਬਾਇ ਬੇਲੀ
ਸਿੰਘਾਂ ਕਈ ਹਜ਼ਾਰ ਪਠਾਣ ਆਕੇ ਦਿਤੇ ਤੇਗ ਦੇ ਘਾਟ ਲੰਘਾਇ ਬੇਲੀ
ਵਿਚ *ਜੰਗ ਦੇ ਭੰਗ ਪੀ ਸੁਤੇ ਐਸੇ ਅੰਗ ਫਰਕਿਆ ਨਾ ਦੂਜੇ ਦਾਇ ਬੇਲੀ
ਹੁਣ ਤਕ ਬਿਹੋਸ਼ ਨੇ ਪਏ ਐਸੇ ਕੋਈ ਸਕੇ ਨ ਆਣ ਉਠਾਇ ਬੇਲੀ

---

*ਏਸ ਜੰਗ ਵਿਚ ਵਜ਼ੀਰ ਫਤੇ ਖਾਂ ਦਾ ਬੇਟਾ ਮਹਿਰੋਲ ਖਾਂ ਤੇ ਅਮੀਰ ਖੁਰਮ ਖਾਂ, ਅਬਦੁਲ ਸਮੰਦ ਖਾਂ, ਬਖਸ਼ੀ ਜਾਨ ਮੁਹੰਮਦ ਖਾਂ ਆਦਿਕ ਬੜੇ ੨ ਨਾਮੀ ਸਰਦਾਰ ਮਾਰੇ ਗਏ, ਜੱਬਾਰ ਖਾਂ ਆਪ ਵੀ ਸਖਤ ਜ਼ਖਮੀ ਹੋਯਾ, ਬਾਕੀ ਦੇ ਪਠਾਣ ਜਾਨ ਬਚਾ ਨਸ ਦੌੜੇ ਤੇ ਸ਼ੇਰਸ਼ਾਹ ਦੇ ਕਿਲੇ ਵਿਚ ਜਾ ਘੁਸੇ ਦੂਜੇ ਦਿਨ ਖਾਲਸੇ ਨੇ ਪਠਾਣਾਂ ਨੂੰ ਓਥੋਂ ਵੀ ਜਾ ਕਢਿਆ ਜਬਾਰਖਾਂ ਡਰਦਾ ਮਾਰਿਆ ਕਾਬਲ ਵਲ ਦੌੜ ਗਿਆ,੫ ਸੌਂਣ ਸੰ:੧੮੭੬ ਬਿ: ਨੂੰ ਮਹਾਰਾਜ ਨੇ ਕਸ਼ਮੀਰ ਉਪਰ ਕਬਜਾ ਕਰ ਲਿਆ, ਫੇਰ ਮਹਾਰਾਜ ਨੇ ਮਿਸਰ ਦੀਵਾਨ ਚੰਦ ਨੂੰ ਓਥੋਂ ਦੇ ਇੰਤਜ਼ਾਮ ਦਾ ਕੰਮ ਸਪੁਰਦ ਕੀਤਾ ਤੇ ਬਾਕੀ ਫੌਜਾਂ ਨੂੰ ਪਿਛੇ ਮੁੜਨ ਦਾ ਹੁਕਮ ਦੇਕੇ ਆਪ ਅਜ਼ੀਮ ਗੜ੍ਹ ਦਾ ਕਿਲਾ ਫਤੇ ਕਰਦੇ ਹੋਏ ਲਾਹੌਰ ਆ ਗਏ ਤਿੰਨ ਦਿਨ ਜਲਸੇ ਹੁੰਦੇ ਰਹੇ, ਗਰੀਬਾਂ ਨੂੰ ਬਹੁਤ ਦੌਲਤ ਵੰਡੀ ਅਤੇ ਅਮ੍ਰਿਤਸਰ ਅਸ਼ਨਾਨ ਕਰ ਨਜ਼ਰ ਭੇਟਾ ਦੇਕੇ ਦਰਬਾਰ ਉਤੇ ਸੋਨਾ ਚੜ੍ਹਨੇ ਦਾ ਹੁਕਮ ਦਿਤਾ, ਫੌਜਾਂ ਨੂੰ ਕੜੇ ਕੰਠੇ ਬੂਧਕੀਆਂ ਇਨਾਮ ਬਖਸ਼ੇ।

ਓੜਕ ਖਾਲਸੇ ਪੰਥ ਹੀ ਬਿਸ਼ਨ ਸਿੰਘਾ ਫਤੇ ਲਿਆ ਮਦਾਨ ਨੂੰ ਪਾਇ ਬੋਲੀ

{ਮਿਸਰ ਦੀਵਾਨ ਚੰਦ ਅਤੇ ਮੋਤੀ ਰਾਮ ਦੀਵਾਨ ਨੇ ਕਸ਼ਮੀਰ ਦਾ ਬੰਦੋਬਸਤ ਕਰਕੇ ਪੰਡਿਤ ਬੀਰਬਲ ਨੂੰ ਕਸ਼ਮੀਰ ਦਾ ਸੂਬਾ ਬਨਾਉਣਾ}

ਮੋਤੀ ਰਾਮ ਤੇ ਮਿਸਰ ਕਸ਼ਮੀਰ ਸੰਦਾ ਬੰਦੋਬਸਤ ਨੇ ਕਰ ਕਰਾ ਆਇ
ਸੂਬਾ ਸਾਰੇ ਕਸ਼ਮੀਰ ਦੇ ਮੁਲਕ ਸੰਦਾ ਪੰਡਤ ਬੀਰਬਲ ਤਾਈਂ ਬਣਾ ਆਇ
ਪੈਂਤੀ ਲੱਖ ਸਾਲਾਨਾ ਹੈ ਕਰ ਲੈਣਾ ਪੰਡਤ ਤਾਈਂ ਨੇ ਇਹ ਸੁਣਾ ਆਇ
ਸਾਲ ਬਾਫਤੇ ਦੇ ਕਾਰਖਾਨੇ ਸੰਦਾ ਜ਼ਾਹਰ ਮਲ ਨੂੰ ਸੌਂਪ ਕੇ ਧਾ ਆਇ
ਦਸ ਲੱਖ ਰੁਪੱਯਾ ਸਾਲਾਨਾ ਲੈਣਾ ਜ਼ਾਹਰ ਮਲ ਨੂੰ ਹੈਣ ਬਤਾ ਆਇ
ਆਪ ਪਹੁੰਚੇ ਲਾਹੌਰ ਨੇ ਬਿਸ਼ਨ ਸਿੰਘਾ ਬੜੀ ਭਾਰੀ ਕਮਾਈ ਕਮਾ ਆਇ

{ਪੁਣਛ ਰਜੌਰੀ ਆਦਿਕਾਂ ਨੂੰ ਈਨ ਮਨਾਕੇ ਹਰੀ ਸਿੰਘ ਨਲੂਆ, ਦਲ ਸਿੰਘ, ਭਵਾਨੀ ਦਾਸ ਲਹੌਰ ਆਏ}

ਏਧਰ ਪੁਛਣ ਰਜੌਰੀ ਰਿਆਸਤਾਂ ਨੂੰ ਲਿਆ ਸਿੰਘਾਂ ਨੇ ਆ ਦਬਾਕੇ ਜੀ
ਹਰੀ ਸਿੰਘ ਭਵਾਨੀ ਤੇ ਦਲ ਸਿੰਘ ਹੋਰੀ ਆਇ ਏਨਾਂ ਨੂੰ ਈਨ ਮਨਾਕੇ ਜੀ
ਬੈਠੇ ਵਿਚ ਲਾਹੌਰ ਦੇ ਆ ਕਰਕੇ ਮਹਾਰਾਜ ਨੂੰ ਫਤੇ ਗਜਾਕੇ ਜੀ
ਜਿੱਤ ਲਿਆ ਕਸ਼ਮੀਰ ਨੂੰ ਬਿਸ਼ਨ ਸਿੰਘਾ ਵਾਜੇ ਗਾਜੇ ਨੇ ਆਇ ਵਜਾਕੇ ਜੀ

[ਸੰਨ ੧੮੭੭ ਬਿ: ਨੂੰ ਦੁਸੈਹਰਾ ਪੂਜਕੇ ਮੁਲਤਾਨ ਨੂੰ ਦੌਰਾ ਕਰਨਾ]

ਏਸੇ ਸਾਲ ਦੁਸੈਹਰਾ ਮਨਾ ਕਰਕੇ ਕੂਚ ਵਲ ਮੁਲਤਾਨ ਕਰਾ ਦਿਤਾ
ਸ਼ਾਮ ਸਿੰਘ ਪਸ਼ੌਰੀਏ ਠੇਕੇ ਵਾਲੇ ਬੜਾ ਭਾਰਾ ਨੁਕਸਾਨ ਪੁਚਾ ਦਿਤਾ
ਮਹਾਰਾਜ ਮੁਲਤਾਨ ਆ ਇਹ ਸੁਣਿਆਂ ਸ਼ਾਮ ਸਿੰਘ ਨੇ ਜ਼ੁਲਮ ਕਮਾ ਦਿਤਾ
ਦੌਲਤ ਪਰਜਾ ਤੋਂ ਬੜੀ ਹੈ ਕੱਠੀ ਕੀਤੀ ਸਾਰੀ ਪਰਜਾ ਨੂੰ ਬੜਾ ਦੁਖਾ ਦਿਤਾ
*ਸ਼ਾਮ ਸਿੰਘ ਨੂੰ ਬੰਨਕੇ ਮਹਾਰਾਜੇ ਜੇਲਖਾਨੇ ਦੇ ਵਿਚ ਹੈ ਪਾ ਦਿਤਾ
†ਸਾਉਣ ਮਲ ਅਕਾਲ ਗੜ੍ਹ ਖੱਤਰੀ ਨੂੰ ਮਹਾਰਾਜ ਨੇ ਅਫਸਰ ਬਣਾ ਦਿਤਾ
ਭਾਈ ਬੁੱਧਣ ਹਜ਼ਾਰੀ ਨੂੰ ਮਹਾਰਾਜੇ ਸੂਬਾ ਕਰ ਮੁਲਤਾਨ ਬਹਾ ਦਿਤਾ
ਮਹਾਰਾਜ ਸਰਕਾਰ ਨੇ ਬਿਸ਼ਨ ਸਿੰਘਾ ਪਿਛਲਾ ਰੇੜਕਾ ਸਭ ਮੁਕਾ ਦਿਤਾ

[ਕਸ਼ਮੀਰਾ ਸਿੰਘ ਤੇ ਮੁਲਤਾਨਾ ਸਿੰਘ ਦਾ ਜਨਮ]

ਏਸੇ ਸਾਲ ਮੁਲਤਾਨ ਦੇ ਵਿਚ ਆਕੇ ਖਬਰ ਮਿਲੀ ਮਹਾਰਾਜ ਨੂੰ ਆਨ ਭਾਈ

---

*ਸ਼ਾਮ ਸਿੰਘ ਪਸ਼ੌਰੀਏ ਨੇ ਸਾਢੇ ਪੰਜ ਲੱਖ ਰੁਪੱਯੇ ਨੂੰ ਸਾਰਾ ਮੁਲਤਾਨ ਦਾ ਇਲਾਕਾ ਠੇਕੇ ਤੇ ਲਿਆ ਹੋਯਾ ਸੀ ਸੋ ਇਸਨੇ ਪਰਜਾ ਨੂੰ ਦੁਖ ਦੇਕੇ ਬਹੁਤ ਰੁਪੱਯਾ ਕੱਠਾ ਕੀਤਾ ਸੀ।

†ਸਾਉਣ ਮਲ ਅਕਾਲ ਗੜ੍ਹ ਵਾਲੇ ਖੱਤਰੀ ਨੂੰ ਢਾਈ ਸੌ ਰੁਪੱਯੇ ਮਹੀਨੇ ਦਾ ਨੌਕਰ ਕਰਕੇ ਹਿਸਾਬ ਕਿਤਾਬ ਤੇ ਖਜ਼ਾਨੇ ਦਾ ਅਫਸਰ ਬਣਾ ਦਿਤਾ।

ਦੋ ਪੁਤਰ ਮਹਾਰਾਜ ਦੇ ਘਰ ਹੋਏ ਖੁਸ਼ੀ ਕੀਤੀ ਮਹਾਰਾਜ ਮਹਾਨ ਭਾਈ
ਦਯਾ ਕੌਰ ਦਾ ਪੁਤਰ ਕਸ਼ਮੀਰਾ ਸਿੰਘ ਹੈ ਰਤਨ ਕੌਰ ਦਾ ਸਿੰਘ ਮੁਲਤਾਨ ਭਾਈ
ਏਸੇ ਸਾਲ ਮਹਾਰਾਜ ਰਣਜੀਤ ਸਿੰਘ ਨੇ ਫਤੇ ਕੀਤਾ ਕਸ਼ਮੀਰ ਮੁਲਤਾਨ ਭਾਈ
ਏਸੇ ਲਈ ਸਰਕਾਰ ਨੇ ਪੁਤਰਾਂ ਦੇ ਨਾਮ ਸ਼ੈਹਰਾਂ ਦੇ ਰਖੇ ਨੇ ਜਾਨ ਭਾਈ
ਏਸੇ ਖੁਸ਼ੀ ਦੇ ਵਿਚ ਮਹਾਰਾਜ ਜੀ ਨੇ ਦਿਤਾ ਬੜਾ ਗਰੀਬਾਂ ਨੂੰ ਦਾਨ ਭਾਈ
ਧਨ ਐਤਨਾ ਵੰਡਿਆ ਆਨ ਕਰਕੇ ਕੀਤਾ ਗਰੀਬਾਂ ਨੂੰ ਧਨੀਆਂ ਸਮਾਨ ਭਾਈ
ਕਰੀਆਂ ਹੋਲੀਆਂ ਵਿਚ ਮੁਲਤਾਨ ਦੇ ਨੇ ਮਹਾਰਾਜ ਸਰਕਾਰ ਬਲਵਾਨ ਭਾਈ
ਬੁਧ ਸਿੰਘ ਹਰਦੇਵਾ ਸਿੰਘ ਭੇਜੇ ਬਹਾਵਲ ਪੁਰ ਤੋਂ ਕਰ ਲਿਆਨ ਭਾਈ
ਡੇਢ ਲੱਖ ਨੁਵਾਬ ਤੋਂ ਲੈ ਆਏ ਦੋਵੇਂ ਜਾਕੇ ਇਹ ਜਵਾਨ ਭਾਈ
ਕੀਤੀ ਕਿਸ਼ਤ ਪੰਜਾਹ ਹਜ਼ਾਰ ਸੰਦੀ ਲਿਆ ਆਪ ਸਰਕਾਰ ਨੇ ਮਾਨ ਭਾਈ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਹੋਏ ਹੈਨ ਜਹਾਨ ਤੇ ਭਾਨ ਭਾਈ

[ਮਿਸਰ ਦੀਵਾਨ ਚੰਦ ਨੇ ਮਨਕੇਰੇ ਨਵਾਬ ਤੋਂ ਪਰੀ ਘੋੜੀ ਆਂਦੀ]

ਮਿਸਰ ਕਰ ਮਨਕੇਰੇ ਤੋਂ ਲੈ ਆਯਾ *ਪਰੀ ਘੋੜੀ ਵੀ ਲਿਆਇ ਅਖੀਰ ਦਿਤੀ
ਮਹਾਰਾਜ ਰਣਜੀਤ ਸਿੰਘ ਖੁਸ਼ੀ ਹੋਏ ਲਾ ਮਿਸਰ ਦੀ ਬੜੀ ਜਾਗੀਰ ਦਿਤੀ
ਏਸੇ ਸਾਲ ਖੁਸ਼ਾਲ ਸਿੰਘ ਜਾ ਕਰਕੇ ਖਾਂ ਜਮਾਂਨ ਤੇ ਪਾ ਹੈ ਭੀੜ ਦਿਤੀ
ਗਾਜੀ ਖਾਂ ਤੇ ਡੇਰਾ ਇਸਮਾਈਲ ਖਾਂ ਜੋ ਜਿੱਤ ਲਿਆ ਹੈ ਸਿੰਘਾਂ ਨੂੰ ਧੀਰ ਦਿਤੀ

[ਤਥਾ]

ਬਾਰਾਂ ਦਿਨ ਸੀ ਜਾਕੇ ਜੰਗ ਕੀਤਾ ਓੜਕ ਸੂਬੇ ਨੂੰ ਓਥੋਂ ਭਜਾਯਾ ਸੀ ਜੀ
ਖਾਂ ਜਮਾਨ ਤਾਂ ਕਾਬਲ ਨੂੰ ਭੱਜ ਗਿਆ ਡੇਰਾ ਆਪਣਾ ਸਿੰਘਾਂ ਲਗਾਯਾ ਸੀ ਜੀ
ਕਰ ਲੈ ਰਈਸਾਂ ਸਾਰਿਆਂ ਤੋਂ ਖੁਸ਼ਾਲ ਸਿੰਘ ਲਾਹੌਰ ਫਿਰ ਆਯਾ ਸੀ ਜੀ
ਮਾਨ ਦਿਤਾ ਮਹਾਰਾਜ ਨੇ ਬਿਸ਼ਨ ਸਿੰਘਾ ਔਹਦਾ ਏਸਦਾ ਬੜਾ ਵਧਾਯਾ ਸੀ ਜੀ

[ਡੋਗਰੇ ਗੁਲਾਬ ਸਿੰਘ ਨੂੰ ਜਗੀਰ ਮਿਲਣੀ ਅਤੇ ਡੀਡੋ ਡੋਗਰੇ ਧਾੜਵੀ ਦਾ ਮਰਨਾ]

ਏਸੇ ਸਾਲ ਮਹਾਰਾਜ ਧਿਆਨ ਸਿੰਘ ਨੂੰ ਦਿਤਾ ਰਾਜਗੀ ਸੰਦਾ ਖਿਤਾਬ ਸੀ ਜੀ
ਧਿਆਨ ਸਿੰਘ ਦੇ ਭਾਈ ਗੁਲਾਬ ਸਿੰਘ ਨੇ ਡੀਡੋ ਡੋਗਰਾ ਫੜਿਆ ਸ਼ਤਾਬ ਸੀ ਜੀ
ਡੀਡੋ ਡੋਗਰਾ ਧਾੜਵੀ ਬੜਾ ਹੈਸੀ ਏਂਨ ਲੁੱਟਿਆ ਦੇਸ ਪੰਜਾਬ ਸੀ ਜੀ
ਮਾਰ ਧਾੜ ਲਾਹੌਰ ਦੇ ਰਾਜ ਅੰਦਰ ਕਰਕੇ ਦੇਸ ਨੂੰ ਕੀਤਾ ਖਰਾਬ ਸੀ ਜੀ
ਡੀਡੋ ਡੋਗਰਾ ਫੜ ਲਾਹੌਰ ਅੰਦਰ ਭੇਜ ਦਿਤਾ ਹੈ ਸਿੰਘ ਗੁਲਾਬ ਸੀ ਜੀ
ਨਾਲੇ ਫੜਿਆ ਹੈ ਬਾਗੀ ਰਜੌਰੀ ਵਾਲਾ ਅਗਰ ਖਾਂ ਜੋ ਤੁਰਕ ਨੁਵਾਬ ਸੀ ਜੀ

*ਇਸ ਪਰੀ ਘੋੜੀ ਦੇ ਲੈਣ ਵਾਸਤੇ ਅਗੇ ਕਈ ਵਾਰੀ ਕਾਬਲ ਦਾ ਵਜੀਰ ਤੇ ਮਹਾਰਾਜ ਵੀ ਜ਼ੋਰ ਲਾ ਚੁਕੇ ਸਨ ਸੋ ਮਿਸਰ ਨੇ ਲੈ ਆਂਦੀ, ਇਹ ਪਰੀ ਘੋੜੀ ਬੜੀ ਚਲਾਕ, ਚਿਟੀ ਸੋਹਣੀ ਸੀ ਮਹਾਰਾਜ ਨੇ ਘੋੜੀ ਤੇ ਸਵਾਰ ਹੋਕੇ ਗਰੀਬਾਂ ਨੂੰ ਬੜਾ ਧਨ ਵੰਡਿਆ ਮਾਨੋਂ ਕਾਬਲ ਫਤੇ ਕਰ ਲਿਆ।

ਏਸੇ ਲਈ ਮਹਾਰਾਜ ਗੁਲਾਬ ਸਿੰਘ ਤੇ ਖੁਸ਼ੀ ਹੋਇਆ ਬੇ ਹਿਸਾਬ ਸੀ ਜੀ
ਦਿਤੀ ਬਾਰਾਂ ਹਜਾਰ ਜਗੀਰ ਲਾਕੇ ਮੁਲਕ ਵਿਚ ਕਸ਼ਮੀਰ ਜਨਾਬ ਸੀ ਜੀ
ਮਹਾਰਾਜ ਦੇ ਦਾਨ ਦਾ ਬਿਸ਼ਨ ਸਿੰਘਾ ਦਸਾਂ ਰੋਜ ਦਾ ਕੀ ਹਿਸਾਬ ਸੀ ਜੀ

{ਫਗਣ ਸੰ: ੧੮੭੭ ਬਿ: ਨੂੰ ਮਿਸਟਰ ਮੋਰ ਕਰਾਫਟ ਫਿਰੰਗੀ
ਸੈਲੀ ਨੇ ਲਾਹੌਰ ਆਉਂਣਾ}

ਅਜ ਵਿਚ ਲਾਹੌਰ ਦੇ ਆਣ ਵੜਿਆ ਜਿਸਨੇ ਬੜੀਆਂ ਵਲੈਤਾਂ ਦੀ ਸੈਲ ਕੀਤੀ
ਆਦਰ ਨਾਲ ਬਹਾਯਾ ਫਿਰੰਗੀ ਤਾਂਈ ਨਾਲੇ ਬੜੀ ਮਹਾਰਾਜ ਨੇ ਟੈਹਲ ਕੀਤੀ
ਹੋਰ ਸਭ ਵਲੈਤਾਂ ਨੂੰ ਦੇਖ ਆਇਆ ਇਸਨੇ ਦੇਸ਼ ਪੰਜਾਬ ਤੇ ਪੈਹਲ ਕੀਤੀ
ਦਰਸ਼ਨ ਕਰ ਮਹਾਰਾਜ ਦਾ ਬਿਸ਼ਨ ਸਿੰਘਾ ਇਸਨੇ ਦੂਰ ਹੈ ਦਿਲ ਦੀ ਮੈਲ ਕੀਤੀ

[ਮਾਘ ਸੰ: ੧੮੭੭ ਬਿ: ਨੂੰ ਹਜਾਰੇ ਦਾ ਰੌਲਾ]

ਰੌਲਾ ਜਾਗਿਆ ਫੇਰ ਹਜਾਰੇ ਅੰਦਰ ਬੜੇ ਸ਼ੋਰ ਪਠਾਣਾਂ ਮਚਾ ਦਿੱਤੇ
ਕਾਰਦਾਰ ਲਾਹੌਰ ਦੇ ਜੇਹੜੇ ਸੀਗੇ ਸਾਰੇ ਮਾਰਕੇ ਹੈਂਣ ਭਜਾ ਦਿੱਤੇ
ਏਦੂੰ ਪਹਿਲੇ ਵੀ ਤੁਰਕਾਂ ਨੇ ਇਕ ਵਾਰੀ ਮੁਹਕਮ ਸਿੰਘ ਜਹੇ ਮਾਰ ਮੁਕਾ ਦਿੱਤੇ
ਹੁਕਮ ਸਿੰਘ ਚਿਮਨੀ ਗਿਆ ਸਿੰਘ ਲੈਕੇ ਇਹ ਵੀ ਤੁਰਕਾਂ ਨੇ ਸਿੰਘ ਨਸਾ ਦਿੱਤੇ
ਓੜਕ ਫੇਰ ਸਰਕਾਰ ਨੇ ਗੁੱਸਾ ਖਾਕੇ ਬੜੇ ਭਾਰੀ ਸੀ ਦਲ ਚੜ੍ਹਾ ਦਿੱਤੇ
ਸ਼ੇਰ ਸਿੰਘ ਤੇ ਰਾਮ ਦਿਆਲ ਆਕੇ ਚੰਗੇ ਤੁਰਕਾਂ ਨੂੰ ਹਥ ਵਿਖਾ ਦਿੱਤੇ
ਕਿਲੇ ਪਲਕੀ ਧਮਤੋਰ ਗੁਲਢੇਰੀ ਵਾਲੇ ਆਦਿਕ ਆਨ ਨੁਵਾਬ ਨਿਵਾ ਦਿੱਤੇ
ਚੱਟੀ ਲਈ ਤੇ ਅਗੇ ਖਿਰਾਜ ਲੈਣਾ ਬਿਸ਼ਨ ਸਿੰਘ ਇਹ ਲੇਖੇ ਲਿਖਾ ਦਿੱਤੇ

{ਹੁਣ ਫੇਰ ਫਤੇ ਸਿੰਘ ਆਹਲੂਵਾਲੀਏ ਤੇ ਰਾਣੀ ਸਦਾ ਕੌਰ ਦੀ
ਫੌਜ ਨੇ ਹਜਾਰੇ ਦੇ ਪਠਾਣਾਂ ਨੂੰ ਸੋਧਣਾ}

ਹੁਣ ਫੇਰ ਹਜਾਰੇ ਪਠਾਣਾਂ ਨੇ ਜਾ ਬੜਾ ਉਠਕੇ ਸ਼ੋਰ ਮਚਾਯਾ ਹੈ ਜੇ
ਫਤੇ ਸਿੰਘ ਨੂੰ ਆਪ ਮਹਾਰਾਜ ਜੀ ਨੇ ਫੌਜ ਦੇਕੇ ਝੱਟ ਚੜ੍ਹਾਯਾ ਹੈ ਜੇ
ਬੰਦੋਬਸਤ ਹਜਾਰੇ ਦਾ ਤੁਸਾਂ ਕਰਨਾ ਨਾਲੇ ਸੱਸ ਨੂੰ ਹੁਕਮ ਸੁਣਾਯਾ ਹੈ ਜੇ
ਸਦਾ ਕੌਰ ਦੀ ਫੌਜ ਨੇ ਜਾਂਦਿਆਂ ਹੀ ਬਸ ਕਤਲ ਦਾ ਹੁਕਮ ਅਲਾਯਾ ਹੈ ਜੇ
ਜਿਸ ਕਰ ਪਠਾਣਾਂ ਪਹਾੜੀਆਂ ਨੂੰ ਇਕੋ ਵਾਰ ਹੀ ਗੁੱਸਾ ਹੁਣ ਆਯਾ ਹੈ ਜੇ
ਚਾਰੋਂ ਤਰਫ ਤੋਂ ਉਠੇ ਹਥਿਆਰ ਫੜਕੇ ਘੇਰਾ ਆਕੇ ਸਿੰਘਾਂ ਨੂੰ ਪਾਯਾ ਹੈ ਜੇ
ਦੇਖ ਵਧਦਾ ਫਸਾਦ ਸਰਕਾਰ ਜੀ ਨੇ ਸ਼ੇਰ ਸਿੰਘ ਨੂੰ ਝੱਟ ਦੁੜਾਯਾ ਹੈ ਜੇ
ਫੌਜ ਬਾਰਾਂ ਹਜਾਰ ਹੈ ਨਾਲ ਦਿਤੀ ਰਾਮ ਦਿਆਲ ਨੂੰ ਨਾਲ ਪਠਾਯਾ ਹੈ ਜੇ
ਏਨਾਂ ਪਹਿਲੇ ਤਾਂ ਜਾ ਪਠਾਣਾਂ ਤਾਈਂ ਬੜਾ ਪਿਆਰ ਦੇ ਨਾਲ ਸਮਝਾਯਾ ਹੈ ਜੇ
ਐਪਰ ਜਦ ਇਹ ਟਲੇ ਨ ਜ਼ਿਦ ਛਡੀ ਫੇਰ ਕੌਰ ਨੇ ਹੁਕਮ ਬਤਾਯਾ ਹੈ ਜੇ
ਫੜਕੇ ਜੀਉਂਦੇ ਪਠਾਣਾਂ ਨੂੰ ਸਾੜ ਸੁਟੋ ਸੁਣਦੇ ਸਾਰ ਹੀ ਖਾਲਸਾ ਧਾਯਾ ਹੈ ਜੇ
ਕਈ ਤੁਰਕ ਜਾਂ ਜੀਉਂਦੇ ਫੂਕ ਸੁੱਟੇ ਤਦੋਂ ਖੌਫ ਪਠਾਣਾਂ ਨੇ ਖਾਯਾ ਹੈ ਜੇ

ਨੱਸ ਉਠੇ ਦਰਿਆ ਨੂੰ ਤੁਰਕ ਸਾਰੇ ਪਿਛੋਂ ਸਿੰਘਾਂ ਨੇ ਆ ਦਬਾਯਾ ਹੈ ਜੇ
ਦੋਪਹਿਰ ਆ ਸਿੰਘਾਂ ਨੇ ਕਰੀ ਵਾਢੀ ਬੜੇ ਤੁਰਕਾਂ ਨੂੰ ਮਾਰ ਵਿਛਾਯਾ ਹੈ ਜੇ
ਰਾਤ ਪਈ ਤਾਂ ਮੁੜੇ ਨੇ ਸਿੰਘ ਪਿਛੇ ਥਾਓਂ ਥਾਈ ਆ ਡੇਰਾ ਲਗਾਯਾ ਹੈ ਜੇ
ਐਪਰ ਮੁੜਿਆ ਨ ਰਾਮ ਦਿਆਲ ਜੋਧਾ ਇਸਨੇ ਵਧਕੇ ਹਥ ਵਿਖਾਯਾ ਹੈ ਜੇ
ਰਾਤ ਚਾਂਦਨੀ ਵਿਚ ਵੀ ਵੱਢ ਦਾ ਰਿਹਾ ਅਪਣਾ ਚਿੱਤ ਨ ਰਤਾ ਡੁਲਾਯਾ ਹੈ ਜੇ
ਓੜਕ ਹੋਯਾ ਸ਼ਹੀਦ ਹੈ ਬਿਸ਼ਨ ਸਿੰਘਾ ਜਨਮ ਮਰਨ ਦਾ ਦੁਖ ਮਟਾਯਾ ਹੈ ਜੇ

{ਰਾਮ ਦਿਆਲ ਦੇ ਮਰਨ ਦਾ ਕੌਰ ਸ਼ੇਰ ਸਿੰਘ ਤੇ ਸਿੰਘਾਂ ਨੇ ਸ਼ੋਕ ਕਰਨਾ
ਅਤੇ ਦੂਸਰੇ ਦਿਨ ਜੰਗ ਫਤੇ ਹੋ ਜਾਣਾ}

ਰਾਮ ਦਿਆਲ ਮੋਯਾ ਸਿੰਘਾਂ ਸ਼ੋਕ ਕੀਤਾ ਸ਼ੇਰ ਸਿੰਘ ਤਲਵਾਰ ਧੂਹ ਆ ਗਏ
ਬਦਲਾ ਲੈਣ ਲਈ ਰਾਮ ਦਿਆਲ ਸੰਦਾ ਸਾਰੇ ਸਿੰਘਾਂ ਨੇ. ਗੁੱਸੇ ਨੇ ਖਾ. ਲਏ
ਬੁਰਾ ਹਾਲ ਕੀਤਾ ਸਭਨਾਂ ਦੁਸ਼ਮਣਾਂ ਦਾ ਸ਼ਸਤ੍ਰ ਸੁੱਟਕੇ ਪੈਰੀਂ ਨੇ ਆ ਪਏ
ਸੂਬੇ ਪਲਕੀ, ਧਮਤੋਰ, ਗੁਲਢੇਰੀ ਸੰਦੇ ਸਭ ਪਕੜਕੇ ਅਗੇ ਲਗਾ ਲਏ
ਕੁਝ ਛੱਡ ਦਿਤੇ ਬਹੁਤ ਚੱਟੀ ਲੈਕੇ ਬਾਕੀ ਬੰਨ੍ਹਕੇ ਕੈਦੀ ਬਣਾ ਲਏ
ਦੇਸ਼ ਫਤੇ ਹੋਯਾ ਭਾਵੇਂ ਠੀਕ ਆਕੇ ਐਪਰ ਸਿੰਘਾਂ ਨੇ ਸ਼ੋਕ ਮਨਾ ਲਏ
ਰਾਮ ਦਿਆਲ ਮੋਯਾ ਬੜਾਂ ਸੂਰਮਾ ਸੀ ਮੋਤੀ ਰਾਮ ਨੇ ਭੇਸ ਬਦਲਾ ਲਏ
ਪੁਤਰ ਮਰਨ ਦਾ ਸ਼ੋਕ ਮਨਾ ਕਰਕੇ ਕਾਂਸ਼ੀ ਵਲ ਨੇ ਕੂਚ ਕਰਾ ਲਏ
ਮੋਤੀ ਰਾਮ ਨੂੰ ਆਪ ਸਰਕਾਰ ਜੀ ਨੇ ਫਿਰ ਵੀ ਪ੍ਰੇਮ ਦੇ ਜਾਲ ਨੇ ਪਾ ਲਏ
ਮੋਤੀ ਰਾਮ ਵੀ ਓੜਕ ਨੂੰ ਬਿਸ਼ਨ ਸਿੰਘਾ ਡੇਰੇ ਪਾਸ ਮਹਾਰਾਜ ਦੇ ਲਾ ਲਏ

{ਰਾਮ ਦਿਆਲ ਪੁਤਰ ਦੇ ਮਰਨ ਦੇ ਸ਼ੋਕ ਵਿਚ ਮੋਤੀ ਰਾਮ ਨੇ
ਕਸ਼ਮੀਰ ਦੀ ਸੂਬੇਦਾਰੀ ਛੱਡੀ ਅਤੇ ਸਰਦਾਰ ਹਰੀ ਸਿੰਘ
ਨਲੂਏ ਨੇ ਕਸ਼ਮੀਰ ਦਾ ਸੂਬਾ ਬਣਨਾ}

ਹਰੀ ਸਿੰਘ ਨੂੰ ਸੂਬਾ ਕਸ਼ਮੀਰ ਸੰਦਾ ਮਹਾਰਾਜ ਨੇਂ ਆਪ ਬਣਾਇਆ ਏ
ਆਸ ਪਾਸ ਦੇ ਰਾਜੇ ਸਭ ਫਤੇ ਕਰਕੇ ਆਪਣਾ ਸਿੱਕਾ ਸਰਦਾਰ ਚਲਾਇਆ ਏ
ਐਸਾ ਦਬਦਬਾ ਬੈਠਾ ਸਰਦਾਰ ਸੰਦਾ ਆਸ ਪਾਸ ਵੀ ਚਾ ਕੰਬਾਇਆ ਏ
ਰਾਜੇ ਸਾਰੇ ਸਰਹੱਦੀ ਨੇ ਕੰਬ ਉਠੇ ਐਸਾ ਖੌਫ ਸਰਦਾਰ ਨੇ ਪਾਇਆ ਏ
ਇਸ ਪ੍ਰਕਾਰ ਦੀਆਂ ਸੁਣਕੇ ਰੋਜ਼ ਖਬਰਾਂ ਮਹਾਰਾਜ ਅਨੰਦ ਮਨਾਇਆ ਏ
ਇਕ ਦਿਨ ਵਿਚ ਦਰਬਾਰ ਦੇ ਹਰੀ ਸਿੰਘ ਨੂੰ ਮਹਾਰਾਜਨੇਬੜਾਵਡਿਆਇਆ ਏ
ਓਹ ਤਾਂ ਚੀਨ ਨੂੰ ਵੀ ਫਤੇ ਕਰ ਸਕੇ ਬੜਾ ਬਲੀ ਸਰਦਾਰ ਕਹਾਇਆ ਏ
ਉੱਚੀ ਨਾਲ ਜਾਂ ਸਾਰੇ ਦਰਬਾਰ ਅੰਦਰ ਮਹਾਰਾਜ ਨੇ ਇਹ ਸੁਣਾਇਆ ਏ
ਇਹ ਅਵਾਜ਼ ਲੱਗੀ ਬਰਛੀ ਡੋਗਰਿਆਂ ਨੂੰ ਬੜਾ ਗੁੱਸਾ ਹੁਣ ਏਨ੍ਹਾਂ ਨੇ ਖਾਇਆ ਏ
ਏਹ ਡੋਗਰੇ ਬੜੇ ਹੰਕਾਰੀ ਸੀਗੇ ਰਾਜ ਸਿਖਾਂ ਦਾ ਏਨਾਂ ਗਵਾਇਆ ਏ
ਕਿਸੇ ਸਿੱਖ ਦੀ ਉਪਮਾ ਨਾ ਸੁਣ ਸੱਕਣ ਇਹ ਠੀਕ ਮੈਂ ਸੱਚ ਅਲਾਇਆ ਏ

ਪਜਾਰੇ ਪਾਠਕੋ ਆਪ ਜੇ ਸੱਚ ਪੁਛੋ ਬੜਾ ਏਹਨਾਂ ਨੇ ਜ਼ੁਲਮ ਕਮਾਇਆ ਏ
ਜਿਸ ਦਿਨ ਤੋਂ ਇਹ ਨੇ ਵਧਣ ਲਗੇ ਰਾਜ ਸਿਖਾਂ ਦਾ ਘਟਣ ਤੇ ਆਇਆ ਏ
ਖਬਰੇ ਸਿਖਾਂ ਨੂੰ ਇਹ ਕਲੰਕ ਭਾਰਾ ਸਚੇ ਸਤਿਗੁਰਾਂ ਆਪ ਹੀ ਲਾਇਆ ਏ
ਐਥੋਂ ਤਕ ਕੇ ਖਾਸ ਸਰਕਾਰ ਜੀ ਨੂੰ ਮਗਰ ਡੋਗਰਿਆਂ ਆਪਣੇ ਲਗਾਇਆ ਏ
ਖਬਰੇ ਏਨਾਂ ਨੇ ਜਾਦੂ ਹੈ ਕੀ ਕੀਤਾ ਮਹਾਰਾਜ ਨੂੰ ਚਾ ਭੁਲਾਇਆ ਏ
ਆਪਣੇ ਆਪ ਰਘਬੰਸੀ ਰਜਪੂਤ ਬਣਦੇ ਅਤੇ ਸਿਖਾਂ ਨੂੰ ਜਟ ਬਣਾਇਆ ਏ
ਬੁਰਾ ਸਮਝਦੇ ਸਿਖਾਂ ਦੇ ਅਗੇ ਨਿਉਂਣਾ ਨਾਲ ਸਿਖਾਂ ਦੇ ਵੈਰ ਵਧਾਇਆ ਏ
ਇਹ ਚਾਹੁੰਦੇ ਸੀ ਸਿਖ ਮਰਨ ਸਾਰੇ ਏਨਾਂ ਓਹੋ ਹੀ ਕਰ ਵਿਖਾਇਆ ਏ
ਥੋੜੇ ਦਿਨਾਂ ਦੇ ਵਿਚ ਹੀ ਬਿਸ਼ਨ ਸਿੰਘਾ ਮਹਾਰਾਜ ਦਾ ਰਾਜ ਉਡਾਇਆ ਏ

[ਡੋਗਰੇ ਧਿਆਨ ਸਿੰਘ ਦੀ ਬੇਈਮਾਨੀ]

ਹਰੀ ਸਿੰਘ ਦੀ ਬਾਬਤ ਮਹਾਰਾਜ ਜੀ ਨੂੰ ਧਜਾਨ ਸਿੰਘ ਨੇ ਇਓਂ ਸੁਣਾ ਲਿਆ
ਜੰਗ ਜਿੱਤਣ ਦੇ ਢੰਗ ਹੀ ਜਾਣ ਦਾ ਹੈ ਬੰਦੋਬਸਤ ਤਾਂ ਸਭ ਗਵਾ ਲਿਆ
ਬੰਦੋਬਸਤ ਨ ਕਰਨਾ ਆਉਂਦਾ ਹੈ ਹਰੀ ਸਿੰਘ ਦੀ ਬਾਬਤ ਬਤਾ ਲਿਆ
ਓਸੇ ਵੇਲੇ ਸਰਕਾਰ ਕਸ਼ਮੀਰ ਸੰਦਾ ਮੋਤੀਰਾਮ ਨੂੰ ਸੂਬਾ ਬਣਾ ਲਿਆ
ਹਰੀ ਸਿੰਘ ਨੂੰ ਆਪ ਸਰਕਾਰ ਜੀ ਨੇ ਬਿਸ਼ਨ ਸਿੰਘ ਲਾਹੌਰ ਬੁਲਾ ਲਿਆ

{੭ ਫਗਣ ਸੰਃ ੧੮੭੭ ਬਿਃ ਨੂੰ ਨੌ ਨਿਹਾਲ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ) ਜੰਮਿਆਂ ਅਤੇ ਕੌਰ ਸ਼ੇਰਸਿੰਘ ਤੇ ਖੁਸ਼ਾਲ ਸਿੰਘ ਨੇ ਖਿਰਾਜ ਲੈਕੇ ਆਉਣਾ}

ਜੈਮਲ ਸਿੰਘ ਕਨ੍ਹੱਯੇ ਦੀ ਪੁਤਰੀ ਨੇ ਚੰਦ ਕੌਰ ਜੋ ਪੁੰਨ ਕਮਾ ਲਏ
ਖੜਗ ਸਿੰਘ ਦੀ ਬਣੀ ਜੋ ਆਨ ਰਾਣੀ ਨੌ ਨਿਹਾਲ ਸਿੰਘ ਜਨਮ ਨੇ ਆ ਲਏ
ਘਰ ਪੁਤਰ ਦੇ ਪੁਤਰ ਆ ਜੰਮਿਆਂ ਹੈ ਮਹਾਰਾਜ ਆਨੰਦ ਮਨਾ ਲਏ
ਦੌਲਤ ਐਨੀ ਗਰੀਬਾਂ ਨੂੰ ਆਣ ਵੰਡੀ ਪਾਤਸ਼ਾਹ ਸਮਾਨ ਬਣਾ ਲਏ
ਏਸੇ ਸਾਲ ਮਨਕੇਰੇ ਤੋਂ ਸ਼ੇਰ ਸਿੰਘ ਨੇ ਦਬਾ ਦਬ ਨੇ ਕਰ ਉਗਰਾਹ ਲਏ
ਦੂਜਾ ਕਰ ਪੰਹਾੜੀਆਂ ਰਾਜਿਆਂ ਤੋਂ ਧਾ ਕੇ ਸਿੰਘ ਖੁਸ਼ਾਲ ਨੇ ਜਾ ਲਏ
ਨੌ ਲੱਖ ਤੇ ਪੈਂਹਠ ਹਜ਼ਾਰ ਸਾਰੇ ਤਿੰਨਾਂ ਮਹੀਨਿਆਂ ਵਿਚ ਗਿਣਾ ਲਏ
ਓੜਕ ਦੋਹਾਂ ਨੇ ਆਕੇ ਬਿਸ਼ਨ ਸਿੰਘਾ ਡੇਰੇ ਵਿਚ ਲਾਹੌਰ ਲਗਾ ਲਏ

{ਮਹਾਰਾਜ ਨੇ ਆਪਣੀ ਸੱਸ ਨੂੰ ਲਿਖਿਆ ਕਿ ਤੂੰ ਸ਼ੇਰ ਸਿੰਘ ਆਪਣੇ ਦੋਹਤਰੇ ਨੂੰ ਜਗੀਰ ਦੇਹ,ਸਦਾਕੌਰ ਨੇ ਕਿਹਾ ਤੇਰਾ ਵੀ ਤਾਂ ਪੁਤਰ ਹੈ ਤੂੰਹੀ ਕੋਈ ਜਗੀਰ ਦੇਦੇ, ਮਹਾਰਾਜ ਨੇ ਇਹ ਗਲ ਦਿਲਵਿਚ ਰਖਕੇ ਦੋ ਮਹੀ-ਨਿਆਂ ਪਿਛੋਂ ਸੱਸ ਨੂੰ ਫਰੇਬ ਨਾਲ ਲਹੌਰ ਸਦਕੇ ਕੈਦ ਕਰ ਲਿਆ ਅਤੇ ਉਸਦਾ ਸਾਰਾ ਇਲਾਕਾ ਜ਼ਬਤ ਕਰਕੇ ਉਸ ਵਿਚੋਂ ਸ਼ੇਰ ਸਿੰਘ ਨੂੰ ਵਟਾਲੇ ਦਾ ਪਰਗਨਾ ਜਗੀਰ ਦੇ ਦਿਤਾ}

ਅਪਣੀ ਸੱਸ ਦੇ ਨਾਲ ਮਹਾਰਾਜ ਜੀ ਨੇ ਬੜਾ ਭਾਰਾ ਹੁਣ ਗਜ਼ਬ ਗੁਜ਼ਾਰ ਦਿਤਾ
ਸਦਾਕੌਰ ਨੇ ਬੜਾ ਉਪਕਾਰ ਕੀਤਾ ਸਾਰਾ ਪਰ ਉਪਕਾਰ ਵਿਸਾਰ ਦਿਤਾ
ਸੱਦ ਵਿਚ ਲਾਹੌਰ ਦੇ ਕੈਦ ਕੀਤੀ ਹਾਹਾਕਾਰ ਹੈ ਲੋਕਾਂ ਉਚਾਰ ਦਿਤਾ
ਸਾਰੇ ਸਿਖ ਹੀ ਆਖਦੇ ਬਿਸ਼ਨ ਸਿੰਘਾ *ਬੁਰਾ ਕੰਮ ਹੈ ਕਰ ਸਰਕਾਰ ਦਿਤਾ

[੩ ਚੇਤ ਸੰ: ੧੮੭੮ ਬਿ: ਨੂੰ ਭੱਖਰ ਦਾ ਕਿਲਾ ਫਤੇ ਕਰਨਾ]

ਹਰੀ ਸਿੰਘ ਤੇ ਦਲ ਸਿੰਘ ਨਕਈ ਤਾਈਂ ਫੌਜ ਪੰਦਰਾਂ ਹਜ਼ਾਰ ਦੇ ਘਲਿਆ ਏ
ਨਾਨਕ ਚੰਦ ਜੋ ਭੱਖਰ ਦਾ ਰਾਜਾ ਹੈ ਸੀ ਡਰਦਾ ਅਗੋਂ ਹੀ ਦੌੜ ਓਹ ਚਲਿਆ ਏ
ਹਰੀ ਸਿੰਘ ਨਲੂਏ ਦਲ ਸਿੰਘ ਹੋਰਾਂ ਕਿਲੇ ਭੱਖਰ ਨੂੰ ਆਕੇ ਮਲਿਆ ਏ
ਏਥੋਂ ਉਠ ਸਰਦਾਰ ਫਿਰ ਬਿਸ਼ਨ ਸਿੰਘਾ ਫੌਜ ਲੈ ਮਨਕੇਰੇ ਨੂੰ ਹਲਿਆ ਏ

---

*ਇਕ ਮਿਆਣੀ ਦਾ ਪਰਗਣਾ ਤੇ ਕਿਲਾ ਜੋ ਰਾਣੀ ਦੀ ਗੋਲੀ ਹਰੋ ਨਾਮੀ ਦੇ ਕਬਜੇ ਵਿਚ ਸੀ ਜਦ ਓਸਦਾ ਕਬਜਾ ਛੁਡਾਉਣ ਲਈ ਫੌਜ ਭੇਜੀ ਤਾਂ ਓਸ ਵਿਚਾਰੀ ਗੋਲੀ ਨੇ ੧੫ ਦਿਨ ਲੜਾਈ ਕੀਤੀ ਤੇ ਮਿਸਰ ਦੀਵਾਨ ਚੰਦ ਦੀ ਫੌਜ ਨੂੰ ਮਾਰਕੇ ਪੋਲੀ ਕਰ ਘੱਤਿਆ, ਜਦ ਹੋਰ ਕੋਈ ਵਾਹ ਨ ਲਗੀ ਤਾਂ ਓਸ ਨਿਰਦਈ ਬ੍ਰਾਹਮਣ ਨੇ ਰਾਣੀ ਸਦਾ ਕੌਰ ਦਾ (ਜੋ ਓਸਦੇ ਪਾਸ ਹੀ ਕੈਦ ਸੀ) ਅੰਨ ਜਲ ਬੰਦ ਕਰ ਦਿਤਾ, ਚੌਥੇ ਦਿਨ ਜਦ ਵਿਚਾਰੀ ਅਤਿ ਸੈ ਦੁਖੀ ਹੋਈ ਤਾਂ ਓਸ ਨੇ ਆਪਣੀ ਨਿਮਕ ਹਲਾਲ ਸ਼ੇਰ ਦਿਲ ਟਹਿਲਣ ਨੂੰ ਲਿਖਿਆ ਕਿ ਮੈਂ ਹੁਣ ਗਊ ਕਸਾਈਆਂ ਦੇ ਵਸ ਪਈ ਹਾਂ ਏਨਾਂ ਪਾਪੀਆਂ ਨੂੰ (ਜਿਨਾਂ ਦੇ ਰਾਜੇ ਦਾ ਰਾਜ ਧੁੰਦਲੇ ਬਦਲਾਂ ਵਾਂਗੂੰ ਥੋੜੇ ਹੀ ਦਿਨਾਂ ਵਿਚ ਉੱਡ ਜਾਣਾ ਹੈ) ਕਿਲਾ ਦੇ ਦਿਓ। ਕਹਿੰਦੇ ਹਨ ਕਿ ਚਿਠੀ ਉਪਰ ਮੋਹਰ ਲਾਉਣ ਲਗਿਆਂ ਰਾਣੀ ਨੇ ਕਾਗਜ਼ ਨੂੰ ਨਮ ਦੇਣ ਲਈ ਤਿੰਨ ਵਾਰੀ ਜ਼ੁਬਾਨ ਫੇਰੀ ਪਰ ਕਾਗਜ਼ ਨੂੰ ਸਿੱਲ ਨ ਚੜ੍ਹੀ, ਓੜਕ ਰਾਣੀ ਦੇ ਹੰਝੂਆਂ ਦੇ ਪਾਣੀ ਦੀ ਨਮ ਨਾਲ ਮੋਹਰ ਲਗੀ ਰਾਣੀ ਦੀ ਮੋਹਰ ਵਾਲੀ ਚਿਠੀ ਪੜ੍ਹਕੇ ਰਾਣੀ ਦੇ ਕਾਰਦਾਰ ਤੇ ਹਰੋ ਗੋਲੀ ਭੁਬਾਂ ਮਾਰਕੇ ਰੋਂਦੇ ਹੋਏ ਬਾਹਰ ਨਿਕਲ ਖੜੋਤੇ ਅਤੇ ਕਿਲਾ ਮਿਸ਼ਰ ਦੇ ਹਵਾਲੇ ਕੀਤਾ, ਸ਼ਸਤ੍ਰ ਤੋਪਾਂ ਖਜਾਨਾ ਆਦਿਕ ਬਾਦਸ਼ਾਹੀ ਸਮਾਨ (ਕਨ੍ਹੱਯੇ ਸਰਦਾਰਾਂ ਨੇ ਸਰਹੰਦ ਦਿਲੀ ਲਾਹੌਰ ਤੋਂ ਲੁਟਕੇ) ਕਿਲੇ ਵਿਚ ਜਮਾ ਕੀਤਾ ਸੀ ਸਭ ਲਾਹੌਰ ਪਹੁੰਚ ਗਿਆ ਅਤੇ ਫੌਜ ਨੇ ਮੁਕੇਰੀਆਂ ਨੂੰ ਐਨਾ॰ ਲੁਟਿਆ ਜੋ ਕਿਸੇ ਦੇ ਘਰ, ਅੰਨ, ਬਸਤ੍ਰ, ਬਰਤਨ ਕੁਛ ਨ ਛਡਿਆ, ਰਾਣੀ ਸਦਾਕੌਰਾਂ ਹਾਹੁਕੇ ਲੈਂਦੀ ਹੋਈ ਅਮ੍ਰਿਤਸਰ ਕੈਦ ਵਿਚ ਰਹਿਕੇ ਥੋੜੇ ਹੀ ਚਿਰ ਵਿਚ ਗੁਜਰ ਗਈ। ਫੇਰ ਮਹਾਰਾਜ ਨੇ ਜਦ ਸਤਲੁਜੋਂ ਪਾਰ ਰਾਣੀ ਸਦਾਕੌਰ ਦੇ ਇਲਾਕੇ ਉਤੇ ਕਬਜਾ ਕਰਨਾ ਚਾਹਿਆ ਤਾਂ ਸਰਕਾਰ ਅੰਗ੍ਰੇਜ਼ੀ ਨੇ ਟਕੇ ਵਰਗਾ ਜਵਾਬ ਦਿਤਾ।

{ ਇਧਰੋਂ ਮਹਾਰਾਜ ਜੀ ਨੇ ਓਧਰੋਂ ਸਰਦਾਰ ਹਰੀ ਸਿੰਘ ਨਲੂਏ ਨੇ ਫੌਜ ਸਮੇਤ ਮਨਕੇਰੇ ਦੇ ਕਿਲੇ ਪਾਸ ਪਹੁੰਚ ਜਾਣਾ }

ਇਧਰੋਂ ਫੌਜ ਤੇ ਲੈਕੇ ਤੋਪਖਾਨੇ ਮਹਾਰਾਜ ਵੀ ਆਪ ਨੇ ਧਾ ਆਏ
ਸਿੰਧ ਲੰਘਿਆ ਮਿਠੇ ਟੁਵਾਣੇ ਪਾਸੋਂ ਮਾਝਾ ਖਾਨ ਗੜ੍ਹ ਲਹੀਆ ਨਿਵਾ ਆਏ
ਏਨਾਂ ਤਿੰਨਾਂ ਹੀ ਕਿਲਿਆਂ ਨੂੰ ਫਤੇ ਕਰਕੇ ਡੇਰੇ ਕੋਲ ਮਨਕੇਰੇ ਦੇ ਆ ਲਾਏ
ਡਾਹ ਦਿੱਤੀਆਂ ਕਿਲੇ ਨੂੰ ਹੈਨ੍ਹ ਤੋਪਾਂ ਭਰ ਭਰ ਬਰੂਦ ਤੇ ਗੋਲੇ ਪਾਏ

[ਤਥਾ]

ਵਡੀ ਨਿੱਕੀ ਤਮਾਮ ਜੋ ਤੋਪ ਹੈ ਸੀ ਪੰਝੀ ਦਿਨ ਬਰਾਬਰ ਆ ਚੱਲੀ ਹੈ ਜੇ
ਜ਼ੋਰ ਸਾਰਾ ਸਰਕਾਰ ਨੇ ਲਾ ਦਿੱਤਾ ਐਪਰ ਕਿਲੇ ਦੀ ਚੱਪਰ ਨਾ ਹੱਲੀ ਹੈ ਜੇ
ਛੇਕੜ ਅੰਦਰੋਂ ਨਵਾਬ ਨੇ ਅੱਕ ਕਰਕੇ ਚਿੱਠੀ ਸੁਲ੍ਹਾ ਦੀ ਆਪ ਹੀ ਘੱਲੀ ਹੈ ਜੇ
ਰੱਖ ਲਓ ਗੁਲਾਮ ਨੂੰ• ਬਿਸ਼ਨ ਸਿੰਘਾ ਜਾਨ ਮੈਂ ਗਰੀਬ ਦੀ ਕੱਲੀ ਹੈ ਜੇ

{ ਮਹਾਰਾਜ ਨੇ ਤਰਸ ਕਰਕੇ ਮਨਕੇਰੇ ਦੇ ਨਵਾਬ ਨੂੰ ਡੇਰਾ ਇਸਮਾਈਲ ਖਾਂ ਦਾ ਇਕ ਲੱਖ ਦਾ ਪਰਗਣਾ ਜਗੀਰ ਦੇਣਾ ਅਤੇ ਮਨਕੇਰਾ ਆਪ ਸਾਂਭਣਾ }

ਡੇਰੇ ਇਸਮਾਈਲ ਦਾ ਪਰਗਣਾ ਜੋ ਇਸ ਨਵਾਬ ਨੂੰ ਹਨ ਫੜਾ ਆਏ
ਸੰਧਾਂ ਵਾਲੀਏ ਭਾਈ ਹਮੀਰ ਸਿੰਘ ਨੂੰ ਹਾਕਮ ਵਿਚ ਮਨਕੇਰੇ ਬਣਾ ਆਏ
ਖਾਨਗੜ੍ਹ ਲਹੀਆ ਭੱਖਰ ਜ਼ਿਲੇ ਤਿੰਨੇ ਰਾਜ ਕੌਰ ਨੂੰ ਠੇਕਾ ਦਿਵਾ ਆਏ
ਆਪ ਏਥੋਂ ਤਿਆਰ ਹੋ ਬਿਸ਼ਨ ਸਿੰਘਾ ਪੁਰ ਬਹਾਵਲ ਦੇ ਵਲ ਨੇ ਧਾ ਆਏ

{ ਫੱਗਣ ਸੰ: ੧੮੭੯ ਬਿ: ਨੂੰ ਬਹਾਵਲ ਪੁਰ ਤੋਂ ਕਰ ਲੈਣਾ, ਕਿਲੇ ਅਟਕ ਨੂੰ ਸੋਧਣਾ ਹਰੀ ਸਿੰਘ ਨਲੂਏ ਨੂੰ ਜਗੀਰ ਦੇਣੀ, ਸਿਰਾਇ ਸਾਲਾ ਵਾਲੇ ਨਵਾਬ ਨੂੰ ਸੋਧਣਾ }

ਸੂਬੇ ਪੁਰ ਬਹਾਵਲ ਮਹਾਰਾਜ ਜੀ ਨੂੰ ਪੰਜ ਲੱਖ ਰੁਪੱਯਾ ਫੜਾਇਆ ਏ
ਅਟਕ ਵਾਲੇ ਮੁਲਖੱਈਆਂ ਨੇ ਫੇਰ ਮੁੜਕੇ ਉਠ ਦੰਗਾ ਫਸਾਦ ਉਠਾਇਆ ਏ
ਅਮਰ ਸਿੰਘ ਮਜੀਠੀਆ ਕਤਲ ਕੀਤਾ ਬੜਾ ਹੋਰ ਵੀ ਜ਼ੁਲਮ ਕਮਾਇਆ ਏ
ਪਹਿਲੇ ਘਲਿਆ ਮਿਸਰ ਨੂੰ ਮਹਾਰਾਜੇ ਇਹ ਪੂਰੀਆਂ ਪਾਕੇ ਆਇਆ ਏ
ਮਹਾਰਾਜ ਨੇ ਸੋਚ ਵਿਚਾਰ ਕਰਕੇ ਹਰੀ ਸਿੰਘ ਨੂੰ ਫੇਰ ਚੜ੍ਹਾਇਆ ਏ
ਇਸਨੇ ਜਾਂਦਿਆਂ ਹੀ ਆਪਣੇ ਤੇਜ ਸੰਦਾ ਐਸਾ ਪੌਣ ਦਾ ਬੁੱਲਾ ਚਲਾਇਆ ਏ
ਪੱਤਾਂ ਛਿੱਛਰਿਆਂ ਵਾਂਗ ਪਠਾਣਾ ਤਾਈਂ ਝੱਟ ਪੱਟ ਹੀ ਆ ਉਡਾਇਆ ਏ
ਏਹੋ ਜੇਹਿਆਂ ਕੰਮ ਤੋਂ ਖੁਸ਼ੀ ਹੋਕੇ *ਆਪ ਨਲੂਏ ਨੂੰ ਬੜਾ ਵਡਿਆਇਆ ਏ

---

*ਮਹਾਰਾਜ ਨੇ ਹਰੀ ਸਿੰਘ ਨੂੰ ਕਸ਼ਮੀਰ ਦੇ ਮੁਲਕ ਵਿਚ ਪਖਲੀ ਧਮਤੌਰ ਦੇ ਪਰਗਣੇ ਜਗੀਰ ਬਖਸ਼ੇ।

ਸਿਰਹਿੰਦ ਸਾਲਾਏ ਵਾਲੇ ਨਵਾਬ ਨੇ ਜੋ ਏਹਨਾਂ ਦਿਨਾਂ ਵਿਚ ਦੰਗਾ ਵਧਾਇਆ ਏ
ਕ੍ਰਿਪਾ ਰਾਮ ਤੇ ਹਰੀ ਸਿੰਘ ਆ ਕਰਕੇ ਦੋਹਾਂ ਇਸਨੂੰ ਵੀ ਬੁਰਾ ਦਬਾਇਆ ਏ
ਨੱਕ ਨਾਲ ਕਢਾਈਆਂ ਹੈਨ ਲੀਕਾਂ ਤੌਬਾ ਤੌਬਾ ਬਚਾ ਖੁਦਾਇਆ ਏ
ਨਕਦ ਪੰਜ ਹਜ਼ਾਰ ਦੇ ਬਿਸ਼ਨ ਸਿੰਘਾ ਫੇਰ ਆਪਨਾ ਪਿੱਛਾ ਛੁਡਾਇਆ ਏ

{ ਮਹਾਰਾਜ ਨੇ ਫਰਾਂਸ ਦੇ ਫਰਾਂਸੀਸੀ ਚਾਰ ਫਿਰੰਗੀ ਵੈਂਤੂਰਾ,
ਆਲਜੂ, ਅਬੂਟੇਪਲ, ਕੋਰਟ ਨੌਕਰ ਰੱਖੇ }

ਬੋਨਾਪਾਰਟ ਨਿਪੋਲੀਅਨ ਪਾਤਸ਼ਾਹ ਦੇ ਇਹ ਫੌਜ ਦੇ ਅਫਸਰ ਕਹਾਏ ਨੇ ਜੋ
ਬੋਨਾ ਪਾਰਟ ਨਿਪੋਲੀਅਨ ਜਦੋਂ ਮੋਯਾ ਇਹ ਉਠ ਫਰਾਂਸ ਤੋਂ ਧਾਇ ਨੇ ਜੋ
ਰਿਜ਼ਕ ਵਾਸਤੇ ਪਾਸ ਰਣਜੀਤ ਸਿੰਘ ਦੇ ਬੱਸ ਵਿਚ ਲਾਹੌਰ ਦੇ ਆਏ ਨੇ ਜੋ
ਮਹਾਰਾਜ ਨੇ ਬੜਾ ਹੈ ਆਦਰ ਕੀਤਾ ਚਾਰੇ ਆਪਣੇ ਪਾਸ ਬਹਾਇ ਨੇ ਜੋ
ਚਾਰੇ ਨੌਕਰ ਸਰਕਾਰ ਨੇ ਰੱਖ ਲੀਤੇ ਸਿੱਖਾਂ ਵਾਲੇ ਦਸੱਤੂਰ ਸੁਣਾਇ ਨੇ ਜੋ
ਗਊ ਮਾਸ ਤਮਾਕੂ ਤਜ ਦਾੜ੍ਹੀ ਰਖੋ ਸਾਰੇ ਖੋਲਕੇ ਹਾਲ ਬਤਾਇ ਨੇ ਜੋ
ਤਿੰਨੇ ਸ਼ਰਤਾਂ ਸਰਕਾਰ ਮਨਾ ਕਰਕੇ ਅਨਾਰਕਲੀ ਦੇ ਵਿਚ ਟਿਕਾਇ ਨੇ ਜੋ
ਏਹਨਾਂ ਕੋਠੀਆਂ ਏਥੇ ਬਣਵਾ ਲਈਆਂ ਨਾਲੇ ਬਾਗ਼ ਬਗੀਚੇ ਲਗਾਇ ਨੇ ਜੋ
ਨਾਲੇ ਸੜਕਾਂ ਬਣਵਾਈਆਂ ਤੇ ਰੌਣਕ ਕੀਤੀ ਸੋਹਣੇ ੨ ਆ ਕੰਮ ਵਿਖਾਇ ਨੇ ਜੋ
ਜੇਹੜੀ ਫੌਜ ਪੰਜਾਹ ਹਜ਼ਾਰ ਸੀ ਗੀ ਅਫਸਰ ਏਸਦੇ ਉੱਤੇ ਬਣਾਇ ਨੇ ਜੋ
ਇਨ੍ਹਾਂ ਕਵਾਇਦ ਸਿਖਾਈ ਹੈ ਐਸੀ ਸੋਹਣੀ ਵਾਹ ਵਾਹ ਅੰਗ੍ਰੇਜ਼ ਅਲਾਇ ਨੇ ਜੋ
ਏਸੇ ਲਈ ਮਹਾਰਾਜ ਤੋਂ ਇਨਾਂ ਚੌਹਾਂ ਬੜੇ ਬੜੇ ਮਰਾਤਬੇ ਪਾਇ ਨੇ ਜੋ
ਦੋ ਦੋ ਹਜ਼ਾਰ ਤਨਖਾਹ ਸੀਗੀ ਹੋਰ ਮੁਲਕ ਜਗੀਰਾਂ ਵੀ ਲਾਇ ਨੇ ਜੋ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਅਪਨੇ ਪਾਸ ਫਿਰੰਗੀ ਵਸਾਇ ਨੇ ਜੋ

[ਫੌਜਾਂ ਨੇ ਪੋਹ ਸੰ: ੧੮੮੦ ਬਿ: ਨੂੰ ਅਟਕ ਵਲ ਜਾਣਾ]

ਫਤੇ ਮੁਹੰਮਦ ਦੇ ਪਿਛੋਂ ਅਜ਼ੀਮ ਖਾਂ ਨੇ ਮੱਲੀ ਕਾਬਲ ਦੀ ਆਪ ਬਾਦਸ਼ਾਹੀ ਸੀ ਜੀ
ਅਜ਼ੀਮ ਖਾਂ ਮੁਲਖਈਆਂ ਨੂੰ ਕਠੇ ਕਰਕੇ ਕਰਨ ਲਗਾ ਹੈ ਅਟਕ ਤੇ ਧਾਈ ਸੀ ਜੀ
ਇਹ ਖਬਰ ਲਾਹੌਰ ਦੇ ਵਿਚ ਆਕੇ ਮਹਾਰਾਜ ਨੂੰ ਕਿਸੇ ਸੁਣਾਈ ਸੀ ਜੀ
ਝੱਟ ਪੱਟ ਹੀ ਸੁਣ ਮਹਾਰਾਜ ਜੀ ਨੇ ਅਟਕ ਵਲ ਚਾ ਫੌਜ ਚੜ੍ਹਾਈ ਸੀ ਜੀ
ਧੌਕਲ ਸਿੰਘ ਤੇ ਮਿਸਰ ਦੀਵਾਨ ਚੰਦ ਦੇ ਨਾਲ ਤੋਰਿਆ ਬਖਸ਼ ਇਲਾਹੀ ਸੀ ਜੀ
ਚਾਰ ਪਲਟਨਾ ਤੇ ਤੋਪਖਾਨਾ ਲੈਕੇ ਸਾਰੀ ਫੌਜ ਇਹ ਅਟਕ ਨੂੰ ਆਈ ਸੀ ਜੀ
ਪਿਛੋਂ ਆਪ ਬਸੰਤ ਨੂੰ ਮਹਾਰਾਜੇ ਵਲ ਅਟਕ ਤਿਆਰੀ ਕਰਾਈ ਸੀ ਜੀ
ਬੜਾ ਲਸ਼ਕਰ ਲੈ ਆਪ ਵੀ ਆਗਏ ਲਗ ਰਹੀ ਇਹ ਆਈ ਅਵਾਈ ਸੀ ਜੀ
ਦੋਂਦ ਤੁਰਕਾਂ ਦੇ ਸਿੰਘਾਂ ਨੇ ਖਟੇ ਕਰਕੇ ਕਰ ਛਡੀ ਸੋ ਪਹਿਲੋਂ ਸਫਾਈ ਸੀ ਜੀ
ਨਾਲੇ ਸੁਣਿਆ ਮਹਾਰਾਜ ਦਾ ਆਵਣਾ ਜੋ ਤੁਰਕ ਛਡ ਕੇ ਨਸੇ ਲੜਾਈ ਸੀ ਜੀ
ਸਾਰੇ ਵਿਚ ਪਹਾੜਾਂ ਦੇ ਜਾ ਵਸੇ ਫਤੇ ਆਪ ਮਹਾਰਾਜ ਨੇ ਪਾਈ ਸੀ ਜੀ

ਅਜ਼ੀਮ ਖਾਂ ਵੀ ਗਜ਼ਨੀ ਨੂੰ ਨੱਸ ਗਿਆ ਡਰਦਾ ਪਾਂਵਦਾ ਬੜੀ ਦੁਹਾਈ ਸੀ ਜੀ
ਮਹਾਰਾਜ ਵੀ ਆ ਲਾਹੌਰ ਗਏ ਫਤੇ ਬਿਸ਼ਨ ਸਿੰਘ ਸਿੱਖਾਂ ਬੁਲਾਈ ਸੀ ਜੀ

[ਪਖੱਲੀ ਤੇ ਧਮਤੋਰ ਨੂੰ ਸੋਧਣਾ]

ਏਸੇ ਸਾਲ ਹੀ ਪਖਲੀ ਧਮਤੌਰ ਵਾਲੇ ਜੱਟਾਂ ਐਸਾ ਆ ਊਧਮ ਮਚਾਇਆ ਏ
ਇਕੋ ਵਾਰ ਹੀ ਕਰਕੇ ਬੜਾ ਹੱਲਾ ਸਿੰਘ ਡੇਢ ਸੌ ਮਾਰ ਮੁਕਾਇਆ ਏ
ਜਿਸਦਾ ਬਦਲਾ ਆਕੇ ਹਰੀ ਸਿੰਘ ਨਲੂਏ ਏਨਾਂ ਜੱਟਾਂ ਨੂੰ ਐਸਾ ਚਖਾਇਆ ਏ
ਇਕੋ ਵਾਰ ਹੀ ਤਿੰਨ ਹਜ਼ਾਰ ਸੰਦਾ ਸੱਥਰ ਉਤੇ ਜ਼ਮੀਨ ਦੇ ਲਾਹਿਆ ਏ
ਚਰਨੀ ਆ ਸਰਦਾਰ ਦੀ ਪਏ ਸਾਰੇ ਹਥ ਜੋੜਕੇ ਪਿਛਾ ਛੁਡਾਇਆ ਏ
ਚਟੀ ਲੈ ਸਰਦਾਰ ਨੇ ਛਡ ਦਿਤੇ ਨਾਲੇ ਕੰਨਾਂ ਨੂੰ ਹੱਥ ਲੁਵਾਇਆ ਏ
ਏਨਾਂ ਪਖਲੀ ਧਮਤੌਰ ਦੇ ਜੱਟਾਂ ਨੂੰ ਆ ਐਸਾ ਖੌਫ ਸਰਦਾਰ ਨੇ ਪਾਇਆ ਏ
ਅਜੇ ਤਾਕ ਵੀ ਆਪਣੀ ਸੰਤਾਨ ਤਾਈਂ ਏਨਾਂ ਜੱਟਾਂ ਨੇ ਇਓਂ ਸੁਣਾਇਆ ਏ
ਤੂੰ ਬਾਜ਼ ਨਹੀਂ ਆਂਵਦਾ ਬਾਲਕਾ ਵੇ ਹਰੀ ਸਿੰਘ ਨਲੂਆ ਵੇਖ ਆਇਆ ਏ
ਐਸਾ ਤੇਜ ਪਰਤਾਪ ਸੀ ਬਿਸ਼ਨ ਸਿੰਘਾ ਧੰਨ ਹਰੀ ਸਿੰਘ ਨਲੂਆ ਕਹਾਇਆ ਏ

{ [ਵਜ਼ੀਰਾਬਾਦ ਪਾਸ ਮਹਾਰਾਜੇ ਨੂੰ ਅਟਕ ਦੀ ਖਰਾਬੀ ਦਾ ਫੇਰ
ਕਿਸੇ ਨੇ ਹਾਲ ਆ ਸੁਣਾਯਾ }

ਚੁਕ ਕਾਬਲ ਦੀ ਤੇ ਅਟਕ ਵਾਲੇ ਤੁਰਕਾਂ ਕਾਰਦਾਰ ਸਭ ਆਪ ਦੇ ਮਾਰ ਘੱਤੇ
ਰੋਜ਼ ਰੋਜ਼ ਨੇ ਬੜੇ ਉਪੱਦ੍ਰਵ ਕਰਦੇ ਸਾਰੇ ਆਪਦੇ ਖੌਫ ਵਿਸਾਰ ਘੱਤੇ
ਦਸ ਹਜ਼ਾਰ ਆ ਗਾਜ਼ੀ ਜਹਾਦੀਆਂ ਨੇ ਡੇਰੇ ਲਾ ਨੇ ਠੇਰੀ ਪਹਾੜ ਘੱਤੇ
ਅਤੇ ਪੰਦਰਾਂ ਹਜ਼ਾਰ ਪਠਾਣਾਂ ਰਲਕੇ ਡੇਰੇ ਆ ਨੁਸ਼ੈਹਰੇ ਉਤਾਰ ਘੱਤੇ

[ਤਥਾ]

ਤੋਪਖਾਨੇ ਤੇ ਫੌਜ ਅਪ੍ਰਾਰ ਲੈਕੇ ਨਾਲੇ ਮੁਹੰਮਦ ਅਜ਼ੀਮ ਵੀ ਧਾ ਰਿਹਾ
ਦਬਾ ਦਬ ਹੁਣ ਲੰਘ ਜਲਾਲਾ ਬਾਦੋਂ ਸ਼ਪਾ ਸ਼ਪ ਪਸ਼ੌਰ ਨੂੰ ਆ ਰਿਹਾ
ਉਸਤੋਂ ਡਰਦਾ ਹੈ ਯਾਰ ਮੁਹੰਮਦ ਅਗੋਂ *ਯੂਸਫ ਜ਼ਈ ਪਹਾੜ ਤੇ ਜਾ ਰਿਹਾ
ਪਾਪੀ ਮਹੰਮਦ ਅਜ਼ੀਮ ਖਾਂ ਬਿਸ਼ਨ ਸਿੰਘਾ ਲੜਨ ਭਿੜਨ ਦੇ ਸਾਜ ਬਣਾ ਰਿਹਾ

{ ੧੩ ਮਾਘ ਸੰਨ ੧੮੮੦ ਬਿ: ਨੂੰ ਮੁਹੰਮਦ ਅਜ਼ੀਮ ਖਾਂ ਨੇ ਪਸ਼ੌਰ
ਵਿਚ ਦਖਲ ਕਰਕੇ ਇੱਕੁਰ ਦਾ ਢੰਡੋਰਾ ਫੇਰਨਾ }

ਖੁਲੇ ਬੂਹੇ ਬਹਿਸ਼ਤ ਜਾ ਵੜੇਗਾ ਸੋ ਜੰਗ ਕਾਫਰਾਂ ਨਾਲ ਆ ਕਰੇਗਾ ਜੋ
ਝਟ ਪਟ ਸੰਸਾਰ ਤੋਂ ਤਰੇਗਾ ਸੋ ਸਿਖਾਂ ਕਾਫਰਾਂ ਨਾਲ ਆ ਲੜੇਗਾ ਜੋ
ਦੀਨ ਮਜ਼੍ਹਬ ਦਾ ਅਸਾਂ ਨੇ ਜੰਗ ਕਰਨਾ ਦਲ ਸਾਡਾ ਪਸ਼ੌਰ ਤੋਂ ਚੜ੍ਹੇਗਾ ਜੋ
ਓਹੀਓ ਪਯਾਰਾ ਖੁਦਾ ਦਾ ਬਿਸ਼ਨ ਸਿੰਘਾ ਤੇਗ ਅਸਾਂ ਦੇ ਨਾਲ ਆ ਫੜੇਗਾ ਜੋ

*ਯੂਸਫ ਜ਼ਈ ਇਕ ਪਠਾਣਾਂ ਦਾ ਗੋਤ ਹੈ।

[ਤਥਾ]

ਹਰ ਇਕ ਦਾ ਫਰਜ਼ ਹੈ ਦੀਨੀਓਂ ਓਇ ਅਜ ਰੱਜਕੇ ਹਥ ਵਿਖਾ ਲਵੇ
ਆਪਣਾ ਲਹੂ ਮਦਾਨ ਦੇ ਵਿਚ ਡੋਲੇ ਫੇਰ ਉਸੇ ਦੇ ਵਿਚ ਹੀ ਨਹਾ ਲਵੇ
ਜੇਹੜਾ ਸਿਖਾਂ ਤੋਂ ਮੁਲਕ ਛੁਡਾ ਲਵੇ ਓਹਨੂੰ ਆਪ ਖੁਦਾ ਬਚਾ ਲਵੇ
ਹਰ ਇਕ ਨੂੰ ਚਾਹੀਦਾ ਬਿਸ਼ਨ ਸਿੰਘਾ ਅਜ ਡੇਰਾ ਬਹਿਸ਼ਤ ਜਾ ਲਾ ਲਵੇ

[ਤਥਾ]

ਇਹ ਢੰਡੋਰਾ ਪਠਾਣ ਤਮਾਮ ਸੁਣਕੇ ਕੱਠੇ ਹੋਕੇ ਬੇਸ਼ੁਮਾਰ ਬੈਠੇ
ਜਾਨ ਦੇਣ ਨੂੰ ਸਭ ਤਿਆਰ ਹੋਏ ਘਰ ਬਾਰ ਦੇ ਕੰਮ ਵਿਸਾਰ ਬੈਠੇ
ਸਾਰੀ ਗਲ ਪਸ਼ੌਰ ਦੀ ਇਹ ਸੁਣਕੇ ਮਹਾਰਾਜ ਵੀ ਏਧਰ ਲਲਕਾਰ ਬੈਠੇ
ਅਪਣੇ ਵੱਡਿਆਂ ਵੱਡਿਆਂ ਜੋਧਿਆਂ ਨੂੰ ਫੌਜ ਦੇਕੇ ਕਰ ਤਿਆਰ ਬੈਠੇ

[ਸਿੰਘਾਂ ਨੇ ਅਟਕ ਵਲ ਆਉਣਾ]

ਕੌਰ ਸ਼ੇਰ ਸਿੰਘ ਤੇ ਹਰੀ ਸਿੰਘ ਨਲੂਆ ਮਹਾਰਾਜ ਨੇ ਹੈਣ ਦੁੜਾਇ ਜਲਦੀ
ਕ੍ਰਿਪਾ ਰਾਮ ਤੇ ਅਤਰਸਿੰਘ ਧੰਨਾਸਿੰਘ ਜੀ ਫੌਜ ਬੜੀ ਦੇ ਨਾਲ ਪਠਾਇ ਜਲਦੀ
ਅਟਕ ਲੰਘਕੇ ਇਹ ਸਰਦਾਰ ਸਾਰੇ ਕਿਲੇ ਜਹਾਂਗੀਰ ਵਲ ਨੇ ਆਇ ਜਲਦੀ
ਜਹਾਂਗੀਰ ਦੇ ਕਿਲੇ ਨੂੰ ਘੇਰ ਕਰਕੇ ਏਥੇ ਬੜੇ ਘਮਸਾਨ ਮਚਾਇ ਜਲਦੀ
ਓੜਕ ਸਿੰਘ ਇਹ ਜੰਗ ਨੇ ਜਿੱਤ ਗਏ ਅਤੇ ਮਾਰ ਪਠਾਣ ਭਜਾਇ ਜਲਦੀ
ਇਸ ਹਾਰ ਤੋਂ ਖਿੱਝਕੇ ਮੁਸਲਮਾਨਾਂ ਨੇਰੀ ਵਾਲਿਆਂ ਨੇ ਗੁੱਸੇ ਖਾਇ ਜਲਦੀ
ਖਟਕ ਸੁਾਤ ਬੁਨੇਰੇ ਅਫਰੀਦ ਜੇਹੜੇ ਆਕੇ ਬੈਠੇ ਨੇ ਡੇਰੇ ਲਗਾਇ ਜਲਦੀ
ਏਨਾਂ ਵਿਚ ਮਕਾਨਾਂ ਦੇ ਮੁਸਲਮਾਨਾਂ ਕਈਆਂ ਲੱਖਾਂ ਨੇ ਡੇਰੇ ਨੇ ਲਾਇ ਜਲਦੀ
ਮਨਸਾ ਧਾਰਕੇ ਬੈਠੇ ਬਹਿਸ਼ਤ ਦੀ ਨੇ ਹੋਰ ਘਰ ਦੇ ਕੰਮ ਭੁਲਾਇ ਜਲਦੀ
ਗੱਜ ਗੱਜਕੇ ਵਾਂਗ ਇਹ ਬੱਦਲਾਂ ਦੇ ਇਕੋ ਵਾਰ ਹੀ ਉਠਕੇ ਧਾਇ ਜਲਦੀ
ਉਧਰੋਂ ਮੁਹੰਮਦ ਅਜ਼ੀਮ ਪਸ਼ੌਰ ਵਲੋਂ ਕਠੇ ਕਰ ਮੁਲਖਈਏ ਚੜ੍ਹਾਇ ਜਲਦੀ
ਨਾਲ ਆਪ ਵੀ ਚੜ੍ਹਿਆ ਹੈ ਬਿਸ਼ਨਸਿੰਘਾ ਵਾਂਗ ਬਿਜਲੀ ਕੜਕ ਡਰਾਇ ਜਲਦੀ

{੧੪ ਫਗਣ ਨੂੰ ਮਹਾਰਾਜ ਨੇ ਲਾਹੌਰੋਂ ਤਿਆਰ ਹੋਕੇ ਆਉਣਾ
ਅਤੇ ੧ ਚੇਤ ਸੰਨ ੧੯੮੦ ਬਿ: ਨੂੰ ਅਟਕ ਦਰਿਆ
ਦੇ ਵਿਚੋਂ ਦੀ ਫੌਜ ਲੰਘਾਉਣੀ}

ਇਸ ਖਬਰ ਨੂੰ ਸੁਣ ਲਾਹੌਰ ਵਿਚੋਂ ਮਹਾਰਾਜ ਵੀ ਚੜ੍ਹਕੇ ਆਯਾ ਹੈ ਜੇ
ਹੋਰ ਬਾਕੀ ਸਰਦਾਰ ਵੀ ਸਾਰਿਆਂ ਨੂੰ ਛੇਤੀ ਆਵਣਾ ਮਗਰ ਬੁਲਾਯਾ ਹੈ ਜੇ
ਖੜਗ ਸਿੰਘ ਤੇ ਮਿਸਰ ਨੂੰ ਮਹਾਰਾਜੇ ਡਬਲ ਕੂਚ ਦਾ ਹੁਕਮ ਸੁਣਾਯਾ ਹੈ ਜੇ
ਓੜਕ ਸਾਰੀਆਂ ਫੌਜਾਂ ਨੇ ਰਲ ਕਰਕੇ ਡੇਰਾ ਅਟਕ ਤੇ ਆ ਲਗਾਯਾ ਹੈ ਜੇ
ਮੁਸਲਮਾਨਾਂ ਮਲਾਹਾਂ ਨੇ ਬੇੜੀਆਂ ਨੂੰ ਖਬਰੇ ਕਿਧਰ ਦਾ ਕਿਧਰ ਰੁੜ੍ਹਾਯਾ ਹੈ ਜੇ
ਲੈਕੇ ਬੇੜੀਆਂ ਨੂੰ ਗਏ ਖਿਸਕ ਕਿਧਰੇ ਆਪਣੇ ਦੀਨ ਦਾ ਪੱਖ ਕਰਾਯਾ ਹੈ ਜੇ

ਓਸ ਵੇਲੇ ਅਰਦਾਸ ਕਰ ਸਤਿਗੁਰਾਂ ਨੂੰ ਮਹਾਰਾਜ ਨੇ ਆਪ ਧਿਆਯਾ ਹੈ ਜੇ
ਖੜਾ ਕਰ ਦਰਿਆ ਦੇ ਵਿਚ ਘੋੜਾ ਸਾਰੀ ਫੌਜ ਨੂੰ ਹੁਕਮ ਅਲਾਯਾ ਹੈ ਜੇ
ਬਸ ਲੰਘ ਜਾਓ ਛੇਤੀ ਪਾਰ ਸਾਰੇ ਮਹਾਰਾਜ ਨੇ ਆਪ ਬਤਾਯਾ ਹੈ ਜੇ
ਹੋਈ ਫੌਜ ਹੈਰਾਨ ਹੈ ਬਿਸ਼ਨ ਸਿੰਘਾ ਕਿਆ ਅਜਬ ਤਮਾਸ਼ਾ ਵਿਖਾਯਾ ਹੈ ਜੇ

[ਤਥਾ]

ਗੋਡੇ ਗੋਡੇ ਹੋਕੇ ਪਾਣੀ ਅਟਕ ਸੰਦਾ ਮਹਾਰਾਜ ਦੇ ਪੈਰਾਂ ਨੂੰ ਛੋਹ ਗਿਆ
ਬੜੀ ਛੇਤੀ ਸਰਕਾਰ ਦਾ ਹੁਕਮ ਸੁਣਕੇ ਸਾਰਾ ਲਸ਼ਕਰ ਹੀ ਪਾਰ ਹੈ ਹੋ ਗਿਆ
ਪੰਜ ਸੌ ਜਵਾਨ ਹੈਰਾਨ ਹੋਕੇ ਉਰਲੇ ਬੰਨੇ ਹੀ ਅਜੇ ਖਲੋ ਰਿਹਾ
ਪੰਜ ਸੌ ਜਵਾਨ ਇਹ ਬਿਸ਼ਨ ਸਿੰਘਾ ਵੇਖ ਡੁੱਬਣ ਦੇ ਲਈ ਖੜੋ ਰਿਹਾ

[ਤਥਾ]

ਘੋੜਾ ਅਟਕ ਤੋਂ ਆਪਣਾ ਕੱਢ ਕਰਕੇ ਮਹਾਰਾਜ ਭੀ ਓੜਕ ਨੂੰ ਪਾਰ ਹੋਯਾ
ਪੰਜ ਸੌ ਜਵਾਨ ਇਹ ਫੇਰ ਮਗਰੋਂ ਪਾਰ ਹੋਣ ਦੇ ਲਈ ਤਿਆਰ ਹੋਯਾ
ਅਜੇ ਪੈਰ ਹੀ ਅਟਕ ਦੇ ਵਿੱਚ ਪਾਯਾ ਪਾਣੀ ਚੜ੍ਹਕੇ ਬੇਸ਼ੁਮਾਰ ਹੋਯਾ
ਓੜਕ ਸਾਰੇ ਹੀ ਰੁੜ ਗਏ ਬਿਸ਼ਨ ਸਿੰਘਾ ਏਸ ਜੱਗ ਦੇ ਉਤੋਂ ਉਧਾਰ ਹੋਯਾ

{ ਮਹਾਰਾਜ ਨੇ ਸਾਰੇ ਲਸ਼ਕਰ ਨੂੰ ਤਿੰਨ ਹਿਸੇ ਕਰਕੇ
ਸਾਹਮਣੇ ਵੈਰੀਆਂ ਦੇ ਮੁਕਾਬਲੇ ਤੇ ਘੱਲਣਾ }

ਲਾਰਡ ਸਾਹਿਬ ਵੈਂਤੂਰ ਜਰਨੈਲ ਤਾਈਂ ਮਹਾਰਾਜ ਨੇ ਹੁਕਮ ਸੁਣਾ ਦਿਤਾ
ਦੋ ਤੋਪਖਾਨੇ ਅੱਠ ਪਲਟਣਾਂ ਨੂੰ ਇਸਦੇ ਮਗਰ ਮਹਾਰਾਜ ਨੇ ਲਾ ਦਿਤਾ
ਨੁਸ਼ਹਿਰੇ ਵਲੋਂ ਅਜ਼ੀਮ ਨੂੰ ਰੋਕਣਾਂ ਜੇ ਪਹਿਲਾ ਹਿੱਸਾ ਤਾਂ ਇਹ ਬਣਾ ਦਿਤਾ
ਅਪਣੀ ਮੱਦਤ ਦੇ ਵਾਸਤੇ ਦੂਜਾ ਹਿੱਸਾ ਪਿਛੇ ਰਖਿਆ ਹੁਕਮ ਬਤਾ ਦਿਤਾ
ਹਿੱਸੇ ਤੀਸਰੇ ਨੂੰ ਹੁਕਮ ਆਪ ਦੇਕੇ ਤਰਫ ਠੇਰੀ ਦੀ ਹੈ ਚੜ੍ਹਾ ਦਿਤਾ
ਬੜੇ ਬੜੇ ਜਵਾਨ ਸੀ ਵਿੱਚ ਇਸਦੇ ਸਭਨਾਂ ਸਿਰ ਤੇ ਹੁਕਮ ਵਜਾ ਦਿਤਾ
ਹਰੀ ਸਿੰਘ ਨਲੂਆ, ਮਿਸਰ, ਹਰਸ਼ਾ ਸਿੰਘ ਜੀ ਅਤੇ ਸਿੰਘ ਹਮੀਰ ਅਲਾ ਦਿਤਾ
ਇਤ ਆਦ ਸਰਦਾਰਾਂ ਤੇ ਅਫਸਰਾਂ ਨੇ ਵਲ ਠੇਰੀ ਦੇ ਕੂਚ ਕਰਾ ਦਿਤਾ
ਏਨਾਂ ਤਿੰਨਾਂ ਹੀ ਲਸ਼ਕਰਾਂ ਬਿਸ਼ਨ ਸਿੰਘਾ ਪੈਰ ਦੁਸ਼ਮਣਾਂ ਵਲ ਵਧਾ ਦਿਤਾ

[ਤਥਾ]

ਏਨਾਂ ਲਸ਼ਕਰਾਂ ਦੇ ਮਗਰ ਕਈ ਹਾਥੀ ਮਹਾਰਾਜ ਨੇ ਅਪਣੇ ਲਗਾ ਦਿਤੇ
ਜਾਣੋ ਸਭਨਾਂ ਉਤੇ ਮਹਾਰਾਜ ਹੈਗੇ ਬੜੇ ਸੋਹਣੇ ਨੇ ਹਾਥੀ ਸਜਾ ਦਿਤੇ
ਇਕ ਹਾਥੀ ਤੇ ਆਪ ਸਵਾਰ ਹੋਏ ਅਤੇ ਸਭ ਨੂੰ ਹੁਕਮ ਸੁਣਾ ਦਿਤੇ
ਲੜਨਾ ਹੌਸਲਾ ਕਰਕੇ ਬਿਸ਼ਨ ਸਿੰਘਾ ਮਹਾਰਾਜ ਨੇ ਜੋਸ਼ ਚੜ੍ਹਾ ਦਿਤੇ

[ਤਥਾ]

ਜੇਕਰ ਵੈਰੀ ਅਗਾਂਹ ਨੂੰ ਵਧਣ ਲਗਣ ਤੁਸਾਂ ਪਿਛੋਂ ਹੋ ਹੱਲਾ ਬੁਲਾਵਣਾਂ ਜੇ

ਜੇਕਰ ਵੈਰੀ ਪਿਛਾਂਹ ਨੂੰ ਹਟਣ ਲਗਣ ਪਿੱਠ ਉਹਨਾਂ ਦੀ ਤੇ ਚੜ੍ਹ ਜਾਵਣਾਂ ਜੇ
ਰਤਾ ਡੋਲਣਾ ਨਹੀਂ ਜੇ ਪਿਆਰਿਓ ਓਇ ਤਕੜੇ ਹੋਕੇ ਜੰਗ ਮਚਾਵਣਾ ਜੇ
ਸ਼ਾਬਾ ਜਾਓ ਬੱਚਾ ਕਰੋ ਬਿਸ਼ਨ ਸਿੰਘਾ ਵਧ ਵਧ ਕੇ ਹੱਥ ਵਿਖਾਵਣਾ ਜੇ

[੧੩ ਚੇਤ ਸੰਃ ੧੯੮੧ ਬਿਃ ਨੂੰ ਜੰਗ ਸ਼ੁਰੂ ਹੋਯਾ]

ਤੇਰਾਂ ਚੇਤ ਨੂੰ ਠੀਕ ਦੁਪੈਹਿਰ ਵੇਲੇ ਸਤਿ ਸ੍ਰੀ ਅਕਾਲ ਬੁਲਾ ਲਏ
ਕੁਮੇਦਾਨ ਹੁਣ ਸਤਿਗੁਰੂ ਸਹਾਈ ਸਿੰਘ ਨੇ ਕਠੇ ਕਰ ਅਕਾਲੀ ਚੜ੍ਹਾ ਲਏ
ਮਹਾਂ ਸਿੰਘ ਕਰਨੈਲ ਸਰਕਾਰ ਜੀ ਦੇ ਝੱਟ ਪੱਟ ਨੇ ਹੁਕਮ ਵਜਾ ਲਏ
ਖੱਬੇ ਪਾਸੇ ਨੂੰ ਧਰਕੇ ਤ੍ਰੋਪਖਾਨਾ ਫੇਰ ਅਗੇ ਨੂੰ ਪੈਰ ਵਧਾ ਲਏ
ਮਹਾਂ ਸਿੰਘ ਤੇ ਸਤਿਗੁਰ ਸਹਾਈ ਸਿੰਘ ਜੀ ਵਾਹ ਵਾਹ ਇਹ ਹੱਦ ਮੁਕਾ ਗਏ
ਬੜੀ ਨਾਲ ਕਠਨਾਈ ਦੇ ਫੌਜ ਸਣੇ ਉਤੇ ਠੇਰੀ ਪਹਾੜ ਦੇ ਆ ਗਏ
ਅਗੋਂ ਉਠ ਪਠਾਣ ਜਵਾਨ ਸਾਰੇ ਐਲੀ ਐਲੀ ਕਰ ਗਲ ਨੇ ਆ ਪਏ
ਦੋਹਾਂ ਧਿਰਾਂ ਨੇ ਤੀਰਾਂ ਤੇ ਗੋਲੀਆਂ ਦੇ ਰੱਜ ਰੱਜ ਕੇ ਮੀਂਹ ਬਰਸਾ ਲਏ
ਰੋੜ ਰੋੜ ਕੇ ਪੱਥਰ ਪਹਾੜ ਉਤੋਂ ਭਾਵੇਂ ਬੜੇ ਨੁਕਸਾਨ ਪੁਚਾ ਲਏ
ਐਪਰ ਫੇਰ ਵੀ ਸਿੰਘਾਂ ਪਠਾਣਾਂ ਤਾਈਂ ਵਧ ਵਧਕੇ ਹਥ ਵਿਖਾ ਲਏ
ਸਿੰਘਾਂ ਲੜਦਿਆਂ ਭਿੜਦਿਆਂ ਮਰਦਿਆਂ ਨੇ ਅਗਾਂ ਅਗਾਂ ਹੀ ਪੈਰ ਵਧਾ ਲਏ
ਦਿਤੀ ਜੰਗ ਨੂੰ ਪਿੱਠ ਨ ਬਿਸ਼ਨ ਸਿੰਘਾ ਭਾਵੇਂ ਸਿਰ ਤੇ ਦੁਖ ਉਠਾ ਲਏ

{ਅਕਾਲੀਆਂ ਦੇ ਕੁਮੇਦਾਨ ਸਤਿਗੁਰ ਸਹਾਈ ਸਿੰਘ ਅਤੇ
ਕਰਨੈਲ ਮਹਾਂ ਸਿੰਘ ਦਾ ਮਰਨਾ}

ਵਧਿਆ ਸਤਿਗੁਰ ਸਹਾਈ ਸਿੰਘ ਬੜਾ ਅਗੇ ਵਾਂਗ ਸ਼ੇਰ ਦੇ ਆ ਭਬਕਾਰਿਆ ਹੈ
ਇਕ ਗਾਜ਼ੀ ਨੇ ਵਧਕੇ ਸਿੰਘ ਤਾਈਂ ਜੋੜ ਕਰ ਦੁਗਾੜਾ ਆ ਮਾਰਿਆ ਹੈ
ਮੱਥਾ ਫੋੜਕੇ ਖੋਪਰੀ ਚੂਰ ਕਰਕੇ ਖਬਰੇ ਕਿਧਰ ਨੂੰ ਨਿਕਲ ਕੇ ਜਾ ਰਿਹਾ ਹੈ
ਏਸੇ ਤਰਾਂ ਹੀ ਇਕ ਜਹਾਦੀ ਆਕੇ ਮਹਾਂ ਸਿੰਘ ਨੂੰ ਖੰਡਾ ਉਭਾਰਿਆ ਹੈ
ਦੋਵੇਂ ਸਿੰਘ ਮੈਦਾਨ ਸ਼ਹੀਦ ਹੋਏ ਵਾਹ ਆਪਣੇ ਆਪਨੂੰ ਤਾਰਿਆ ਹੈ
ਬਿਸ਼ਨ ਸਿੰਘਾ ਇਹ ਦੇਖਕੇ ਕਹਿਰ ਭਾਰਾ ਸਾਰੇ ਖਾਲਸੇ ਹੌਸਲਾ ਹਾਰਿਆ ਹੈ

[ਸਿੰਘਾਂ ਨੂੰ ਹਾਰ ਹੋਣੀ]

ਇਹਨਾਂ ਦੋਹਾਂ ਸਰਦਾਰਾਂ ਦੇ ਮਰਦਿਆਂ ਹੀ ਸਾਰੇ ਸਿੰਘ ਨੇ ਹੌਸਲਾ ਢਾਹੀ ਆਏ
ਪੈਰ ਹਲ ਗਏ ਦਿਲ ਧੜਕ ਗਏ ਇਕ ਦੂਜੇ ਦੇ ਮਗਰ ਨੇ ਧਾਈ ਆਏ
ਹੁਣ ਤਾਂ ਚੜ੍ਹ ਪਠਾਣਾਂ ਦੀ ਆ ਮੱਚੀ ਮਗਰ ਸਿੰਘਾਂ ਦੇ ਪਾਈ ਦੁਹਾਈ ਆਏ
ਇੱਕ ਇੱਕ ਨੇ ਚਹੁੰ ਨੂੰ ਮਾਰਿਆ ਆ ਦਬਾ ਦਬ ਨੇ ਮਗਰੋਂ ਦਬਾਈ ਆਏ
ਸਿੱਖਾਂ ਭਜਦਿਆਂ ਨੂੰ ਰਾਹ ਲੱਭਿਆ ਨਾ ਦੋ ਢਾਈ ਕੋਹ ਤੁਰਕ ਭਜਾਈ ਆਏ
ਉਤਰੇ ਠੇਰੀ ਪਹਾੜ ਤੋਂ ਬਿਸ਼ਨ ਸਿੰਘਾ ਬਜੀਤ ਸਿੰਘਾਂ ਦਾ ਆਹੂ ਨੇ ਲਾਹੀ ਆਏ

{ਪਠਾਣ ਠੇਰੀ ਪਹਾੜ ਤੋਂ ਉਤਰਕੇ ਉਸ ਮੈਦਾਨ ਵਿਚ ਆ ਗਏ ਜਿਥੇ
ਫੂਲਾ ਸਿੰਘ ਅਕਾਲ ਰਜਮਟ ਦੇ ਚਾਰਕੁ ਹਜਾਰ ਅਸਵਾਰਾਂ ਸਮੇਤ ਖੜਾ ਸੀ}

ਫੂਲਾ ਸਿੰਘ ਵੀ ਬੜਾ ਹੈ ਜੰਗ ਕੀਤਾ ਰੱਜ ਰੱਜ ਕੇ ਤੁਰਕਾਂ ਦੇ ਆਹੂ ਲਾਹੇ
ਫੂਲਾ ਸਿੰਘ ਦੇ ਸਿੰਘਾਂ ਅਕਾਲੀਆਂ ਨੇ ਬੜੇ ਭਾਰੇ ਪਠਾਣ ਨੇ ਲੰਮੇ ਪਾਏ
ਦੂਜੇ ਪਾਸਿਓਂ ਹਰੀ ਸਿੰਘ ਨਲੂਏ ਨੇ ਵਾਢੀ ਪਾਕੇ ਤੁਰਕ ਨੇ ਬੜੇ ਘਾਏ
ਨੱਸਣ ਲਗੀ ਪਠਾਣ ਜਾਂ ਬਿਸ਼ਨ ਸਿੰਘਾ ਭਾਣਾ ਵਰਤਿਆ ਇਕ ਹੈ ਹੋਰ ਆਏ

[ਫੂਲਾ ਸਿੰਘ ਅਕਾਲੀ ਦਾ ਮਰਨਾ]

ਫੂਲਾ ਸਿੰਘ ਸੀ ਵਧਕੇ ਲੜ ਰਿਹਾ ਮਾਰ ਮਾਰ ਪਠਾਣ ਕਈ ਧਰੇ ਆਕੇ
ਸਾਰੇ ਸਿੱਖਾਂ ਨੂੰ ਤਾੜ ਵਧਾ ਰਿਹਾ ਮਾਰ ਦਿਤੇ ਪਠਾਣ ਸੋ ਬੜੇ ਆਕੇ
ਦਬਾ ਦਬ ਆ ਸਿੱਖਾਂ ਨੂੰ ਜੋਸ਼ ਦੇਕੇ ਵਧ ਵਧ ਕੇ ਜੰਗ ਸੋ ਕਰੇ ਆਕੇ
ਫੂਲਾ ਸਿੰਘ ਦਾ ਵੇਖਕੇ ਜੰਗ ਐਸਾ ਇਕ ਗਾਜ਼ੀ ਨੂੰ ਜੋਸ਼ ਨੇ ਚੜ੍ਹੇ ਆਕੇ
ਫੂਲਾ ਸਿੰਘ ਦੇ ਨਾਲ ਆ ਜੁਟਿਆ ਹੈ ਰੱਜ ਰੱਜ ਕੇ ਦੋਵੇਂ ਹੀ ਲੜੇ ਆਕੇ
ਐਸੇ ਦੋਹਾਂ ਦੇ ਵਾਰ ਨੇ ਹੋਏ ਕੱਠੇ ਦੋਵੇਂ ਇਕੋ ਹੀ ਵਾਰ ਨੇ ਮਰੇ ਆਕੇ
ਫੂਲਾ ਸਿੰਘ ਅਕਾਲੀ ਤਾਂ ਬਿਸ਼ਨ ਸਿੰਘਾ ਜਨਮ ਮਰਨ ਦੇ ਦੁਖ ਤੋਂ ਤਰੇ ਆਕੇ

[ਤਬਾ]

ਫੂਲਾ ਸਿੰਘ ਦਾ ਚੜ੍ਹਨਾ ਤਾਂ ਖਾਲਸੇ ਨੂੰ ਕਾਲੇ ਸੱਪ ਦਾ ਲੜਨਾ ਆ ਹੋ ਗਿਆ
ਭੁਲਾ ਮਾਰਨਾ ਮਰਨਾ ਤਾਂ ਭੁਲ ਗਏ ਔਖਾ ਜੰਗ ਵਿਚ ਖੜਨਾ ਆ ਹੋ ਗਿਆ
ਸਭਨਾ ਨੱਠਣ ਤੇ ਲੱਕ ਹੈ ਬੰਨ੍ਹ ਲਿਆ ਹੱਕਾ ਬੱਕਾ ਹੋ ਦਲ ਖਲੋ ਗਿਆ
ਜੰਗ ਕਰਨ ਤੋਂ ਦਲ ਅਕਾਲੀਆਂ ਦਾ ਬਿਸ਼ਨ ਸਿੰਘ ਹੈ ਬੱਸ ਖਲੋ ਗਿਆ

{ਮਹਾਰਾਜ ਜੋ ਦੂਰ ਪਿਛੇ ਹਾਥੀ ਉੱਤੇ ਚੜ੍ਹੇ ਹੋਏ ਜੰਗ ਦੇਖ ਰਹੇ ਸਨ
ਸਿੰਘਾਂ ਦਾ ਇਹ ਹਾਲ ਦੇਖਕੇ ਬਹੁਤ ਸ਼ੋਕਾਤੁਰ ਹੋਏ ਤੇ ਪਾਸ ਖੜੇ ਕਾਦਰ
ਬਖਸ਼ ਚੌਧਰੀ ਨੂੰ ਜੋ ਇਕ ਪੁਰਾਣਾ ਤੇ ਸਿਆਣਾ ਆਦਮੀ ਸੀ
ਪੁਛਿਆ ਕਿ ਐਸ ਵੇਲੇ ਕੀ ਕਰੀਏ ?}

ਮਹਾਰਾਜ ਹੈਰਾਨ ਹੋ ਆਖਦੇ ਨੇ ਦਸੋ ਮੀਆਂ ਜੀ ਕੀ ਬਣਾਈਏ ਜੀ
ਐਸ ਵੇਲੇ ਹੁਣ ਕੀ ਉਪਾਇ ਕਰੀਏ ਜੀਕੂੰ ਤੁਰਕਾਂ ਤੋਂ ਦਲ ਬਚਾਈਏ ਜੀ
ਦਸੋ ਸੋਈ ਤਦਬੀਰ ਵਿਚਾਰ ਕਰਕੇ ਜੀਕੂੰ ਤੁਰਕਾਂ ਨੂੰ ਮਾਰ ਭਜਾਈਏ ਜੀ
ਕਾਦਰ ਬਖਸ਼ ਨੇ ਕਿਹਾ ਮਹਾਰਾਜ ਸਾਹਿਬ ਸਕੰਦ੍ਰ ਵਾਲਾ ਹੁਣ ਦਾ ਲਗਾਈਏ ਜੀ
ਆਪ ਹਾਥੀ ਤੋਂ ਉਤਰ ਕੇ ਚੜ੍ਹੋ ਘੋੜੇ, ਘੋੜਾ ਜੰਗ ਦੇ ਵਿਚ ਵਧਾਈਏ ਜੀ
ਕਰੋ ਇਸਤਰਾਂ ਆਪ ਜੇ ਬਿਸ਼ਨ ਸਿੰਘਾ ਫਤੇ ਹੁਣੇ ਹੀ ਜੰਗ ਦੀ ਪਾਈਏ ਜੀ

[ਮਹਾਰਾਜ ਨੇ ਜੰਗ ਵਿਚ ਆਉਣਾ]

ਮਹਾਰਾਜ ਰਣਜੀਤ ਸਿੰਘ ਜੰਗ ਅੰਦਰ ਆਏ ਘੋੜੇ ਦੇ ਉੱਤੇ ਅਸਵਾਰ ਹੋ ਹੋ
ਅੱਸੀ ਕਦਮ ਵਧਾਇਕੇ ਅਗੇ ਘੋੜਾ ਮਾਰਾ ਹੈ ਲਲਕਾਰਾ ਸਰਕਾਰ ਹੋ ਹੋ

ਸਾਰੀ ਫੌਜ ਨੂੰ ਜਾਨ ਹੈ ਆਨ ਪੈ ਗਈ, ਇਕ ਇਕ ਦੇ ਲੜੇ ਨੇ ਚਾਰ ਹੋ ਹੋ
ਹੱਲਾ ਕਰਨ ਦਾ ਹੁਕਮ ਮਹਾਰਾਜ ਦਿੱਤਾ ਸਾਰੀ ਫੌਜ ਨੂੰ ਆਪ ਵੰਗਾਰ ਹੋ ਹੋ
ਬੱਸ ਫੇਰ ਤਾਂ ਸਿੰਘ ਤਮਾਮ ਰਲਕੇ ਲੜੇ ਬੜਾ ਨੇ ਪੱਬਾਂ ਦੇ ਭਾਰ ਹੋ ਹੋ
ਵੱਟ ਵੱਟ ਕਚੀਚੀਆਂ ਸਿੰਘ ਸਾਰੇ ਪਏ ਸ਼ੇਰਾਂ ਦੇ ਵਾਂਗ ਭਬਕਾਰ ਹੋ ਹੋ
ਉਲਟ ਪਏ ਨੇ ਤੁਰਕਾਂ ਤੇ ਇਕੋ ਵਾਰੀ ਵਾਂਗ ਘਟਾਂ ਦੇ ਮਾਰ ਲਲਕਾਰ ਹੋ ਹੋ
ਫੌਜ ਉਧਰ *ਅਕਾਲੀਆਂ ਸਾਰਿਆਂ ਦੀ ਭੱਜੀ, ਜਾਂਵਦੀ ਮੁੜੀ ਖੁਆਰ ਹੋ ਹੋ
ਇਹ ਵੀ ਫੌਜ ਹੁਣ ਜੰਗ ਨੂੰ ਆ ਜੁੱਟੀ ਮੁੜਕੇ ਖਾ ਕੇ ਗੁੱਸਾ ਅਪਾਰ ਹੋ ਹੋ
ਵਿਚ ਜੰਗ ਦੇ ਆਉਣਾ ਮਹਾਰਾਜ ਜੀ ਦਾ ਐਡਾ ਹੋਯਾ ਹੈ ਅਸਰ ਵਿਚਾਰ ਹੋ ਹੋ
ਵਾਹ ਵਾਹ ਕੁਰਬਾਨ ਅਕਾਲੀਆਂ ਤੋਂ ਨਸੇ ਜਾਂਦੇ ਵੀ ਆਏ ਤਿਆਰ ਹੋ ਹੋ
ਜਾਨ ਹੱਥ ਤੇ ਰੱਖਕੇ ਲੜੇ ਸਾਰੇ ਸਤਿ ਸ੍ਰੀ ਅਕਾਲ ਉਚਾਰ, ਹੋ ਹੋ
ਜੇਹੜੇ ਮਰੇ ਸੋ ਤਰੇ ਨੇ ਬਿਸ਼ਨ ਸਿੰਘਾ ਪਏ ਇਸ ਸੰਸਾਰ ਤੋਂ ਪਾਰ ਹੋ ਹੋ

[ਠੇਰੀਆਂ ਦੇ ਪਿਛਲੇ ਪਾਸਿ ਦੀ ਫੌਜ ਨੇ ਪਠਾਣਾ ਨੂੰ ਆ ਘੇਰਿਆ]

ਪਿਛਲੇ ਪਾਸੇ ਜੋ ਠੇਰੀ ਦੇ ਫੌਜ ਸੀਗੀ ਓਹ ਠੇਰੀ ਤੇ ਚੜ੍ਹਕੇ ਆ ਗਈ
ਘੇਰ ਲਿਆ ਪਠਾਣਾ ਨੂੰ ਆਨ ਪਿਛੋਂ ਹੱਲਾ ਬੋਲਕੇ ਫੌਜ ਹੈ ਧਾ ਪਈ
ਦੋਹਾਂ ਪਾਸਿਆਂ ਤੋਂ ਫੌਜ ਖਾਲਸੇ ਦੀ ਗਲ ਹੈ ਪਠਾਣਾ ਦੇ ਆ ਪਈ
ਹੁਣ ਜਾਨ ਬਚਾਵਣੀ ਹੋਈ ਔਖੀ ਤੁਰਕਾਂ ਦੇਖਦੇ ਹੀ ਮੂਧੀ ਪਾ ਲਈ

[ਪਠਾਣਾ ਨੇ ਹਾਰਨਾ]

ਭਾਵੇਂ ਵਾਂਗ ਭਵੱਕੜਾਂ ਉਠ ਕਰਕੇ ਜ਼ੋਰ ਬੜੇ ਪਠਾਣਾ ਨੇ ਲਾ ਲਏ
ਐਪਰ ਫੇਰ ਵੀ ਖਾਲਸੇ ਜ਼ੋਰ ਦੇਕੇ ਦਬਾ ਦਬ ਪਠਾਣ ਦਬਾ ਲਏ
ਧੂਹ ਧੂਹ ਕੇ ਸਿੰਘ ਭਗੌਤਿਆਂ ਨੂੰ ਦੋਂਹ ਪਾਸਿਓਂ ਗਲ ਨੇ ਆ ਪਏ
ਬੱਸ ਨੱਸ ਖੜੋਤੇ ਪਠਾਣ ਸਾਰੇ ਮਗਰ ਕੁੱਦ ਕੇ ਸਿੰਘ ਨੇ ਜਾ ਪਏ
ਐਸੀ ਤੇਗ ਵਾਹੀ ਆਹੂ ਲਾਹ ਦਿਤੇ ਰੱਜ ਰੱਜ ਪਠਾਣ ਨੇ ਘਾ ਲਏ
ਚੋਡ ਮੁੰਡ ਪਠਾਣਾ ਦਾ ਕਰ ਦਿੱਤਾ ਵਧ ਵਧ ਕੇ ਹੱਥ ਵਿਖਾ ਲਏ
ਲਾ ਦਿਤੇ ਸਥਾਰ ਜਵਾਰ ਵਾਂਗੂ ਭੱਜੇ ਜਾਂਵਦੇ ਹੀ ਲੰਮੇ ਪਾ ਲਏ
ਤੁਰਕਾਂ ਨਸਦਿਆਂ ਨੂੰ ਰਾਹ ਲਭਿਆ ਨਾ ਸਾਰੇ ਸਿੰਘਾਂ ਨੂੰ ਪਿੱਠਾਂ ਦਿਖਾ ਗਏ
ਜਿਧਰ ਜਿਧਰ ਸੀ ਕਿਸਿ ਦਾ ਮੂੰਹ ਹੋਯਾ ਓਧਰ ਓਧਰ ਹੀ ਦੌੜ ਕੇ ਧਾ ਗਏ
ਢੂੰਡ ਢੂੰਡ ਪਠਾਣ ਵੀ ਖਾਲਸੇ ਨੇ ਫੜਕੇ ਤੇਗ਼ਾ ਦੇ ਘਾਟ ਲੰਘਾ ਲਏ
ਬਾਕੀ ਬਚਿਆਂ ਪਠਾਣਾ ਪਹਾੜੀਆਂ ਵਿਚ ਤੋਬਾ ਤੋਬਾ ਕਰ ਸਿਰ ਲੁਕਾ ਲਏ

---

*ਮਹਾਰਾਜ ਨੇ ਅਕਾਲੀਆਂ ਦੀ ਫੌਜ ਨੱਸੀ ਜਾਂਦੀ ਨੂੰ ਰੋਕਣ ਵਾਸਤੇ ਨਜੀਬਾਂ ਵਾਲੀ ਫੌਜ ਨੂੰ ਹੁਕਮ ਦਿੱਤਾ, ਆਖਿਆ ਕਿ ਜੇਕਰ ਨਾ ਮੁੜਨ ਤਾਂ ਓਹਨਾਂ ਨੂੰ ਵੀ ਪਠਾਣਾ ਦੇ ਨਾਲ ਹੀ ਤੋਪਾਂ ਧਰਕੇ ਉਡਾ ਦੇਵੋ।

*ਅਜ਼ੀਮਖਾਂ ਨੂੰ ਹੁਣ ਉਡੀਕਣ ਲਗੇ ਬਿਸ਼ਨ ਸਿੰਘ ਖੁਦਾ ਬਚਾ ਲਏ

{ਮਹਾਰਾਜ ਨੇ ਜੰਗ ਜਿੱਤਕੇ ੨੩ ਚੇਤ੍ਰ ਸੰ: ੧੮੮੧ ਬਿ: ਨੂੰ ਪਸ਼ੌਰ ਵਿਚ ਦਾਖਲ ਹੋਣਾ}

ਅਗੇ ਵਧਕੇ ਬਹੁਤ ਸਰਕਾਰ ਜੀ ਨੇ ਮਸਤ ਨਗਰ ਤਕ ਮੁਲਕ ਦਬਾ ਲਿਆ
ਖੈਬਰ ਬਾਸ ਤਕ ਆਦਿ ਹੀ ਮੁਲਕ ਸਾਰਾ ਸਿੰਘਾਂ ਲੁੱਟਕੇ ਕਰ ਸਫਾ ਲਿਆ
ਫਤੇ ਪਾਕੇ ਜੰਗ ਤੋਂ ਮਹਾਰਾਜੇ ਡੇਰਾ ਵਿਚ ਪਸ਼ੌਰ ਦੇ ਲਾ ਲਿਆ
ਖਾਂ ਯਾਰ ਮੁਹੰਮਦ ਪਸ਼ੌਰ ਸੂਬੇ ਮਹਾਰਾਜ ਨੂੰ ਸਿਰ ਨਿਵਾ ਲਿਆ
ਘੋੜੇ ਨਜ਼ਰ ਪੰਜਾਹ ਨੇ ਆਣ ਕੀਤੇ ਜੁਾਹਰਾਤ ਦਾ ਢੇਰ ਲਗਾ ਲਿਆ
†ਗੌਹਰਬਾਰ ਵੀ ਘੋੜਾ ਮਹਾਰਾਜ ਜੀ ਨੂੰ ਹਥ ਜੋੜਕੇ ਸੂਬੇ ਫੜਾ ਲਿਆ
ਇਕ ਲਖ ਤੇ ਪੰਜੀ ਹਜਾਰ ਗਿਣਕੇ ਲੇਖਾ ਪਿਛਲਾ ਸਭ ਚੁਕਾ ਲਿਆ
ਮੁੜਕੇ ਯਾਰ ਮੁਹੰਮਦ ਪਸ਼ੌਰ ਸੰਦਾ ਮਹਾਰਾਜ ਨੇ ਸੂਬਾ ਬਣਾ ਲਿਆ
ਆ ਗਏ ਲਾਹੌਰ ਫਿਰ ਬਿਸ਼ਨ ਸਿੰਘਾ ਬੜਾ ਭਾਰਾ ਅਨੰਦ ਮਨਾ ਲਿਆ

[ਮਹਾਰਾਜ ਨੇ ਅਮ੍ਰਿਤਸਰ ਦੀ ਸੇਵਾ ਕੀਤੀ]

ਜੰਗ ਜਿੱਤਕੇ ਇਹ ਮਹਾਰਜ ਜੀ ਨੇ ਬੜੀ ਭਾਰੀ ਹੈ ਖੁਸ਼ੀ ਮਨਾਈ ਸਜਨੋਂ
ਭੇਟਾ ਪੰਝੀ ਹਜਾਰ ਗੁਰ ਗ੍ਰੰਥ ਸੰਦੀ ਅਮ੍ਰਿਤਸਰ ਸਰਕਾਰ ਚੜ੍ਹਾਈ ਸਜਨੋਂ
ਕੀਤੇ ਜਲਸੇ, ਰੌਸ਼ਨੀ ਦੀਪਮਾਲਾ ਅਮ੍ਰਿਤਸਰ ਲਾਹੌਰ ਕਰਾਈ ਸਜਨੋਂ
ਚੜਕੇ ਹਾਥੀ ਦੇ ਉਤੇ ਬਜਾਰਾਂ ਅੰਦਰ ਦੌਲਤ ਗਰੀਬਾਂ ਨੂੰ ਵੰਡੀ ਵੰਡਾਈ ਸਜਨੋਂ

---

*ਜਦ ਬਾਕੀ ਬਚਿਆਂ ਹੋਇਆਂ ਪਠਾਣਾਂ ਨੇ ਪਹਾੜ ਵਿਚ ਲੁਕਕੇ ਸੁਣਿਆਂ ਕੇ ਮੁਹੰਮਦ ਅਜ਼ੀਮ ਨੂੰ ਵੰਤੂਰਾ ਸਾਹਿਬ ਵਾਲੀ ਫੌਜ ਨੇ ਅਗੇ ਨਹੀਂ ਆਉਣ ਦਿਤਾ ਅਤੇ ਛੇ ਬੇੜੀਆਂ ਜੋ ਉਸਨੇ ਸਾਡੀ (ਠੇਰੀ ਵਾਲਿਆਂ ਦੀ) ਮਦਤ ਨੂੰ ਮੁਲਖਈਆਂ ਦੀਆਂ ਭੇਜੀਆਂ ਸਨ ਓਹ ਵੀ ਸਿੰਘਾਂ ਨੇ ਤੋਪਾਂ ਮਾਰਕੇ ਡੋਬ ਛਡੀਆਂ ਹਨ ਤਾਂ ਨਿਰਾਸ ਹੋਕੇ ਜਿਧਰ ੨ ਜਿਸਦਾ ਮੂੰਹ ਹੋਯਾ ਓਧਰੇ ਹੀ ਤੁਰ ਗਏ,ਤੇ ਓਧਰ ਮੁਹੰਮਦ ਅਜ਼ੀਮ ਖਾਂ ਨੇ ਠੇਰੀ ਦੀ ਦੁਰਦਸ਼ਾ ਸੁਣਕੇ ਪਿਛੇ ਨੂੰ ਵਾਗ ਫੇਰ ਲਈ। ਏਸ ਜੰਗ ਵਿਚ ਬੜੇ ੨ ਨਾਮੀ ੨ ਰਈਸ ਪਠਾਣ ਨੌਰੋਜ਼ ਖਾਂ, ਫੀਰੋਜ਼ ਖਾਂ, ਮੁਹੰਮਦ ਬਖਸ਼ ਖਟਕ, ਤੇ ਮਿਰਜਾ ਜਾਫਰਬੇਗ ਆਦਕ ਜਿਨਾਂ ਦੇ ਭਰੋਸੇ ਅਜ਼ੀਮ ਖਾਂ ਚੜਕੇ ਆਯਾ ਸੀ ਸਭ ਮਾਰੇ ਗਏ ਲਿਖਿਆ ਹੈ ਕਿ ਏਸ ਜੰਗ ਵਿਚ ਵੀਹ ਹਜਾਰ ਪਠਾਣ ਤੇ ਛੀ ਹਜਾਰ ਸਿੰਘ ਕੰਮ ਆਏ, ਫੂਲਾ ਸਿੰਘ ਅਕਾਲੀ ਦੀ ਵੀ ਸਮਾਧ ਹੁਣ ਤਕ ਓਥੇ ਹੈ।

†ਅਗੇ ਪਹਿਲੇ ਮਹਾਰਾਜ ਇਸ ਗੌਹਰਬਾਰ ਘੋੜੇ ਬਦਲੇ ਪੰਜੀ ਹਜਾਰ ਦੀ ਜਗੀਰ ਦੇ ਰਹੇ ਸਨ ਤੇ ਓਸਨੇ ਮੰਨੀ ਨਹੀਂ ਸੀ ਓਸ ਘੋੜੇ ਨੂੰ ਲੈਕੇ ਮਹਾਰਾਜ ਬਹੁਤ ਖੁਸ਼ੀ ਹੋਏ ਅਤੇ ੧੫ ਵੈਸਾਖ ਸੰ: ੧੮੮੧ ਨੂੰ ਲਾਹੌਰ ਆ ਬਿਰਾਜੇ।

ਅਮ੍ਰਿਤਸਰ ਦੀ ਕਰੋ ਖਾਂ ਟਹਿਲ ਸਾਰੇ ਸਭਨਾਂ ਸਿਖਾਂ ਨੂੰ ਗਲ ਸੁਣਾਈ ਸਜਣੋ
ਸਾਰੇ ਸਿਖ ਸਰਦਾਰ ਨੇ ਆਣ ਲਗੇ ਧੰਨ ਸਿਖਾਂ ਦੀ ਹੈ ਕਮਾਈ ਸਜਣੋ
ਦੇਸਾ ਸਿੰਘ ਤੇ ਫਤੇਸਿੰਘ ਦਲ ਸਿੰਘਜੀ ਅਮ੍ਰਿਤਸਰ ਦੀ ਖਾਈ ਬਣਵਾਈ ਸਜਣੋ
ਨਾਲੇ ਕੋਟ ਬਣਵਾਯਾ ਹੈ ਬਿਸ਼ਨ ਸਿੰਘਾ ਮਹਾਰਾਜ ਦੀ ਧੰਨ ਦਨਾਈ ਸਜਣੋ

[ਸੰਸਾਰ ਚੰਦ, ਰਾਮਾ ਨੰਦ ਸੇਠ, ਦੀਵਾਨ ਚੰਦ ਦਾ ਮਰਨਾ]

ਏਸੇ ਸਾਲ ਸੰਸਾਰ ਚੰਦ ਜਦੋਂ ਮਰਿਆ ਅਨੁਰੁੱਧ ਨੂੰ ਗੱਦੀ ਬਹਾਇਆ ਏ
ਇਕ ਲੱਖ ਅਨਰੁਧ ਚੰਦ ਨਕਦ ਦਿਤਾ ਇਕ ਲੱਖ ਹੁਧਾਰ ਕਰਾਇਆ ਏ
ਏਸੇ ਸਾਲ ਹੀ *ਰਾਮਾ ਨੰਦ ਸੇਠ ਭਾਰਾ ਅਮ੍ਰਿਤਸਰੀਆ ਜੇਹੜਾ ਕਹਾਇਆ ਏ
ਇਹ ਵੀ ਮਰਗਿਆ ਕੋਠੇ ਭਰ ਗਿਆ ਐਡਾ ਏਸਨੇ ਧਨ ਕਮਾਇਆ ਏ
ਏਸੇ ਸਾਲ ਲਾਹੌਰ ਦਰਬਾਰ ਸੰਦਾ ਬੜਾ ਪੱਕਾ ਜੋ ਥੰਮ ਸਦਾਯਾ. ਏ
ਕਾਲਵਸ ਦੀਵਾਨ ਚੰਦ ਮਿਸਰ ਹੋਯਾ ਬੜਾ ਸ਼ੋਕ ਮਹਾਰਾਜ ਮਨਾਇਆ ਏ
ਉਸਦੇ ਭਾਈ ਸੁਖ ਦਯਾਲ ਨੂੰ ਬਿਸ਼ਨ ਸਿੰਘਾ ਮਹਾਰਾਜ ਦੀਵਾਨ ਬਣਾਇਆ ਏ

[ਪਹਾੜੀ ਰਾਜਿਆਂ ਤੋਂ ਡੇਓਢਾ ਕਰ ਉਗਰਾਹੁਣਾ]

ਏਸੇ ਸਾਲ ਮਹਾਰਾਜ ਪਹਾੜੀਆਂ ਤੋਂ ਆਕੇ ਡੇਓਢਾ ਕਰ ਉਗਰਾਹਿਆ ਹੈ
ਅਜ਼ੀਜ਼ ਦੀਨ ਫਕੀਰ ਪਹਾੜੀਆਂ ਤੋਂ ਪੰਡਾਂ ਬੰਨ ਕੇ ਸਭ ਲਿਆਇਆ ਹੈ
ਮੰਡੀ ਵਾਲੇ ਤੋਂ ਸੱਠ ਹਜ਼ਾਰ ਲੀਤਾ ਦਸ ਹਜਾਰ ਸੁਕੇਤੋਂ ਗਿਣਾਇਆ ਹੈ
ਕੁਲੂ ਕੋਲੋਂ ਹੈ ਛੇ ਹਜਾਰ ਲੀਤਾ ਚੰਬਿਓਂ ਲੈ ਪੰਤਾਲੀ ਆਇਆ ਹੈ

[ਯੂਸਫਜ਼ਈ ਪਠਾਣਾਂ ਨੇ ਦੰਗਾ ਕਰਨਾ ਤੇ ਹਰੀ ਸਿੰਘ ਨੇ ਇਹਨਾਂ ਨੂੰ ਸੋਧਣਾ]

ਮਹਾਰਾਜ ਦੁਸੈਹਰਾ ਲਾਹੌਰ ਕਰਕੇ ਪਹਿਲੇ ਆਵਣਾਂ ਹੈ ਵਜੀਰਾ ਬਾਦ ਕੀਤਾ
ਖਬਰ ਆਈ ਪਸ਼ੌਰ ਦੀ ਤਰਫ ਵਲੋਂ ਯੂਸਫ ਜ਼ਈਆਂ ਨੇ ਬੜਾ ਫਸਾਦ ਕੀਤਾ
ਦਰੇ ਬੰਦ ਦਾ ਕਿਲਾ ਛੁਡਾ ਲਿਆ ਅਤੇ ਸਿਖਾਂ ਨੂੰ ਮਾਰ ਬਰਬਾਦ ਕੀਤਾ
ਹਰੀ ਸਿੰਘ ਨੂੰ ਫੌਜ ਦੇ ਭੇਜ ਦਿਤਾ ਇਹ ਕੰਮ ਮਹਾਰਾਜ ਨੇ ਆਦ ਕੀਤਾ

---

*ਏਸਨੂੰ ਮਹਾਰਾਜ ਜੀ ਬਾਬਾ ਜੀ ਆਖਿਆ ਕਰਦੇ ਸੇ, ਜਦ ਏਸਦੇ ਘਰ ਮੁਕਾਣ ਲਾਹਣ ਗਏ ਤਾਂ ਸੇਠਾਣੀ ਨੂੰ ਆਖਿਆ ਮਾਈ ਜੀ ਮੇਰੇ ਬਾਬੇ ਦਾ ਕੋਈ ਹੋਰ ਤਾਂ ਪੁਤ੍ਰ ਨਹੀਂ ਸੀ ਮੈਂਨੂੰ ਓਹ ਪੁਤ੍ਰ ਆਖਿਆ ਕਰਦੇ ਸੇ। ਸੇਠਾਣੀ ਨੇ ਏਸ ਰਮਜ ਤੋਂ ਮਹਾਰਾਜ ਦਾ ਮਤਲਬ ਸਮਝਕੇ ਅੱਠ ਲੱਖ ਰੁਪੱਯਾ ਨਕਦ ਦੇਕੇ ਆਖਿਆ ਲੈ ਤੇਰੇ ਹੀ ਘਰੋਂ ਕਮਾਯਾ ਹੋਯਾ ਹੈਨਾ, ਮਹਾਰਾਜ ਨੇ ਓਹ ਰੁਪਯਾ ਲਾਹੌਰ ਸ਼ੈਹਰ ਦੇ ਕੋਟ ਖਾਈ ਉਪਰ ਖਰਚਿਆ। ਸੇਠਾਣੀ ਨੇ ਵੀ ਖੁਸ਼ੀ ਮਨਾਈ ਕਿਉਂਕਿ ਓਸ ਪਾਸ ਜੋ ਬਹੁਤ ਰੁਪਿਆ ਬਾਕੀ ਸੀ ਓਹ ਮਹਾਰਾਜ ਮਾਈ ਦੇ ਲਿਹਾਜ ਕਰਕੇ ਛਡ ਆਏ ਸਨ ਸੇਠਾਣੀ ਤੇ ਸੇਠਾਣੀ ਦੇ ਦੋਹਤਰੇ ਬੱਦਰੀ ਦਾਸ ਨੇ ਭੀ ਹੋਰ ਬਹੁਤ ਦੌਲਤ ਧਰਮ ਅਰਥ ਖਰਚ ਕੀਤੀ।

ਅੱਠ ਕਤਕ ਨੂੰ ਜਾਕੇ ਹਰੀ ਸਿੰਘ ਨੇ ਹਾਲ ਤੁਰਕਾਂ ਦਾ ਵਾਂਗ ਕਮਾਦ ਕੀਤਾ
ਪਿੱਛੋਂ ਆਪ ਮਹਾਰਾਜ ਵੀ ਆ ਪਹੁੰਚੇ ਡੇਰਾ ਅਟਕ ਤੇ ਆ ਅਬਾਦ ਕੀਤਾ

[ਯੂਸਫ ਜ਼ਈਆਂ ਪਠਾਣਾਂ ਨੂੰ ਹਾਰ ਹੋਣੀ]

ਹਰੀਆਂ ਝੰਡੀਆਂ ਵੇਖ ਮੁਲਖਈਆਂ ਦੀਆਂ ਮਹਾਰਾਜੇ ਨੇ ਸਿੰਘ ਨੇ ਮਗਰ ਪਾਏ
ਚਾਰ ਘੰਟੇ ਆ ਲੜੇ ਪਠਾਣ ਓਥੇ ਐਧਰ ਓਧਰ ਨੂੰ ਫੇਰ ਨੇ ਉਠ ਧਾਏ
ਪੰਦ੍ਰਾਂ ਕੋਹ ਤਕ ਸਿੰਘ ਦਬਾਈ ਆਏ ਘੋੜ ਚੜ੍ਹਿਆਂ ਨੇ ਤੁਰਕ ਨੇ ਬੜੇ ਘਾਏ
ਕੁਝ ਪਕੜ ਲੀਤੇ ਕੁਝ ਮਾਰ ਦਿਤੇ ਯੂਸਫ ਜ਼ਈਆਂ ਨੇ ਕੰਨਾਂ ਨੂੰ ਹਥ ਲਾਏ

[ਯੂਸਫ ਜ਼ਈਆਂ ਨੂੰ ਸੂਬੇ ਪਸ਼ੌਰ ਦੀ ਸਫਾਰਸ਼ ਤੇ ਛਡਕੇ ਆਪ ਲਾਹੌਰ ਆਏ]

ਗੜ੍ਹੀ ਲਕਵਾਹ ਵਲ ਦੀ ਆ ਕਰਕੇ ਡੇਰੇ ਵਿਚ ਪਸ਼ੌਰ ਦੇ ਲਾ ਲਏ
ਹਾਜ਼ਰ ਹੋਕੇ ਯਾਰ ਮੁਹੰਮਦ ਓਦੋਂ ਯੂਸਫ ਜ਼ਈ ਪਠਾਣ ਛੁਡਾ ਲਏ
ਇਹ ਮੁੜਕੇ ਨ ਕਦੀ ਫਸਾਦ ਕਰਸਨ ਸੂਬੇ ਕਰ ਸਿਫਾਰਸ਼ ਬਚਾ ਲਏ
ਠਾਗਾਂ ੧ ਘਰ ਨੂੰ ਪੰਜੇ ਦਾ ਦਰਸ਼ਨ ਕਰਕੇ ਬਾਈ ਮੱਘਰ ਲਾਹੌਰ ਨੇ ਆ ਗਏ

{ ੧੯ ਚੇਤਰ ਸੰ: ੧੮੮੨ ਬਿ: ਨੂੰ ਮਹਾਰਾਜ ਨੇ ਮੋਤੀਰਾਮ ਦੀਵਾਨ
ਨੂੰ ਚਟੀ ਲਾਉਣੀ ਅਤੇ ਇਸਦੇ ਪੁਤ੍ਰ ਕਿਰਪਾ ਰਾਮ ਨੂੰ ਕੈਦ ਕਰਨਾ }

ਮੋਤੀਰਾਮ ਕਸ਼ਮੀਰ ਦੇ ਲੋਗਾਂ ਤਾਂਈਂ ਜ਼ੁਲਮ ਕਰਕੇ ਬੜਾ ਸਤਾ ਲਿਆ
ਨਾਲੇ ਰੁਪਯਾ ਸਰਕਾਰੀ ਹੈ ਖਾ ਲਿਆ ਇਸ ਲਈ ਝਟ ਕਸ਼ਮੀਰੋਂ ਬੁਲਾ ਲਿਆ
ਮੋਤੀਰਾਮ ਨੂੰ ਅੱਸੀ ਹਜਾਰ ਚਟੀ ਮਹਾਰਾਜ ਸਰਕਾਰ ਨੇ ਲਾ ਲਿਆ
ਕਿਰਪਾ ਰਾਮ ਸੀ ਪੁਤਰ ਅਮੋੜ ਇਸਦਾ ਇਸਨੂੰ ਕੋਲ ਮਹਾਰਾਜ ਸਦਾ ਲਿਆ
ਦਰੇ ਬੰਦ ਦੇ ਜੰਗ ਤੇ ਆਇਆ ਨਾ ਇਸ ਲਈ ਕੈਦ ਕਰ ਜੇਲ ਹੈ ਪਾ ਲਿਆ
ਭੀਮ ਸਿੰਘ ਨੂੰ ਸੂਬਾ ਕਸ਼ਮੀਰ ਸੰਦਾ ਮਹਾਰਾਜ ਨੇ ਪਹਿਲੇ ਬਣਾ ਲਿਆ
ਚੂਨੀਲਾਲ ਤੇ ਦੂਸਰੇ ਗੁਰਮੁਖ ਸਿੰਘ ਨੂੰ ਫੇਰ ਠੇਕੇ ਤੇ ਹੈ ਦਵਾ ਲਿਆ
ਸਤਾਈ ਲੱਖ ਪੰਜਾਹ ਹਜਾਰ ਠੇਕਾ ਲੈਣਾ ਦੋਹਾਂ ਤੋਂ ਹੈ ਸੁਣਾ ਲਿਆ
ਐਪਰ ਕੰਮ ਨ ਚਲਿਆ ਕਿਸੇ ਕੋਲੋਂ ਕਿਰਪਾ ਰਾਮ ਨੂੰ ਕੈਦੋਂ ਕਢਾ ਲਿਆ
ਮੋਰਾਂ ਕੰਜਰੀ ਨੇ ਕਿਰਪਾ ਰਾਮ ਤਾਈਂ ਮਹਾਰਾਜ ਤੋਂ ਆ ਛੁਡਾ ਲਿਆ
ਕਿਰਪਾ ਰਾਮ ਨੂੰ ਸੂਬਾ ਕਸ਼ਮੀਰ ਸੰਦਾ ਫੇਰ ਕਰ ਮਹਾਰਾਜ ਬਹਾ ਲਿਆ
ਕਿਰਪਾ ਰਾਮ ਨੂੰ ਮੋਰਾਂ ਨੇ ਬਿਸ਼ਨ ਸਿੰਘਾ ਮਹਾਰਾਜ ਤੋਂ ਆ ਬਚਾ ਲਿਆ

[ਫਤੇ ਸਿੰਘ ਆਹਲੂਵਾਲੀਏ ਨੇ ਕਪੂਰ ਥਲੇ ਜਾ ਰਹਿਣਾ]

ਤਿੱਖੀ ਦੇਖਕੇ ਨਿਗਾਹ ਮਹਾਰਾਜ ਸੰਦੀ ਫਤੇ ਸਿੰਘ ਅੰਗ੍ਰੇਜ਼ਾਂ ਵਲ ਜਾ ਰਿਹਾ
ਆਪਣਾ ਮੁਲਕ ਜਗਰਾਵਾਂ ਦਾ ਜੇਹੜਾ ਸੀਗਾ ਵਿਚ ਈਸੜ ਦੇ ਡੇਰਾ ਲਗਾ ਰਿਹਾ
ਐਪਰ ਮੱਦਤ ਅੰਗ੍ਰੇਜ਼ਾਂ ਨੇ ਨਹੀਂ ਕੀਤੀ ਮੁੜਕੇ ਫੇਰ ਕਪੂਰ ਥਲੇ ਆ ਰਿਹਾ
ਏਸੇ ਸਮੇਂ ਮਹਾਰਾਜ ਨੇ ਬਿਸ਼ਨ ਸਿੰਘਾ ਦਵਾਬੇ ਵਲ ਹੈ ਕੂਚ ਕਰਾ ਲਿਆ

[੧੬ ਵੈਸਾਖ ਨੂੰ ਦਵਾਬੇ ਦਾ ਦੌਰਾ]

ਊਨੇ ਸਾਹਿਬ ਜਾਕੇ ਮਹਾਰਾਜ ਹੋਰਾਂ ਸਾਹਿਬ ਸਿੰਘ ਨੂੰ ਸਿਰ ਨਿਵਾਯਾ ਹੈ ਜੀ
ਨਕਦ ਪੰਜਾਹ ਹਜ਼ਾਰ ਮਹਾਰਾਜ ਜੀ ਨੇ ਬਾਬੇ ਬੇਦੀ ਨੂੰ ਆ ਚੜ੍ਹਾਯਾ ਹੈ ਜੀ
ਜਵਾਲਾ ਮੁਖੀ ਦੀ ਫੇਰ ਜਾ ਭੇਟ ਕੀਤੀ ਫੇਰ ਅਗੇ ਨੂੰ ਕੂਚ ਕਰਾਯਾ ਹੈ ਜੀ
ਤਾਰਾ ਗੜ੍ਹ ਕੁਟਲੈਰ ਨੂੰ ਫਤੇ ਕਰਨਾ ਧੰਨਾ ਸਿੰਘ ਮਲਵਈ ਪਠਾਯਾ ਹੈ ਜੀ
ਚੰਬੇ ਵਾਲੇ ਨੇ ਪੰਝੀ ਹਜ਼ਾਰ ਲੈਕੇ ਤਾਰਾ ਗੜ੍ਹੀਏ ਦੇ ਵਲੋਂ ਫੜਾਯਾ ਹੈ ਜੀ
ਐਪਰ ਕਿਲਾ ਕੁਟਲੈਰ ਦਾ ਬਹੁਤ ਉੱਚਾ ਪਰਬਤ ਉੱਚੇ ਦੇ ਉੱਤੇ ਬਣਾਯਾ ਹੈ ਜੀ
ਜੱਸ ਵਾਲੀਏ ਰਾਜੇ ਸ਼ਮਸ਼ੇਰ ਸਿੰਘ ਦਾ ਇਹ ਕੁਟਲੈਰ ਦਾ ਕਿਲਾ ਸਦਾਯਾ ਹੈ ਜੀ
ਬੜੀ ਮੁਸ਼ਕਲ ਦੇ ਨਾਲ ਇਹ ਫਤੇ ਕੀਤਾ ਡੇਰਾ ਆਪਣਾ ਵਿਚ ਲਗਾਯਾ ਹੈ ਜੀ
ਮਾਲ ਮੁਲਕ ਸਭ ਏਸਦਾ ਜ਼ਬਤ ਕੀਤਾ ਵੀਹ ਹਜ਼ਾਰ ਗੁਜਾਰਾ ਲਗਾਯਾ ਹੈ ਜੀ
ਮਹਾਰਾਜ ਸਰਕਾਰ ਦਾ ਬਿਸ਼ਨ ਸਿੰਘਾ ਤੇਜ. ਸਾਰੇ ਜਹਾਨ ਤੇ ਛਾਯਾ ਹੈ .ਜੀ

[ਸੰਨ ੧੮੮੩ ਬਿ: ਨੂੰ ਕੌਰ ਖੜਗ ਸਿੰਘ ਨੇ ਬੰਨੂ ਨੂੰ ਫਤੇ ਕਰਨਾ]

ਡੇਹਰੇ ਇਸਮਾਈਲ ਦਾ ਖਾਂ ਅਹਿਮਦ ਜਦੋਂ ਮਰਿਆ ਤਾਂ ਖੜਗਸਿੰਘ ਆਇਆ ਏ
ਨਕਦ ਪੰਜ ਹਜ਼ਾਰ ਗਿਣਾਇ ਕਰਕੇ ਸ਼ਾਹ ਨਿਵਾਜ ਨੂੰ ਗੱਦੀ ਬਹਾਇਆ ਏ
ਅਹਿਮਦ ਖਾਂ ਦਾ ਸ਼ਾਹ ਨਿਵਾਜ ਪੁਤਰ ਇਸਮਾਈਲ ਦਾ ਸੂਬਾ ਬਣਾਇਆ ਏ
ਫਤੇ ਕਰਕੇ ਬੰਨੂੰ ਨੂੰ ਬਿਸ਼ਨ ਸਿੰਘਾ ਡੇਰਾ ਆ ਲਾਹੌਰ ਲਗਾਇਆ ਏ

[ਜਰਨੈਲ ਵੈਂਤੂਰੇ ਸਾਹਿਬ ਦਾ ਵਿਆਹ]

ਏਸੇ ਸਾਲ ਜਰਨੈਲ ਵੈਂਤੂਰੇ ਸੰਦਾ ਇਕ ਮੇਮ ਦੇ ਨਾਲ ਵਿਆਹ ਹੋਯਾ
ਲੁਧਿਹਾਣੇ ਦੇ ਵਿਚ ਸੀ ਆ ਢੁਕੇ ਧੂਮ ਧਾਮ ਤੇ ਬੜਾ ਉਤਸ਼ਾਹ ਹੋਯਾ
ਦਸ ਹਜ਼ਾਰ ਤੰਬੋਲ ਮਹਾਰਾਜ ਦਿਤਾ ਜਦੋਂ ਸਾਹਿਬ ਦਾ ਆ ਨਕਾਹ ਹੋਯਾ
ਦਿਤਾ ਵੀਹ ਹਜਾਰ ਸੀ ਫੌਜੀਆਂ ਨੇ ਬਿਸ਼ਨ ਸਿੰਘ ਹੈ ਵਾਹ ਤੇ ਵਾਹ ਹੋਯਾ

[ਰੰਗ ਗੜ੍ਹ ਦਾ ਫਸਾਦ]

ਰੰਗਾ ਰਾਮ ਮੌਯਾ ਦੀਨਾ ਨਾਥ ਤਾਈਂ ਮੁਹਰ ਮਿਲੀ ਹੈ ਆ ਸਰਕਾਰੀ ਪਿਆਰੇ
ਰੰਗ ਗੜ੍ਹ ਨੁਵਾਬ ਦੇ ਚੁਕਨੇ ਕਰ ਗਦਰ ਕੀਤਾ ਹੈ ਜਟਾਂ ਨੇ ਭਾਰੀ ਪਿਆਰੇ
ਹਾਕਮ ਖੱਟਕ ਵਾਲੇ ਅਬਾਸ ਖਾਂ ਤਾਈਂ ਕੈਦ ਕੀਤਾ ਤੇ ਫੌਜ ਹੈ ਮਾਰੀ ਪਿਆਰੇ
ਝਟ ਪਟ ਮਹਾਰਾਜ ਦਾ ਹੁਕਮ ਸੁਣਕੇ ਹਰੀ ਸਿੰਘ ਨੇ ਕਰੀ ਤਿਆਰੀ ਪਿਆਰੇ
ਰੰਗ ਗੜ੍ਹ ਮੁਲਖੱਈਆਂ ਦੇ ਨਾਲ ਆਕੇ ਕੀਤੀ ਹੈ ਲੜਾਈ ਕਰਾਰੀ ਪਿਆਰੇ
ਛੇਕੜ ਫਤੇ ਸਰਦਾਰ ਨੇ ਪਾ ਕਰਕੇ ਕੀਤੀ ਜੱਟਾਂ ਦੀ ਬੁਰੀ ਖੁਆਰੀ ਪਿਆਰੇ
ਬਹੁਤ ਮਾਰ ਘੱਤੇ ਥੋੜੇ ਬੰਨ ਲੀਤੇ ਫੌਜ ਸਭ ਮੁਲਖੱਈਆਂ ਦੀ ਹਾਰੀ ਪਿਆਰੇ
ਅਬਾਸ ਖਾਂ ਵੀ ਖਟਕ ਛੁਡਾ ਲੀਤਾ ਹਰੀ ਸਿੰਘ ਦੀ ਧੰਨ ਸਰਦਾਰੀ ਪਿਆਰੇ
ਸਿਰੀ ਕੋਟ ਦੇ ਕਿਲੇ ਨੂੰ ਤੁਰੇ ਏਥੋਂ ਹਰੀ ਸਿੰਘ ਸਰਦਾਰ ਬਲਕਾਰੀ ਪਿਆਰੇ
ਸਰੀ ਕੋਟ ਦੇ ਕਿਲੇ ਨੂੰ ਘੇਰਿਆ ਆ ਕਰ ਦਿਤੀ ਲੜਾਈ ਹੈ ਜਾਰੀ ਪਿਆਰੇ
ਪੰਦਰਾਂ ਦਿਨ ਹੈ ਜੰਗ ਮਹਾਨ ਹੋਯਾ ਕਿਸੇ ਕੀਤੀ ਨਾ ਜਾਨ ਪਿਆਰੀ ਪਿਆਰੇ

ਨੱਸ ਗਏ ਨੇ ਓੜਕ ਪਠਾਣ ਸਾਰੇ ਫਤੇ ਆਪਣੀ ਸਿੰਘਾਂ ਉਚਾਰੀ ਪਿਆਰੇ
ਸ਼ੇਰ ਸਿੰਘ ਤੇ ਹਰੀ ਸਿੰਘ ਮਿਲੇ ਏਥੇ ਨੀਤ ਵਲ ਪਸ਼ੌਰ ਦੇ ਧਾਰੀ ਪਿਆਰੇ
ਇਕ ਲੱਖ ਦੀ ਯਾਰ ਮੁਹੰਮਦ ਅਗੋਂ ਹੁੰਡੀ ਵਲ ਲਾਹੌਰ ਦੇ ਤਾਰੀ ਪਿਆਰੇ
ਗੰਗ ਗੜ ਦੀ ਗਲ ਤਾਂ ਬਿਸ਼ਨ ਸਿੰਘਾ ਏਥੇ ਮੁਕ ਹੁਣ ਗਈ ਜੇ ਸਾਰੀ ਪਿਆਰੇ

{ਸਦੀਕ ਮੁਹੰਮਦ ਖਾਂ ਬਹਾਵਲ ਪੁਰੀਏ ਤੇ ਹਾਫਜ਼ ਅਹਿਮਦ ਖਾਂ ਡੇਰੇ
ਇਸਮਾਈਲ ਖਾਂ ਦਾ ਮਰਨਾ ਤੇ ਰਾਜਿਆਂ ਤੋਂ ਕਰ ਆਉਣਾ}

ਏਸੇ ਸਾਲ ਨਵਾਬ ਬਹਾਵਲ ਵਾਲਾ ਖਾਂ ਸਦੀਕ ਮੁਹੰਮਦ ਜਾਂ ਮਰਿਆ ਆਕੇ
ਨਕਦ ਪੰਜੀ ਹਜ਼ਾਰ ਲੈ ਵਾਰਸਾਂ ਤੋਂ ਗੱਦੀ ਦਿਤੀ ਤੇ ਮਾਲਕ ਹੈ ਕਰਿਆ ਆਕੇ
ਡੇਰੇ ਇਸਮਾਈਲ ਖਾਂ ਅਹਿਮਦ ਖਾਂ ਨੂੰ ਏਸੇ ਸਾਲੰ ਹੀ ਕਾਲ ਨੇ ਹਰਿਆ ਆਕੇ
ਲਿਆ ਦਸ ਹਜ਼ਾਰ ਹੈ ਵਾਰਸਾਂ ਤੋਂ ਜ਼ਾਲਮ ਸੈਨ ਫਿਰ ਜਦੋਂ ਹੈ ਚੜਿਆ ਆਕੇ
ਜ਼ਾਲਮ ਸੈਨ ਇਹ ਮੰਡੀ ਦਾ ਰਾਜਾ ਹੈਸੀ ਪੁਤਰ ਸੈਨ ਸੁਚੇਤ ਹੈ ਡਰਿਆ ਆਕੇ
ਬਿਸ਼ਨ ਸਿੰਘ ਪੰਜਾਹ ਹਜ਼ਾਰ ਦੇਕੇ ਪੈਰ ਫੇਰ ਹੈ ਗੱਦੀ ਤੇ ਧਰਿਆ ਆਕੇ

[ਮਹਾਰਾਜ ਦੀ ਬੀਮਾਰੀ]

ਇਸੇ ਸਾਲ ਮਹਾਰਾਜ ਬੀਮਾਰ ਹੋਏ ਵੈਦਾਂ ਆ ਇਲਾਜ ਮਹਾਨ ਕੀਤਾ
ਅਜ਼ੀਜ਼ ਦੀਨ ਸ਼ਾਹ ਅਨਾਯਤ ਜੀ ਦਾ ਮਹਾਰਾਜ ਇਲਾਜ ਹੈ ਜਾਨ ਕੀਤਾ
ਲੁਧਿਹਾਣੇ ਤੋਂ ਆਏ ਸੀ ਡਾਕਟਰ ਵੀ ਏਨਾਂ ਸੰਦਾ ਇਲਾਜ ਨਾ ਆਨ ਕੀਤਾ
ਥੋੜੇ ਦਿਨਾਂ ਵਿਚ ਰਾਜੀ ਹੋ ਬਿਸ਼ਨ ਸਿੰਘਾ ਮਹਾਰਾਜ ਨੇ ਪੁੰਨ ਤੇ ਦਾਨ ਕੀਤਾ

[ਚੇਤ ਸੰਃ ੧੮੮੪ ਬਿਃ ਨੂੰ ਫੇਰ ਪਸ਼ੌਰ ਵਲ ਫਸਾਦ ਹੋਣਾ]

ਅਹਿਮਦ ਸੱਯਦ ਸੀਗਾ ਬੜਾ ਭਾਰਾ ਕਾਜ਼ੀ ਜਿੱਦ ਬਾਦੀ ਤੇ ਨਾਲੇ ਸੀ ਪੜਿਆ ਹੋਯਾ
ਹਿੰਦੁਸਤਾਨੋਂ ਪਸ਼ੌਰ ਦੀ ਵਲ ਗਿਆ ਦੀਨ ਮਜ਼ਬ ਦੇ ਝਗੜੇ ਦਾ ਸੜਿਆ ਹੋਯਾ
ਯੂਸਫ ਕਈਆਂ ਕੌਮਾਂ ਪਠਾਣਾਂ ਆਦਿਕ ਆਸ ਪਾਸ ਤੋਂ ਕਠਿਆਂ ਕਰਿਆ ਹੋਯਾ
ਲੜਨਾ ਨਾਲ ਹੈ ਸਿਖਾਂ ਦੇ ਬਿਸ਼ਨ ਸਿੰਘਾ ਝੰਡਾ ਹੈਦਰੀ ਹਥ ਸੋ ਫੜਿਆ ਹੋਯਾ

[ਸੱਯਦ ਅਹਿਮਦ ਦਾ ਸਿਰ ਭੰਨਣ ਵਾਸਤੇ ਮਹਾਰਾਜ ਨੇ ਲਾਹੌਰੋਂ ਫੌਜ ਘਲਣੀ]

ਬੁੱਧ ਸਿੰਘ ਨੂੰ ਦਸਕੇ *ਹਾਲ ਸਾਰਾ ਝਟ ਵਲ ਪਸ਼ੌਰ ਪਠਾਇਆ ਹੈ

---

*ਮਹਾਰਾਜ ਨੇ ਬੁਧ ਸਿੰਘ ਨੂੰ ਆਖਿਆ ਯਾਰ ਮੁਹੰਮਦ ਦੇ ਪਾਸ ਇਕ ਲੈਲੀ ਨਾਮ ਘੋੜੀ ਹੈ ਜੋ ਪੌਣ ਨੂੰ ਵੀ ਜਿੱਤਣ ਵਾਲੀ ਹੈ ਅਤੇ ਗੁਣਾਂ ਦੀ ਗੁੱਥਲੀ ਹੈ ਉਸਦੇ ਲੈਣ ਵਾਸਤੇ ਵਡੇ ਵਡੇ ਬਾਦਸ਼ਾਹ ਯਤਨ ਕਰ ਰਹੇ ਹਨ ਤੇ ਫਤੇ ਅਲੀ ਸ਼ਾਹ ਫਰਾਂਸ ਦਾ ਬਾਦਸ਼ਾਹ ਪੰਜਾਹ ਹਜ਼ਾਰ ਨਕਦ ਤੇ ਦਸ ਹਜਾਰ ਦੀ ਜਗੀਰ ਹਮੇਸ਼ ਵਾਸਤੇ ਦੇਂਦਾ ਹੈ, ਪਰ ਉਹ ਘੋੜੀ ਨਹੀਂ ਮਿਲਦੀ ਅਤੇ ਇਕ ਅਜੇਹੀ ਹੀ ਹੋਰ ਅਮੋਲਕ ਘੋੜੀ ਸ਼ੀਰੀ ਨਾਮ ਕਰਕੇ ਮੁਲਤਾਨ ਦੇ ਸੂਬੇ ਮੁਹੰਮਦ ਖਾਂ ਦੇ ਭਾਈ—

ਚਾਰ ਪਲਟਣਾਂ ਦੋ ਲੈ ਤੋਪਖਾਨੇ ਸੰਧਾ ਵਾਲੀਆ ਅਤਰ ਸਿੰਘ ਧਾਇਆ ਹੈ
ਸ਼ੇਰ ਸਿੰਘ, ਗੁਲਾਬ ਸੁਚੇਤ ਸਿੰਘ ਵੀ ਨਾਲੇ ਸਾਹਿਬ ਵੰਤੂਰਾ ਚੜ੍ਹਾਇਆ ਹੈ
ਸਾਰਾ ਦਲ ਇਹ ਕਠਾ ਹੋ ਬਿਸ਼ਨ ਸਿੰਘਾ ਬਸ ਵਲ ਪਸ਼ੌਰ ਦੇ ਆਇਆ ਹੈ

[ਕਿਲੇ ਹੈਦਰ ਦਾ ਜੰਗ]

ਛਡ ਕਰ ਪਸ਼ੌਰ ਨੂੰ ਨਸਗਿਆ ਯਾਰ ਮੁਹੰਮਦ ਤਾਂ ਕੀਤੀ ਨ ਦੇਰੀ ਜੇ ਜੀ
ਲੇਲੀ ਘੋੜੀ ਨੂੰ ਨਾਲ ਹੈ ਲੈ ਗਿਆ ਕਹਿੰਦਾ ਬੜੀ ਪਿਆਰੀ ਇਹ ਮੇਰੀ ਜੇ ਜੀ
ਅਹਿਮਦ ਸੱਯਦ ਦੇ ਨਾਲ ਆ ਰਲ ਗਿਆ ਕੀਤੀ ਦੋਹਾਂ ਨੇ ਬੜੀ ਦਲੇਰੀ ਜੇ ਜੀ
ਲੁਟਣ ਲਗੇ ਇਲਾਕਾ ਸਰਕਾਰ ਸੰਦਾ ਫੌਜ ਸਿਖਾਂ ਦੀ ਮਾਰ ਨਬੇੜੀ ਜੇ ਜੀ
ਫੌਜ ਜੇਹੜੀ ਸਰਕਾਰ ਦੀ ਸੀਗ ਓਥੇ ਕਿਲੇ ਹੈਦਰ ਦੇ ਵਿਚ ਆ ਘੇਰੀ ਜੇ ਜੀ
ਪੰਦ੍ਹਾਂ ਦਿਨ ਇਹ ਫੌਜ ਹੈ ਘੇਰੀ ਰਖੀ ਕੀਤੀ ਇਹਨਾਂ ਨੇ ਕੋਸ਼ਸ਼ ਬਥੇਰੀ ਜੇ ਜੀ
ਸੰਧਾਂ ਵਾਲੀਆ ਅਟਕ ਨੂੰ ਲੰਘ ਕਰਕੇ ਜਦੋਂ ਪਹੁੰਚਾ ਅਕੋੜੇ ਬਿਨ ਡੇਰੀ ਜੇ ਜੀ
ਹਰੀ ਹਰੀ ਝੰਡੀ ਬੇਸ਼ੁਮਾਰ ਅਗੋਂ ਬੁਧ ਸਿੰਘ ਦੀ ਫੌਜ ਨੇ ਹੇਰੀ ਜੇ ਜੀ
ਟਿਡੀਦਲ ਤੇ ਕੀੜੀਆਂ ਵਾਂਗ ਓਥੇ ਤੁਰਕ ਬੈਠੇ ਆ ਚਾਰ ਚੁਫੇਰੀ ਜੇ ਜੀ
ਐਲੀ ਐਲੀ ਕਰ ਗਲ ਨੇ ਪਏ ਆਕੇ ਵਜਣ ਲਗੀ ਹੁਣ ਜੰਗ ਦੀ ਭੇਰੀ ਜੇ ਜੀ
ਅਗੋਂ ਖਾਲਸੇ ਵੀ ਖਬਰ ਦਾਰ ਹੋਕੇ ਫੌਜ ਕੀੜੀਆਂ ਦੀ ਮਾਰ ਗੇਰੀ ਜੇ ਜੀ
ਟਿਡੀ ਦਲ ਨ ਮੁਕਣ ਦੇ ਵਿਚ ਆਵੇ ਭਾਵੇਂ ਫੌਜ ਬਥੇਰੀ ਹੀ ਕੇਰੀ ਜੇ ਜੀ
ਓੜਕ ਖਾਲਸੇ ਨੇ ਖਬਰਦਾਰ ਹੋਕੇ ਹਲਾ ਕਰ ਦਿਤਾ ਇਕੋ ਵੇਰੀ ਜੇ ਜੀ
ਊਠ ਚਾਰ ਸੌ ਰਸਤ ਦਾ ਲੁਟ ਕਰਕੇ ਲਾਈ ਕਿਲੇ ਦੇ ਵਿਚ ਆ ਢੇਰੀ ਜੇ ਜੀ
ਸਿਘ ਭੁਖੇਸੀ ਅਗੇਹੀ ਬਿਸ਼ਨਸਿੰਘਾ ਵਾਹ ਕੁਦਰਤ ਕਰਤਾਰ ਕਿਆ ਤੇਰੀ ਜੇ ਜੀ

[ਕਿਲੇ ਹੈਦਰ ਦੇ ਵਿਚਕਾਰਲੇ ਸਿੰਘਾਂ ਨੂੰ ਬੁਧ ਸਿੰਘ ਨੇ ਉਪਦੇਸ਼ ਦੇਣਾ]

*ਕਿਲੇ ਵਾਲਿਆਂ ਨੂੰ ਕਿਹਾ ਬੁਧਸਿੰਘ ਨੇ ਰਸਤ ਲੈ ਆਂਦੀ ਲੋ ਖਾਓ ਸਿੰਘੋ
ਨਾਲੇ ਬੇਨਤੀ ਮੰਨਕੇ ਇਕ ਮੇਰੀ ਬਾਹਰ ਨਿਕਲ ਕੇ ਹਥ ਵਿਖਾਓ ਸਿੰਘੋ
ਅੰਦਰ ਬੈਠਕੇ ਤੇ ਭੁਖੇ ਮਰ ਕਰਕੇ ਐਵੇਂ ਕਾਇਰ ਨ ਤੁਸੀ ਸਦਾਓ ਸਿੰਘੋ
ਵਾਂਗ ਗਿਦੜਾਂ ਦੇ ਅੰਦਰ ਦੜ ਕਰਕੇ ਸਿੰਘ ਨਾਮ ਨੂੰ ਲਾਜ ਨ ਲਾਓ ਸਿੰਘੋ
ਕਾਹਨੂੰ ਮਰਦੇ ਹੋ ਭੇਡਾਂ ਤੇ ਬਕਰੀਆਂ ਜਿਉਂ ਸ਼ੇਰ ਬਣੋ ਨ ਗਿਦੜ ਕਹਾਓ ਸਿੰਘੋ

—ਸ਼ੇਰ ਮੁਹੰਮਦ ਖਾਂ ਪਾਸ ਹੈ ਦੋਹਾਂ ਨੂੰ ਜ਼ਰੂਰ ਲੈਕੇ ਆਵਣਾ।

(ਨਵੀਂ) ਮਹਾਰਾਜ ਤਾਂ ਲੇਲੀ ਸ਼ੀਰੀ ਘੋੜੀ ਦਾ ਸਾਰਾ ਹਾਲ ਸੁਣਕੇ ਅਗੇ ਹੀ ਮਜਨੂੰ ਫਰਿਹਾਦ ਬਣੇ ਹੋਏ ਸਨ, ਪਰ ਸਰਦਾਰ ਬੁਧ ਸਿੰਘ ਨੂੰ ਬਹੁਤ ਪਕਿਆਈ ਕਰ ਦਿਤੀ।

*ਭਾਵੇਂ ਸ਼ਾਹਜਾਦੇ ਸ਼ੇਰ ਸਿੰਘ ਵਾਲੀ ਫੌਜ ਵੀ ਕਿਲੇ ਦੇ ਨੇੜੇ ਜਾ ਪਹੁੰਚੀ ਸੀ ਪਰ ਏਸਦੀ ਖਬਰ ਕਿਲੇ ਵਾਲਿਆਂ ਨੂੰ ਨ ਹੋਈ ।

ਗੋਬਿੰਦ ਸਿੰਘ ਦੇ ਤੁਸੀ ਹੋ ਬੀਰ ਬਾਂਕੇ ਅੰਦਰ ਬੈਠ ਨ ਗਲ ਕਟਾਓ ਸਿੰਘੋ
ਬਾਹਰ ਚਲਕੇ ਤੁਸੀ ਸ਼ਹੀਦ ਹੋਵੇ ਬੜੇ ਬੜੇ ਮੁਰਾਤਬੇ ਪਾਓ ਸਿੰਘੋ
ਧਰਮ ਸਿੰਘਾਂ ਦਾ ਹੈ ਲੜਕੇ ਮਰਜਾਣਾ ਅੰਦਰ ਬੈਠ ਨ ਵੱਟਾ ਲਗਾਓ ਸਿੰਘੋ
ਤੁਰਕਾਂ ਦਬ ਲੈਣਾਂ ਸਾਨੂੰ ਅੰਦ੍ ਆਕੇ ਬਾਹਰ ਚਲਕੇ ਹਥ ਵਿਖਾਓ ਸਿੰਘੋ
ਸਿੰਘ ਨਾਮ ਦੀ ਚਲਕੇ ਲਾਜ ਪਾਲੋ ਐਸਾ ਸਮਾ ਨ ਐਵੇਂ ਗਵਾਓ ਸਿੰਘੋ
ਬੁਧ ਸਿੰਘ ਨੇ ਆਖਿਆ ਬਿਸ਼ਨ ਸਿੰਘਾ ਮਗਰ ਨਾਲ ਮੇਰੇ ਨਿਕਲ ਆਓ ਸਿੰਘੋ

{ ਸਿੰਘਾਂ ਨੇ ਬਾਹਰ ਨਿਕਲ ਕੇ ਲੜਨਾਂ ਤੇ ਤੁਰਕਾਂ ਨੇ ਹਾਰਨਾ
ਅਤੇ ਬੁਧ ਸਿੰਘ ਨੇ ਪਸ਼ੌਰ ਵਿਚ ਆ ਦਾਖਲ ਹੋਣਾ }

ਬੁਧ ਸਿੰਘ ਦਾ ਸੁਣ ਉਪਦੇਸ਼ ਐਸਾ ਸਿੰਘ ਆਇ ਨੇ ਝਟ ਤੇ ਪੱਟ ਕਰਕੇ
ਧੂਹ ਧੂਹ ਭਗੌਤੀਆਂ ਸਿੰਘ ਸਾਰੇ ਬਸ ਆਇ ਕਚੀਚੀਆਂ ਵੱਟ ਕਰਕੇ
ਤੇਗਾਂ ਚਮਕ ਦੀਆਂ ਬਿਜਲੀਆਂ ਵਾਂਗ ਆਕੇ ਸਿੰਘ ਪਏ ਨੇ ਸਾਰੇ ਪਲੱਟ ਕਰਕੇ
ਇਕ ਪਲਕ ਦੇ ਵਿਚ ਜਹਾਦੀਆਂ ਦੇ ਢੇਰ ਲਾਇ ਨੇ ਸਿੰਘਾਂ ਨੇ ਕੱਟ ਕਰਕੇ
ਅਹਿਮਦ ਸਯਦ ਤੇ ਯਾਰ ਮੁਹੰਮਦ ਖਾਂ ਜੋ ਨਸ ਗਏ ਪਹਾੜ ਨੂੰ ਝੱਟ ਕਰਕੇ
ਬਾਕੀ ਬਚੇ ਜਹਾਦੀ ਜੋ ਬਿਸ਼ਨ ਸਿੰਘਾ ਓਹ ਬੀ ਗਏ ਨੇ ਮਾਲ ਨੂੰ ਸੱਟ ਕਰਕੇ

[ਤਥਾ]

ਬੁਧਸਿੰਘ ਨੇ ਜਿੱਤਕੇ ਜੰਗ ਏਹੋ ਜਾਕੇ ਝੰਡਾ ਪਸ਼ੌਰ ਝੁਲਾਯਾ ਚੰਗਾ
ਚੌਥੇ ਦਿਨ ਸਮੇਤ ਹੀ ਲਸ਼ਕਰਾਂ ਦੇ ਸ਼ੇਰ ਸਿੰਘ ਪਸ਼ੌਰ ਵੀ ਆਯਾ ਚੰਗਾ
ਬਸ ਅਠ ਮਹੀਨੇ ਪਸ਼ੌਰ ਅੰਦਰ ਸਿੰਘਾਂ ਰੱਜਕੇ ਡੇਰਾ ਲਗਾਯਾ ਚੰਗਾ
ਇਰਦ ਗਿਰਦ ਪਸ਼ੌਰ ਦਾ ਸਾਫ ਕੀਤਾ ਵਡੇ ਵਡੇ ।ਪਠਾਣਾਂ ਨੂੰ ਘਾਯਾ ਚੰਗਾ
ਕੁਝ ਮਾਰ ਘੱਤੇ ਕੁਝ ਬੰਨ ਲੀਤੇ ਬਦਲਾ ਲਿਆ ਤੇ ਹਥ ਵਿਖਾਯਾ ਚੰਗਾ
ਓੜਕ ਆਪ ਸੁਲਤਾਨ ਮੁਹੰਮਦ ਖਾਂ ਨੇ ਅਪਣੇ ਭਾਈ ਨੂੰ ਹੈ ਸਮਝਾਯਾ ਚੰਗਾ
ਸ਼ੀਰੀ ਘੋੜੀ ਦਵਾਈ ਹੈ ਸ਼ੇਰ ਸਿੰਘ ਨੂੰ ਅਤੇ ਆਪਣਾ ਪਿਛਾ ਛੁਡਾਯਾ ਚੰਗਾ
ਤਿੰਨ ਲੱਖ ਰੁਪਯਾ ਸਲਾਨਾ ਪਿਛਲਾ ਨਾਲੇ ਢੇਰ ਸੁਲਤਾਨ ਖਾਂ ਲਾਯਾ ਚੰਗਾ
ਸ਼ੇਰ ਸਿੰਘ ਨੇ ਬਹੁਤ ਹੀ ਖੁਸ਼ੀ ਹੋਕੇ ਸੂਬਾ ਕਰ ਪਸ਼ੌਰ ਬਹਾਯਾ ਚੰਗਾ
ਮੁੜੇ ਆਪ ਲਾਹੌਰ ਨੂੰ ਬਿਸ਼ਨ ਸਿੰਘਾ ਏਥੋਂ ਸਿੰਘਾਂ ਨੇ *ਫੈਦਾ ਉਠਾਯਾ ਚੰਗਾ

---

*ਯਾਰ ਮੁਹੰਮਦ ਖਾਂ ਦੀ ਲੇਲੀ ਘੋੜੀ ਤਾਂ ਹਥ ਨਾ ਆਈ ਪਰ ਉਸਦੇ ਹੋਰ ਅਨੇਕ ਕੋਤਲ, ਘੋੜੇ, ਘੋੜੀਆਂ, ਇਕ ਪੁਤਰ ਦੋ ਭਤੀਜੇ ਬੰਨ੍ਹਕੇ ਲਾਹੌਰ ਲੈ ਆਂਦੇ, ਸ਼ੀਰੀ ਨੂੰ ਦੇਖਕੇ ਮਹਾਰਾਜ ਬਹੁਤ ਖੁਸ਼ ਹੋਏ ਅਤੇ ਸ਼ੇਰ ਮੁਹੰਮਦ ਖਾਂ ਨੂੰ ਦਸ ਹਜ਼ਾਰ ਜਗੀਰ ਬਖਸ਼ੀ ਅਤੇ ਬੁਧ ਸਿੰਘ ਨੂੰ ਸਭਨਾਂ ਸਾਥੀ ਸਰਦਾਰਾਂ ਸਮੇਤ ਯਥਾ ਜੋਗ ਇਨਾਮ ਬਖਸ਼ਿਆ।

{ ਮਹਾਰਾਜ ਨੇ ਲਾਟ ਸਾਹਿਬ ਦੇ ਪਾਸ ਲੰਡਨ ਦੇ ਬਾਦਸ਼ਾਹ
ਵਾਸਤੇ ਚੰਗੇ ਚੰਗੇ ਤੋਹਫੇ ਸ਼ਿਮਲੇ ਘੱਲਣੇ }

ਇੰਗਲੈਂਡ ਦੇ ਵਾਸਤੇ ਲਾਟ ਤਾਂਈਂ ਏਸੇ ਸਾਲ ਨੇ ਘੱਲੇ ਸਰਕਾਰ ਤੋਹਫੇ
ਇਕ ਬੜਾ ਪਸ਼ਮੀਨੇ ਦਾ ਤੰਬੂ ਸੀਗਾ, ਸਾਇਬਾਨ, ਕਨਾਤ, ਹਜ਼ਾਰ ਤੋਹਫੇ
ਨਾਲੇ ਚੋਬਾਂ ਸੁਨੈਹਰੀ ਕਾਰਚੋਬੀ ਬੜੇ ਚੰਗੇ ਸਮਾਨ ਅਪਾਰ ਤੋਹਫੇ
ਬੜੇ ਸੋਹਣੇ ਕਲੀਚੇ ਵਛਾਈ ਸਣੇ ਹੋਰ ਕਈ ਨੇ ਹਾਰ ਸਿੰਗਾਰ ਤੋਹਫੇ
ਮੋਤੀ ਰਾਮ ਫਕੀਰ ਅਜ਼ੀਜ਼ ਦੀਂ ਨੂੰ ਸ਼ਿਮਲੇ ਘੱਲਿਆ ਕਰ ਤਿਆਰ ਤੋਹਫੇ
ਲਾਟ ਸਾਹਿਬ ਨੂੰ ਜਾਕੇ ਮਿਲੇ ਦੋਵੇਂ ਪੇਸ਼ ਕੀਤੇ ਨੇ ਅਰਜ਼ ਗੁਜ਼ਾਰ ਤੋਹਫੇ
ਮਹਾਰਾਜ ਰਣਜੀਤ ਸਿੰਘ ਹੈਣ ਘੱਲੇ ਪਾਤਸ਼ਾਹ ਦੇ ਲਈ ਵਿਚਾਰ ਤੋਹਫੇ
ਲਾਟ ਸਾਹਿਬ ਨੇ ਬਹੁਤ ਹੀ ਖੁਸ਼ ਹੋਕੇ ਸੋਹਣਾ ਲਾਕੇ ਲਏ ਦਰਬਾਰ ਤੋਹਫੇ
ਧੰਨਵਾਦ ਮਹਾਰਾਜ ਦਾ ਬੜਾ ਕੀਤਾ ਲਾਟ ਸਾਹਿਬ ਨੇ ਬਾਰ ਹੈ ਬਾਰ ਤੋਹਫੇ
ਪਹੁੰਚ ਜਾਣ ਜ਼ਰੂਰ ਇੰਗਲੈਂਡ ਸਾਰੇ ਲਾਟ ਸਾਹਿਬ ਨੇਂ ਕਿਹਾ ਉਚਾਰ ਤੋਹਫੇ
ਰਖ ਲਏ ਨੇ ਪਾਸ ਸਭ ਬਿਸ਼ਨ ਸਿੰਘਾ ਲਾਟ ਸਾਹਿਬ ਨੇ ਨਾਲ ਪਿਆਰ ਤੋਹਫੇ

[ਸਰਦਾਰ ਹਰੀ ਸਿੰਘ ਨਲੂਏ ਨੇ ਕਲਕੱਤੇ ਜਾਣਾ]

ਅੱਠ ਕੌਂਸਲੀ ਕਿਹਾ ਕਲਕੱਤੇ ਵਾਲੀ ਮਹਾਰਾਜ ਨੂੰ ਇਹ ਖਬਰ ਸਾਰ ਦੇਕੇ
ਹਰੀ ਸਿੰਘ ਜੋ ਨਲੂਆ ਕਹਾਉਂਦਾ ਹੈ ਸਾਨੂੰ ਕਰੇ ਨਿਹਾਲ ਦੀਦਾਰ ਦੇਕੇ
ਮਹਾਰਾਜ ਨੇ ਹਰੀ ਸਿੰਘ ਘਲ ਦਿਤਾ ਗੁਜਰ ਸਿੰਘ ਜੇਹੇ ਨਾਲ ਸਰਦਾਰ ਦੇਕੇ
*ਹਰੀ ਸਿੰਘ ਜਾਂ ਵਿਚ ਕਲਕਤੇ ਆਯਾ ਅਗੋਂ ਮਿਲੇ ਅੰਗ੍ਰੇਜ਼ ਸਤਕਾਰ ਦੇਕੇ
ਹਰੀ ਸਿੰਘ ਦਾ ਦਰਸ਼ਨ ਦੀਦਾਰ ਕਰਕੇ ਸਭਨਾਂ ਦਿਤੇ ਹੰਕਾਰ ਵਿਸਾਰ ਦੇਕੇ
ਹਰੀ ਸਿੰਘ ਅੰਗ੍ਰੇਜ਼ਾਂ ਨੇ ਬਿਸ਼ਨ ਸਿੰਘਾ ਏਧਰ ਤੋਰਿਆ ਤੋਹਫੇ ਅਪਾਰ ਦੇਕੇ

{ ਮਹਾਰਾਜਦੇ ਪਾਸ ਵਾਈਸਰਾਇ ਹਿੰਦ ਵਲੋਂ ਕਪਤਾਨ ਵੈਡ ਸਾਹਿਬ
ਨੇ ਅੰਮ੍ਰਿਤਸਰ ਆਉਣਾ }

ਵਾਈਸਰਾਇ ਦੀ ਤਰਫ ਤੋਂ ਵੈਡ ਸਾਹਿਬ ਤੋਹਫੇ ਲੈਕੇ ਆਇਆ ਹੈ ਧਾਕੇ ਜੀ
ਮਹਾਰਾਜ ਸਰਕਾਰ ਨੂੰ ਆ ਮਿਲਿਆ ਅੰਮ੍ਰਿਤਸਰ ਦੇ ਵਿਚ ਹੁਣ ਆਕੇ ਜੀ
ਮਹਾਰਾਜ ਨੇ ਵਡਾ ਦਰਬਾਰ ਲਾਕੇ ਤੋਹਫੇ ਲਏ ਸਭ ਖੁਸ਼ੀ ਮਨਾਕੇ ਜੀ
ਤਨੋਂ ਮਨੋਂ ਅੰਗ੍ਰੇਜ਼ ਦਾ ਬਿਸ਼ਨ ਸਿੰਘਾ ਧੰਨਵਾਦ ਮਹਾਰਾਜ ਵਜਾਏ ਜੀ

[ਮਹਾਰਾਜ ਨੇ ਦੂਸਰੇ ਦਿਨ ਕਪਤਾਨ ਨੂੰ ਆਪਣੀ ਫੌਜ ਦਖਾਉਣੀ]

ਰਾਮ ਬਾਗ ਦੇ ਬੂਹੇ ਤੇ ਬੈਠ ਗਏ ਨਾਲ ਸਾਹਿਬ ਨੂੰ ਲੈ ਰਣਧੀਰ ਆਏ
ਉੱਚੇ ਦੇਵਾਂ ਦੇ ਵਾਂਗ ਜਵਾਨ ਭਾਰੇ ਪੈਹਲੇ ਪੈਹਲ ਨੇ ਬੜੇ ਬਲਬੀਰ ਆਏ

---

*ਹਰੀ ਸਿੰਘ ਜਿੰਨੇ ਦਿਨ ਕਲਕੱਤੇ ਰਿਹਾ ਗਊਬਧ ਨਾ ਹੋਯਾ ਅਤੇ ਫੇਰ ਮਹਾਰਾਜਦੀ ਤਰਫੋਂ ਵਕੀਲ ਬਣਕੇ ਗੁਜਰ ਸਿੰਘ ਓਥੇ ਅੰਗ੍ਰੇਜ਼ਾਂ ਦੇ ਪਾਸਹੀ ਰਿਹਾ।

ਸੋਨੇ ਹੀਰਿਆਂ ਦੇ ਗਲ ਹਾਰ ਲਟਕਣ ਫੜੀ ਢਾਲ ਤਲਵਾਰ ਤੇ ਤੀਰ ਆਏ
ਫੇਰ ਘੋੜਿਆਂ ਉਤੇ ਅਸਵਾਰ ਹੋਕੇ ਬੜੇ ਬੜੇ ਸਰਦਾਰ ਅਮੀਰ ਆਏ
ਹਾਥੀ ਸਜੇ ਹੋਏ ਨਾਲ ਸੋਨਿਆਂ ਦੇ ਫੇਰ ਬੜੇ ਅਮੀਰ ਵਜ਼ੀਰ ਆਏ
ਮੁੱਛਾਂ ਸੋਹਣੀਆਂ ਸਿੱਧੀਆਂ ਦਾੜ੍ਹੀਆਂ ਨੇ ਬੁੱਢੇ ਬੁੱਢੇ ਸਰਦਾਰ ਨੇ ਪੀਰ ਆਏ
ਮਗਰ ਮਗਰ ਅਸਵਾਰਾਂ ਦੇ ਪੈਦਲਾਂ ਦੀ ਦਬਾ ਦਬ ਫਿਰ ਲੰਘੀ ਹੈ ਭੀੜ ਆਏ
ਵਾਜੇ ਵਜਦੇ ਜਾਂਵਦੇ ਨਾਲ ਸੋਹਣੇ ਸੁਣ ਸੁਣ ਕੇ ਰਸ ਹੈ ਬੀਰ ਆਏ
ਲੰਮੇ ਉੱਚੇ ਜਵਾਨ ਨੇ ਦੇਆਂ ਵਾਂਗੂ ਪਾਈ ਮਖਮਲਾਂ ਦੇ ਸੂਹਣੇ ਚੀਰ ਆਏ
ਫੇਰ ਵਡੀਆਂ ਛੋਟੀਆਂ ਬਹੁਤ ਤੋਪਾਂ ਬੱਧੇ ਘੋੜਿਆਂ ਨਾਲ ਜੰਜੀਰ ਆਏ
ਛਣ ਛਣ ਛਣਕਾਰ ਹੈ ਹੁੰਦਾ ਆਵੇ ਘੋੜੇ ਤੋਪਾਂ ਨੂੰ ਖਿਚੀ ਅਖੀਰ ਆਏ
ਬਿਸ਼ਨ ਸਿੰਘ ਕੁਵੈਦ ਅਨੁਸਾਰ ਸਾਰੇ ਸਿੱਧੀ ਨੱਕ ਦੀ ਰੱਖੀ ਲਕੀਰ ਆਏ

[ਤਥਾ]

ਰਥਾਂ, ਘੋੜਿਆਂ, ਪੈਦਲਾਂ, ਹਾਥੀਆਂ ਦੀ ਬੜੀ ਭਾਰੀ ਹੈ ਫੌਜ ਵਿਖਾਈ ਗਏ
ਤੜਕੇ ਸਵੇਰ ਤੋਂ ਲੈਕੇ ਲੰਘਣ ਲਗੀ ਸਾਰਾ ਦਿਨ ਹੀ ਹੈਣ ਲੰਘਾਈ ਗਏ
ਤਾਂ ਵੀ ਫੌਜ ਨਾ ਮੁਕਣ ਦੇ ਵਿਚ ਆਈ ਸ਼ਾਮ ਤਕ ਨੇ ਸੂਰਮੇ ਆਈ ਗਏ
ਉਤੋੜਤੀ ਆਏ ਦਬਾ ਦਬ ਆਏ ਸ਼ਪਾ ਸ਼ਪ ਆਏ ਵੇਖ ਧਾਈ ਗਏ
ਦਗੜ ਦਗੜ ਕਰਕੇ ਰਾਮ ਬਾਗ਼ ਹੇਠੋਂ ਲੰਘੇ ਸੂਰਮੇ ਧਰਤੀ ਕੰਬਾਈ ਗਏ
*ਵਾਹਿਗੁਰੂ ਕਾ ਖਾਲਸਾ ਬਿਸ਼ਨ ਸਿੰਘਾ ਸਤਿ ਸ੍ਰੀ ਅਕਾਲ ਬੁਲਾਈ ਗਏ

[ਜੰਮੂੰ ਵਾਲਿਆਂ ਡੋਗਰਿਆਂ ਦੀ ਤ੍ਰੱਕੀ ਦਾ ਕਾਰਨ]

ਮਹਾਰਾਜ ਦੇ ਖਾਸ ਦਰਬਾਰ ਵਿਚੋਂ ਬੜੇ ਮਰਤਬੇ ਡੋਗਰਿਆਂ ਪਾ ਲਏ
ਸਾਰੇ ਸਿਖਾਂ ਸਰਦਾਰਾਂ ਤੋਂ ਡੋਗਰੇ ਹੀ ਬੜੇ ਉੱਚੇ ਮਹਾਰਾਜ ਚੜ੍ਹਾ ਲਏ
ਮੇਹਰਬਾਨੀ ਸਰਕਾਰ ਨੇ ਐਡੀ ਕੀਤੀ ਖਾਸ ਆਪਣੇ ਪਾਸ ਬਹਾ ਲਏ
ਧਯਾਨ ਸਿੰਘ, ਸੁਚੇਤ ਗੁਲਾਬ ਸਿੰਘ ਜੋ ਘੋੜਚੜ੍ਹੇ ਸੀ ਪੈਹਲੇ ਬਣਾ ਲਏ
ਜਮਾਂਦਾਰ ਜੋ ਸ਼ਿੰਘ ਕੁਸ਼ਾਲ ਸੀਗਾ ਇਸਦੀ ਫੌਜ ਦੇ ਵਿਚ ਰਖਾ ਲਏ
ਬਣਦੇ ਤਣਦੇ ਫਿਰ ਦੇਖ ਸਰਕਾਰ ਤਿੰਨੇ ਅਪਣੀ ਅੜਦਲ ਦੇ ਵਿਚ ਬੁਲਾ ਲਏ
ਧਿਆਨਸਿੰਘ ਨੂੰ ਡੇਉੜੀ ਸੀ ਬਖਸ਼ੀ ਪਹਿਲੇ ਦਿਨ ਦਿਨ ਏਸਨੇ ਔਹਦੇ ਵਧਾ ਲਏ

---

*ਕਪਤਾਨ ਵੈਡ ਸਾਹਿਬ ਵੇਖਕੇ ਹੱਕਾ ਬੱਕਾ ਹੋਗਿਆ, ਕਿਉਂਕਿ ਇਕ ਤਾਂ ਸੋਨਾ ਹੀ ਸੋਨਾ ਨਜ਼ਰ ਆਯਾ ਦੂਜੇ ਇਹ ਜਾਣਿਆਂ ਜੋ ਜਿਸਦੀ ਐਤਨੀ ਫੌਜ ਏਥੇ ਹੀ ਹੈ ਬਾਕੀ ਹੋਰਨਾਂ ਸ਼ੈਹਰਾਂ ਤੇ ਲਾਹੌਰ ਵਿਚ ਖਬਰੇ ਕਿਤਨੀ ਕੁ ਹੋਵੇਗੀ। ਮਹਾਰਾਜ ਨੇ ਪੰਜ ਹਜ਼ਾਰ ਰੁਪੱਯੇ ਨਕਦ, ਪੰਜ ਸੌ ਬੁਧਕੀ, ਦੋ ਸੌ ਕਿਸ਼ਤੀ, ਮੇਵੇ ਮਿਠਾਈ ਦੇਕੇ ਵਕੀਲ ਨੂੰ ਰੁਖਸਤ ਕੀਤਾ, ਵਕੀਲ ਨੇ ਜਦ ਵਲੈਤ ਜਾਕੇ ਮਹਾਰਾਜ ਦਾ ਹਾਲ ਚਾਲ ਸੁਣਾਇਆ ਤਾਂ ਸਭ ਨੇ ਅਚੰਭਾ ਮੰਨਿਆਂ।

ਜੰਮੂ ਵਾਲਾ ਇਲਾਕਾ ਗੁਲਾਬ ਸਿੰਘ ਨੂੰ ਦਿਤਾ ਹੈ ਜਗੀਰ ਸੋ ਖਾ ਲਏ
ਅਫਸਰ ਫੌਜ ਦਾ ਕੀਤਾ ਸੁਚੇਤ ਸਿੰਘ ਨੂੰ ਇਹਨਾਂ ਤਿਨਾਂ ਹੀ ਦਾ ਨੇਲਾ ਲਏ
ਫੇਰ ਆਪ ਮਹਾਰਾਜ ਨੇ ਤਿਨਾਂ ਤਾਂਈ ਰਾਜੇ ਵਾਲੇ ਖਿਤਬ ਸੁਣਾ ਲਏ
ਖਾਨ ਦਾਨ ਇਹ ਰਾਜੇ ਰਣਜੀਤ ਦੇਉ ਦੇ ਵਿਚੋਂ ਸੀਗੇ ਸਰਕਾਰ ਅਲਾ ਲਏ
ਮਹਾਰਾਜ ਦੇ ਕੋਲ ਆ ਬਣੇ ਰਾਜੇ ਦਿਤੇ ਪੂਰਬ ਜੋ ਪੁੰਨ ਕਮਾ ਲਏ
ਤਿਨ੍ਹਾਂ ਨਾਲ ਸ਼ਰੀਕਤ ਕੀ ਬਿਸ਼ਨ ਸਿੰਘਾ ਰੱਬ ਜਿਨਾਂ ਦੇ ਭਾਗ ਜਗਾ ਲਏ

[ਧਿਆਨ ਸਿੰਘ ਨੇ ਵਜ਼ੀਰ ਆਜ਼ਮ ਬਣਨਾ]

ਓੜਕ ਬਹੁਤ ਸਰਕਾਰ ਨੇ ਖੁਸ਼ ਹੋਕੇ ਧਿਆਨ ਸਿੰਘ ਨੂੰ ਕੋਲ ਬਹਾ ਲਿਆ
ਅਪਣੇ ਰਾਜਦੇ ਕੁਲ ਅਖਤਿਆਰ ਦੇਕੇ ਬੜਾ ਵਡਾ ਵਜ਼ੀਰ ਬਣਾ ਲਿਆ
ਹਾਇ ਬੜਾ ਅਫਸੋਸ ਇਸ ਡੋਗਰੇ ਨੇ ਮਹਾਰਾਜ ਨੂੰ ਮਗਰ ਲਗਾ ਲਿਆ
ਕਾਹਨੂੰ ਕਰੇਂ ਅਫਸੋਸ ਕਵੀਸ਼ਰਾ ਤੂੰ ਅਪਣਾ ਬੀਜਿਆ ਵੱਢਿਆ ਖਾ ਲਿਆ
ਐਥੇ ਆਣ ਕੇ ਓਹ ਨੇ ਵਡੇ ਬਣਦੇ ਜਿਨਾਂ ਪੂਰਬ ਹੈ ਪੁੰਨ ਕਮਾ ਲਿਆ
ਏਸੇ ਤਰਾਂ ਧਿਆਨ ਸਿੰਘ ਬਿਸ਼ਨ ਸਿੰਘਾ ਅਪਣਾ ਦਿਤਾ ਸਰਕਾਰ ਤੋਂ ਆ ਲਿਆ

{ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ (ਜੋਹੜਾ
ਅਜੇ ੧੨ ਵਰਿਆਂ ਦਾ ਹੈ) ਦੀ ਤ੍ਰੱਕੀ ਦਾ ਸਬੱਬ }

ਧਿਆਨ ਸਿੰਘ ਦਾ ਪੁਤ੍ਰ ਜੋ ਹੀਰਾ ਸਿੰਘ ਹੈ ਇਸਨੂੰ ਕੋਲ ਮਹਾਰਾਜ ਸਦਾਉਣ ਲਗ ਪਏ
ਕੁਰਸੀ ਸੋਨੇ ਦੀ ਦੇ ਦਰਬਾਰ ਅੰਦਰ ਖਾਸ ਅਪਣੇ ਪਾਸ ਬਹਾਉਣ ਲਗ ਪਏ
ਨਾਲ ਹਸਦੇ ਨਾਲੇ ਹਸਾਉਣ ਲਗ ਪਏ ਬਬੜੀ ੨ ਸੁਕਾਰ ਸੁਣਾਉਣ ਲਗ ਪਏ
ਹੀਰਾ ਸਿੰਘਨੂੰ ਛੋਕਰਵੀ ਬਿਸ਼ਨ ਸਿੰਘਾ ਰਾਜਾ ਰਾਜਾ ਸਰਕਾਰ ਅਲਾਉਣ ਲਗ ਪਏ

{ ਮਹਾਰਾਜ ਨੇ ਰਾਜੇ ਅਨਰੁੱਧ ਚੰਦ ਕਟੋਚੀਏ ਨੂੰ ਆਖਣਾ ਕਿ
ਰਾਜੇ ਧਿਆਨ ਸਿੰਘ ਦੇ ਪੁਤਰ ਰਾਜੇ ਹੀਰਾ ਸਿੰਘ ਨਾਲ ਅਪਣੀ
ਸਕੀ ਭੈਣ ਦੀ ਸ਼ਾਦੀ ਕਰ ਅਤੇ ਉਸਨੇ ਨਾ ਮਨਜ਼ੂਰ ਕਰਨਾ }

ਮਹਾਰਾਜ ਅਨਰੁੱਧ ਨੂੰ ਆਖਿਆ ਹੈ ਹੀਰਾ ਸਿੰਘ ਨੂੰ ਰਾਜਾ ਖਿਤਾਬ ਦਿਤਾ
ਤੂੰ ਏਸ ਨੂੰ ਭੈਣ ਦਾ ਸਾਕ ਦੇ ਖਾਂ ਸੁਣ ਕਟੋਚੀਏ ਅਗੋਂ ਜਵਾਬ ਦਿਤਾ
ਬਹੁਤ ਛੋਟੀ ਹੈ ਜਾਤ ਇਹ ਮੇਰੇ ਕੋਲੋਂ ਸਾਫ ਤੋੜ ਜਵਾਬ ਸ਼ਤਾਬ ਦਿਤਾ
ਬਿਸ਼ਨ ਸਿੰਘਾ ਵਿਗਾੜੀ ਕਟੋਚੀਏ ਨੇ ਇਹ ਕੰਮ ਹੈ ਕਰ ਖਰਾਬ ਦਿਤਾ

{ ਮਹਾਰਾਜ ਨੇ ਨਾਰਾਜ਼ ਹੋਜਾਣਾ, ਅਨਰੁੱਧ ਚੰਦ ਨੇ ਭੱਜਕੇ
ਅੰਗ੍ਰੇਜ਼ਾਂ ਕੋਲ ਚਲੇ ਜਾਣਾ ਓੜਕ ਨਦੌਣ ਆਕੇ ਮਰ ਜਾਣਾ }

ਮਹਾਰਾਜ ਤਾਂ ਸੁਣ ਨਾਰਾਜ਼ ਹੋਏ ਗੁਸਾ ਬੜਾ ਹੈ ਆਕੇ ਚੜ ਗਿਆ
ਲਗੇ ਕਰਨ ਨੁਕਸਾਨ ਨੇ ਰਾਜੇ ਸੰਦਾ ਅਗੋਂ ਰਾਜਾ ਬੀ ਅੱਕ ਤੇ ਸੜ ਗਿਆ
ਓੜਕ ਭੱਜਕੇ ਗਿਆ ਹੈ ਲੁਦਿਹਾਣੇ ਦੇਸ ਅਪਣੇ ਨੂੰ ਖਾਲੀ ਹੈ ਕਰ ਗਿਆ
ਅਪਣੀ ਭੈਣ ਨੂੰ ਵੀ ਨਾਲ ਲੈਗਿਆ ਮਹਾਰਾਜ ਤੋਂ ਬੜਾ ਹੈ ਡਰ ਗਿਆ

ਐਪਰ ਮੱਦਤ ਅੰਗ੍ਰੇਜ਼ਾਂ ਨੇ ਨਹੀਂ ਕੀਤੀ ਓੜਕ ਹੋ ਨਿਰਾਸ ਹੈ ਘਰ ਗਿਆ
ਛੇਕੜ ਰਾਜਾ ਅਨੁਰੁੱਧ ਨਦੌਣ ਆਕੇ ਏਸੇ ਗ਼ਮਦੇ ਨਾਲ ਹੀ ਮਰ ਗਿਆ
ਇਸਦੇ ਮਰੇ ਤੇ ਬਾਦ ਇਲਾਕਾ ਇਸਦਾ ਜ਼ਬਤ ਸਾਰਾ ਮਹਾਰਾਜ ਨੇ ਕਰ ਲਿਆ
ਫਤੇ ਚੰਦ ਜੋ ਚਾਚਾ ਅਨੁਰੁੱਧ ਦਾ ਸੀ ਪੈਰ ਏਸ ਮਹਾਰਾਜ ਦਾ ਫੜ ਲਿਆ
ਕੁਲ ਵੀਹ ਹਜਾਰ ਜਗੀਰ ਦਿਤੀ ਇਹ ਏਸੇ ਦੇ ਨਾਲ ਹੀ ਤਰ ਗਿਆ
ਮਹਾਰਾਜ ਸਰਕਾਰ ਤੋਂ ਬਿਸ਼ਨ ਸਿੰਘਾ ਇਹ ਕੰਮ ਹੈ ਓੜਕ ਨੂੰ ਸਰ ਗਿਆ

{ ਸੰ: ੧੮੮੫ ਬਿ: ਭਾਦਰੋਂ ਦੇ ਮਹੀਨੇ ਲਾਹੌਰ ਅੰਮ੍ਰਿਤਸਰ ਵਿਚ
ਹੈਜੇ (ਬਵਾ) ਦੀ ਮਰੀ ਅਤੇ ਕਸ਼ਮੀਰ ਵਿਚ ਭੁਚਾਲ ਆਉਂਣਾ }

ਐਸੀ ਵਬਾ ਆਪਈ ਹੈ ਦੋਹੀਂ ਸ਼ੈਹਿਰੀਂ ਲੋਕ ਕਈ ਹਜ਼ਾਰ ਅਪਾਰ ਮਰ ਗਏ
ਸੰਧਾਂ ਵਾਲੀਏ ਵੀ ਬੁਧ ਸਿੰਘ ਜਹੇ ਬੜੇ ਬੜੇ ਨੇ ਕਈ ਸਰਦਾਰ ਚੜ ਗਏ
ਮਹਾਰਾਜ ਨੇ ਬੜਾ ਹੈ ਸ਼ੋਕ ਕੀਤਾ ਕਈ ਨੱਪੇ ਤੇ ਕਈ ਹਜ਼ਾਰ ਸੜ ਗਏ
ਹੋਮਾ ਜਗ ਕਰਾਇ ਨੇ ਦੋਹੀਂ ਸ਼ੈਹਿਰੀ ਲੋਕ ਮਰ ਕੇ ਧਨਾਂ ਦੇ ਢੇਰ ਧਰ ਗਏ
ਇਕ ਲੱਖ ਅਠਤਾਲੀ ਹਜ਼ਾਰ ਸੁਣ ਲੌ ਏਸ ਜੱਗ ਦੇ ਉੱਤੇ ਜੋ ਕੂਚ ਕਰ ਗਏ
ਧਨੂੰ ਪੂਜ ਦੀ ਤੇ ਗੰਗ ਯਤੀ ਸੰਦੀ ਲੋਕ ਲੈ ਦਵਾਈ ਹਜ਼ਾਰ ਤਰ ਗਏ
ਏਸੇ ਸਾਲ ਕਸ਼ਮੀਰ ਭੁਚਾਲ ਆਯਾ ਲੋਕ ਸਗੋਂ ਵਧੇਰੇ ਨੇ ਆਨ ਡਰ ਗਏ
ਡਿਗੇ ਕਈ ਹਜ਼ਾਰਾਂ ਮਕਾਨ ਓਥੇ ਹਾਲ ਦੇਖ ਇਹ ਲੋਕਾਂ ਦੇ ਨੈਣ ਭਰ ਗਏ
ਏਸ ਨਾਲ ਭੁਚਾਲਦੇ ਬਿਸ਼ਨਸਿੰਘਾਹੋਰਕਈਆਂਤਾਂਈਨੇ ਕਾਲ ਭਗਵਾਨ ਹਰ ਗਏ

[ਫੇਰ ਪਸ਼ੌਰ ਵਲੋਂ ਸੱਯਦ ਅਹਿਮਦ ਦੇ ਗਦਰ ਦੀ ਖਬਰ ਆਈ]

ਏਸੇ ਸਾਲ ਫਿਰ ਖਬਰ ਲਾਹੌਰ ਆਈ ਸੱਯਦ ਅਹਿਮਦ ਨੇ ਗਦਰ ਮਚਾਯਾ ਮੁੜਕੇ
ਨਾਲ਼ ਲੈ ਜਹਾਦੀਆਂ *ਗਾਜ਼ੀਆਂ ਨੂੰ ਬੜਾ ਭਾਰਾ ਫਸਾਦ ਉਠਾਯਾ ਮੁੜਕੇ
ਆਕੇ ਸਾਰੇ ਇਲਾਕੇ ਪਸ਼ੌਰ ਸੰਦੇ ਅਹਿਮਦ ਸੱਯਦ ਨੇ ਰੌਲਾ ਹੈ ਪਾਯਾ ਮੁੜਕੇ
ਕਾਰਦਾਰਾਂ ਸੰਰਕਾਰੀਆਂ ਸਾਰਿਆਂ ਨੂੰ ਅਫੜਾ ਦਫੜੀ ਪਾ ਦੇਸੋਂ ਭਜਾਯਾ ਮੁੜਕੇ
ਕਿਲੇ ਕਾਦੇ ਖਾਂ ਉਤੇ ਸੂ ਕਬਜਾ ਕੀਤਾ ਹੁਣ ਲੈਣ ਪਸ਼ੌਰ ਨੂੰ ਆਯਾ ਮੁੜਕੇ
ਅਹਿਮਦ ਸੱਯਦ ਪਸ਼ੌਰ ਨੂੰ ਮਲਿਆ ਚਾਹਿ ਇਹ ਕਿਸੇ ਨੇ ਹਾਲ ਸੁਣਾਯਾ ਮੁੜਕੇ
ਸ਼ਪਾ ਸ਼ਪ.ਮਹਾਰਾਜ ਨੇ ਇਹ ਸੁਣਕੇ ਸ਼ੇਰ ਸਿੰਘ ਸ਼ਾਹਜ਼ਾਦਾ ਚੜ੍ਹਾਯਾ ਮੁੜਕੇ
ਨਾਲੇ ਸਾਹਿਬ ਵੈਂਤੂਰਾ ਅਲਾਰਡ ਸਾਹਿਬ ਲਸ਼ਕਰ ਦੇਕੇ ਨਾਲ ਪਠਾਯਾ ਮੁੜਕੇ
ਇਨਾਂ ਅਫਸਰਾਂ ਆਣਕੇ ਦਲ ਅਪਣਾ ਜਦੋਂ ਅਟਕ ਤੋਂ ਆ ਲੰਘਾਯਾ ਮੁੜਕੇ
ਸ਼ੇਰ ਸਿੰਘ ਸ਼ਾਹਜ਼ਾਦੇ ਨੇ ਬਿਸ਼ਨ ਸਿੰਘਾ ਏਥੇ ਬੈਠ ਕੇ ਮਤਾ ਪਕਾਯਾ ਮੁੜਕੇ

*ਜੇਹੜੇ ਰਾਜ ਵਾਸਤੇ ਲੜ ਮਰਨ।

{ ਕੌਰ ਸ਼ੇਰ ਸਿੰਘ ਨੇ ਸੁਲਤਾਨ ਮੁਹੰਮਦ ਖਾਂ ਪਸ਼ੌਰ ਦੇ ਸੂਬੇ ਪਾਸੋਂ ਨਜ਼ਰਾਨਾ ਮੰਗ ਭੇਜਣਾ (ਅਤੇ ਉਸਨੇ ਜਵਾਬ ਘਲਣਾ ਕਿ ਆਪਦਾ ਮੁਲਕ ਦੀਵਾਨ ਧਨ ਪਤਰਾਇ ਆਪਦਾ ਭੇਜਿਆ ਹੋਯਾ ਮੇਰੇ ਪਾਸੋਂ ਪਸ਼ੌਰ ਖੋਹ ਬੈਠਾ ਹੈ) ਅਤੇ ਧਨ ਪਤ ਰਾਇ ਨੂੰ ਕੈਦ ਕਰਨਾ }

ਕੌਰ ਸੋਚ ਸੁਲਤਾਨ ਮੁਹੰਮਦ ਖਾਂ ਨੂੰ ਝਟ ਪਟ ਹੈ ਇਹ ਸੁਣਾ ਦਿਤਾ
ਭੇਜ ਦੇ ਨਜ਼ਰਾਨਾਂ ਤੂੰ ਏਥੇ ਸਾਨੂੰ ਚਿਰ ਐਤਨਾ ਕਾਸਨੂੰ ਲਾ ਦਿਤਾ
ਅਗੋਂ ਆਪ ਸੁਲਤਾਨ ਮੁਹੰਮਦ ਖਾਂ ਨੇ ਸਾਰਾ ਖੋਲ ਕੇ ਹਾਲ ਅਲਾ ਦਿਤਾ
ਧਨ ਪਤ ਪਸ਼ੌਰ ਨੂੰ ਮੱਲ ਬੈਠਾ ਇਹ ਲਿਖਕੇ ਹਾਲ ਬਤਾ ਦਿਤਾ
ਏਸ ਗਲ ਤੋਂ ਕੌਰ ਨੇ ਗੁਸਿ ਹੋਕੇ ਧਨਪਤ ਨੂੰ ਮਾਰ ਉਡਾ ਦਿਤਾ
ਮਾਲ ਮੁਲਕ ਸਭ ਜ਼ਬਤ ਕਰ ਬਿਸ਼ਨ ਸਿੰਘਾ ਕੈਦ ਕਰ ਲਾਹੌਰ ਪੁਚਾ ਦਿਤਾ

{ ਪਸ਼ੌਰ ਤੋਂ ਨਜ਼ਰਾਨਾ ਲੈਕੇ ਲਾਹੌਰ ਆਉਂਣਾ ਤੇ ਯਾਰ ਮੁਹੰਮਦ ਨੇ ਲੇਲੀ ਘੋੜੀ ਦੇ ਦੇਣ ਦਾ ਇਕਰਾਰ ਕਰਨਾ ਸੋ ਮਹਾਰਾਜ ਨੂੰ ਆ ਦਸਣਾ ਤੇ ਸਰਕਾਰ ਨੇ ਸੁਣਨਾ ਖੁਸ਼ ਹੋਣਾ }

ਜਾਕੇ ਵਿਚ ਪਸ਼ੌਰ ਵੈਂਤੂਰੇ ਸਾਹਿਬ ਸਾਰਾ ਗਿਣ ਨਜ਼ਰਾਨਾ ਵਸੂਲ ਕੀਤਾ
ਟਬਰ ਬੰਨਕੇ ਯਾਰ ਮੁਹੰਮਦ ਖਾਂ ਦਾ ਤੇਗ ਕਰਕੇ ਕੁਟਕੇ ਤੂਲ ਕੀਤਾ
ਅੰਦਰ ਅੰਦਰ ਫਿਰ ਤਿਨਾਂ ਮਹੀਨਿਆਂ ਦੇ ਲੇਲੀ ਘੋੜੀ ਦਾ ਦੇ ਦੇਣਾ ਕਬੂਲ ਕੀਤਾ
ਆਣ ਕਿਹਾ ਮਰਾਰਾਜ ਨੂੰ ਬਿਸ਼ਨ ਸਿੰਘਾ ਜੇਹੜਾ ਸਿੰਘਾਂ ਪਸ਼ੌਰ ਹੈ ਹੂਲ ਕੀਤਾ

[ਰਾਜੇ ਸੰਸਾਰ ਚੰਦ ਦੀ ਰਾਣੀ ਗੱਦਣ ਦੀਆਂ ਧੀਆਂ ਨਾਲ ਮਹਾਰਾਜ ਦਾ ਵਿਆਹ]

ਗੱਦਣ ਰਾਣੀ*ਸੰਸਾਰ ਚੰਦ ਰਾਜੇ ਸੰਦੀ ਇਸਦੀਆਂ ਦੋ ਸਨ ਧੀਆਂ ਜਵਾਨ ਪਜਾਰੇ
ਧਜਾਨ ਸਿੰਘ ਦੇ ਪੁਤਰ ਨੂੰ ਦੇ ਨਾਤਾ ਮਹਾਰਾਜ ਨੇ ਕਿਹਾ ਬਖਾਨ ਪਜਾਰੇ
ਰਾਣੀ ਠੋਕ ਕੇ ਸਾਫ ਜਵਾਬ ਦਿਤਾ ਛੋਟਾ ਇਹਨਾਂ ਦਾ ਹੈ ਖਾਨ ਦਾਨ ਪਜਾਰੇ
ਹਾਂ ਅਪਣੇ ਨਾਲ ਜੇ ਕਰੋ ਸ਼ਾਦੀ ਮੇਰਾ ਕੋਈ ਨ ਉਜ਼ਰ ਪਛਾਨ ਪਜਾਰੇ
ਐਪਰ ਇਸ ਦੇ ਵਿਚ ਵੀ ਮਹਾਰਾਜਾ ਸ਼ਰਤਾਂ ਦੋਂ ਦਾ ਕਰੀਂ ਧਜਾਨ ਪਜਾਰੇ
ਇਕ ਮੋੜ ਇਲਾਕਾ ਨਦੌਣ ਦੇਣਾ, ਸੇਹਰੇ ਬੰਨਕੇ ਵਿਆਹ ਖੜ ਆਨ ਪਜਾਰੇ
ਗਲਾਂ ਦੋਵੇਂ ਹੀ ਮੰਨਕੇ ਮਹਾਰਾਜੇ ਖੜੀਆਂ ਦੋਵੇਂ ਵਿਆਹ ਨੇ ਜਾਨ ਪਜਾਰੇ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਅ. ਕੌਣ ਹੈ ਤੇਰੇ ਸਮਾਨ ਪਜਾਰੇ

{ ਜੇਠ ਸੰਃ ੧੮੮੬ ਬਿਃ ਨੂੰ ਮਹਾਰਾਜ ਨੇ ਜਰਨਲ ਵੈਂਤੂਰੇ ਸਾਹਿਬ ਨੂੰ ਯਾਰ ਮੁਹੰਮਦ ਖਾਂ ਪਸ਼ੌਰ ਪਾਸੋਂ ਲੇਲੀ ਘੋੜੀ ਲੈਣ ਭੇਜਣਾ }

ਤਿੰਨ ਮਹੀਨੇ ਦੇ ਛੇ ਮਹੀਨੇ ਗੁਜਰੇ ਲੇਲੀ ਘੋੜੀ ਨਾ ਅਜੇ ਵੀ ਆਈਏ ਜੀ

---

*ਰਾਜੇ ਸੰਸਾਰਚੰਦ ਦੇ ਪੁਤਰ ਜੋਧ ਬੀਰ ਚੰਦ ਦੀਆਂ ਦੋਵੇਂ ਭੈਣਾਂ(੧ ਚੌਦਾਂ ਵਰ੍ਹਿਆਂ ਦੀ ਦੂਜੀ ਸਤਾਰਾਂ ਵਰ੍ਹਿਆਂ ਦੀ) ਮਹਾਰਾਜ ਨੇ ਵਿਆਹ ਲਈਆਂ ਅਤੇ ਇਸਨੂੰ ਰਾ ਗੀ ਦਾ ਖਿਤਾਬ ਦੇਕੇ ਨਦੌਣ ਦਾ ਇਲਾਕਾ ਬਖਸ਼ ਦਿਤਾ ॥

ਚਾਰ ਪਲਟਣਾਂ ਤੇ ਦੋ ਤੋਪਖਾਨੇ ਮਹਾਰਾਜ ਨੇ ਫੌਜ ਚੜ੍ਹਾਈ ਏ ਜੀ
ਹੁਕਮ ਮੰਨ ਜਰਨੈਲ ਵੈਂਤੂਰੇ ਸਾਹਿਬ ਕਰੀ ਵਲ ਪਸ਼ੌਰ ਦੇ ਧਾਈ ਏ ਜੀ
ਸ਼ਪਾਸ਼ਪ ਲਾਹੌਰ ਤੋਂ ਤੁਰ ਕਰਕੇ ਅਟਕੋਂ ਪਾਰ ਜਾ ਫੌਜ ਲੰਘਾਈ ਏ ਜੀ
ਅਗੇ ਅਹਿਮਦ ਤੇ ਯਾਰ ਮਹੰਮਦ ਸੰਦੀ ਹੋ ਰਹੀ ਸੀ ਬੜੀ ਲੜਾਈ ਏ ਜੀ
ਦੋ ਕਿਲੇ ਜਹਾਦੀਆਂ ਜਿੱਤ ਲੀਤੇ ਐਸੀ ਭਾਰੀ ਲੜਾਈ ਮਚਾਈ ਏ ਜੀ
ਇਕ ਪਪਨਾ,ਉਧਾਨ ਸੀ ਕਿਲਾ ਦੂਜਾ ਅਹਿਮਦ ਫਤੇ ਆ ਏਹਨਾਂ ਤੇ ਪਾਈਏ ਜੀ
ਯਾਰ ਮੁਹੰਮਦ ਨੂੰ ਬੜਾ ਹੈ ਤੰਗ ਕੀਤਾ ਅਹਿਮਦ ਖਾਂ ਜੋ ਬੜਾ ਕਸਾਈ ਏ ਜੀ
ਯਾਰ ਮੁਹੰਮਦ ਵੈਂਤੂਰੇ ਤੋਂ ਮੱਦਦ ਮੰਗੀ ਤਰਲੇ ਕਰਕੇ ਅਰਜ਼ ਸੁਣਾਈ ਏ ਜੀ
ਜਰਨਲ ਕਿਹਾ ਤੂੰ ਘੋੜੀ ਖਾਂ ਦੇਹ ਪਹਿਲੇ ਫੇਰ ਤੈਨੂੰ ਆ ਅਸੀ ਬਚਾਈਦੇ ਜੀ
ਅਜੇ ਇਸਤਰਾਂ ਗਲਾਂ ਹੀ ਹੁੰਦੀਆਂ ਸਨ ਅਹਿਮਦ ਸੱਯਦਨੇ ਕਰੀ ਸਫਾਈਏ ਜੀ
ਮਾਰ ਸੁਟਿਆ ਯਾਰ ਮੁਹੰਮਦ ਤਾਈਂ ਇਹ ਸਾਰੀ ਹੀ ਗਲ ਮੁਕਾਈ ਏ ਜੀ
ਫੇਰ ਤੁਰੇ ਜਹਾਦੀ ਪਸ਼ੌਰ ਵਲੇ ਉਧਰ ਸਿਖਾਂ ਵੀ ਫਤੇ ਬੁਲਾਈ ਏ ਜੀ
ਓਥੇ ਦੋਹਾਂ ਦਾ ਜੰਗ ਹੈ ਬੜਾ ਹੋਯਾ ਦੋਹਾਂ ਵਲੋਂ ਨ ਕਸਰ ਰਹਾਈ ਏ ਜੀ
ਉਤੇ ਲੋਥਾਂ ਦੇ ਲੋਥ ਚੜਾਈ ਏ ਜੀ ਇਕ ਲਹੂ ਦੀ ਨਦੀ ਵਗਾਈ ਏ ਜੀ
ਓੜਕ ਫਤੇ ਹੁਣ ਸਿੰਘਾਂ ਨੇ ਪਾਈਏ ਜੀ ਫੌਜ ਅਹਿਮਦ ਦੀ ਮਾਰ ਭਜਾਈ ਏ ਜੀ
ਬਾਰਾਂ ਸੌ ਜਹਾਦੀਆਂ ਦੀ ਸ਼ਾਦੀ ਅਹਿਮਦ ਹੂਰਾਂ ਦੇ ਨਾਲ ਕਰਾਈ ਏ ਜੀ

"ਅੱਗ ਲੱਗੀ ਕੁਤਾ ਰੂੜੀ ਤੇ"

ਖਬਰੇ ਕੇਹੜੀ ਪਹਾੜੀਂ ਤੇ ਝਾੜੀਂ ਜਾਕੇਅਹਿਮਦ ਆਪਣੀ ਸਿਰੀ ਲੁਕਾਈ ਏ ਜੀ
ਜਰਨਲ ਸਾਹਿਬ ਵੈਂਤੂਰੇ ਪਸ਼ੌਰ ਆਕੇ ਹੁਣ ਆਪਣੀ ਤਾਕਤ ਵਿਖਾਈ ਏ ਜੀ
ਮਾਲ ਮਤਾ ਲੈ ਯਾਰ ਮੁਹੰਮਦ ਖਾਂ ਦਾ ਲੈਲੀ ਘੋੜੀ ਵੀ ਪਕੜ ਮੰਗਾਈ ਏ ਜੀ
ਯਾਰ ਮੁਹੰਮਦ ਦੇ ਭਾਈ ਸੁਲਤਾਨ ਖਾਂ ਨੂੰ ਸੂਬੇਦਾਰੀ ਪਸ਼ੌਰ ਫੜਾਈ ਏ ਜੀ
ਆਪ ਆ ਲਾਹੌਰ ਮਹਾਰਾਜ ਜੀ ਨੂੰ ਲੈਲੀ ਘੋੜੀ ਵੈਂਤੂਰੇ ਦਿਖਾਈ ਏ ਜੀ
ਘੋੜੀ ਲੈ ਮਹਾਰਾਜ ਨੇ ਖੁਸ਼ੀ ਹੋਏ ਇੱਜ਼ਤ ਸਾਹਿਬ ਦੀ ਬੜੀ ਵਧਾਈ ਏ ਜੀ
ਮਾਲਾ ਮੋਤੀਆਂ ਦੀ ਇਕ ਖਿਲਤ ਦਿਤਾ ਵੀਹ ਹਜਾਰ ਜਗੀਰ ਲਗਾਈ ਏ ਜੀ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਧੰਨ ਤੂੰ ਤੇ ਧੰਨ ਕਮਾਈ ਏ ਜੀ

[ਸੱਯਦ ਅਹਿਮਦ ਨੇ ਫੇਰ ਪਸ਼ੌਰ ਆ ਮਲਣਾ]

ਸੱਯਦ ਅਹਿਮਦ ਪਹਾੜਾਂ ਤੋਂ ਨਿਕਲ ਕਰਕੇ ਹਲਾ ਕਰ ਪਸ਼ੌਰ ਤੇ ਆ ਪਿਆ
ਆ ਨੁਵਾਬ ਸੁਲਤਾਨ ਮੁਹੰਮਦ ਖਾਂ ਨੂੰ ਝਟ ਪਟ ਹੈ ਫੇਰ ਦਬਾ ਲਿਆ
ਸਯਦ ਅਹਿਮਦ ਨੇ ਖਾਂ ਸੁਲਤਾਨ ਤਾਈਂ ਤਾਬਿਆਦਾਰਹੈ ਆਪਣਾ ਬਣਾ ਲਿਆ
ਈਨ ਮੰਨ ਲਈ ਓੜਕ ਨੂੰ ਬਿਸ਼ਨ ਸਿੰਘਾ ਜੰਗ ਕਰਕੇ ਜੋਰ ਵੀ ਲਾ ਲਿਆ

ਵੈਸਾਖ ਸੰਃ ੧੮੮੭ ਬਿਃ ਨੂੰ ਸੱਯਦ ਅਹਿਮਦ ਨੇ ਪਸ਼ੌਰ ਲੈਕੇ ਕਸ਼ਮੀਰ ਦੀ ਆਸ਼ਾ ਕਰਨੀ

ਸੱਯਦ ਅਹਿਮਦ ਪਸ਼ੌਰ ਨੂੰ ਲੈ ਕਰਕੇ ਬੁਰੇ ਕੰਮ ਤੋਂ ਫੇਰ ਨ ਰੁਕਿਆ ਹੈ
ਮਾਰ ਟੱਕਰਾਂ ਮੁਲਕ ਕਸ਼ਮੀਰ ਆਦਿਕ ਸੀਖ ਸੀਖ ਮੁਲਖਈਆਂ ਨੂੰ ਚੁਕਿਆ ਹੈ
ਇਕ ਦੇਸਦਾ ਦੇਸ ਹੀ ਕਠਾ ਹੋਕੇ ਉਤੇ ਆਕੇ ਸਿਖਾਂ ਦੇ ਬੁਕਿਆ ਹੈ
ਮੁਲਕ ਸਭ ਛੁਡਾਵਣਾ ਸਿੰਘਾਂ ਕੋਲੋਂ ਨੇੜੇ ਆਕੇ ਅਟਕ ਦੇ ਢੁਕਿਆ ਹੈ
ਹਰੀ ਸਿੰਘ ਤੇ ਸਾਹਿਬ ਅਲਾਰਡ ਅਗੋਂ ਦਲ ਲੈਕੇ ਅਟਕ ਨੂੰ ਝੁਕਿਆ ਹੈ
ਥੋੜੀ ਜਹੀ ਮੁਲਖਈਆਂ ਲੜਾਈ ਕੀਤੀ ਮੂੰਹ ਬੁਰਾਮੁਲਖਈਆਂ ਦਾ ਸੁਕਿਆ ਹੈ
ਟਿਡੀ ਦਲ ਮੁਲਖਈਆਂ ਦਾ ਜੇਹੜਾ ਆਯਾ ਕੁਝ ਦੌੜਿਆ ਤੇ ਕੁਝ ਮੁਕਿਆ ਹੈ
ਖੂਬ ਝੰਡੀਆਂ ਸਾਵੀਆਂ ਵਾਲਿਆਂ ਨੂੰ ਸਿੰਘਾਂ ਨਾਲ ਤਲ੍ਵਾਰਾਂ ਦੇ ਟੁਕਿਆ ਹੈ
ਸੱਯਦ ਨੈਣ ਸਿਆਪੇ ਦੀ ਬਿਸ਼ਨ ਸਿੰਘਾ ਫੇਰ ਝਾੜੀਂ ਪਹਾੜੀਂ ਜਾ ਲੁਕਿਆ ਹੈ

ਹਰੀ ਸਿੰਘ ਨਲੂਏ ਤੇ ਅਲਾਰਡ ਸਾਹਿਬ ਨੇ ਸੱਯਦ ਨੂੰ ਭਜਾਕੇ ਸੁਲਤਾਨ ਮੁਹੰਮਦ ਨੂੰ ਪਸ਼ੌਰ ਦਾ ਸੂਬਾ ਬਣਾਕੇ ਅ ਰਾਵਲ ਪਿੰਡੀ ਹੀ ਆਉਣਾ ਅਤੇ ਸਯਦ ਨੇ ਫੇਰ ਪਸ਼ੌਰ ਆ ਦਬਾਉਣਾ

ਸਯਦ ਅਹਿਮਦ ਖਤਾਬ ਖਲੀਫਾ ਆਪਣਾ ਸਾਰੇ ਮੁਲਕ ਮਸ਼ਹੂਰ ਕਰਾ ਆਯਾ
ਫੇਰ ਆਣ ਪਸ਼ੌਰ ਦਬਾ ਲੀਤਾ ਨਾਮ ਹੋਰ ਦਾ ਹੋਰ ਵਟਾ ਆਯਾ
ਤਿੰਨ ਹਜ਼ਾਰਕੁ ਮਹੀਨਾ ਪਸ਼ੌਰੋਂ ਲੈਣਾ ਕਰ ਸੂਬੇ ਨੂੰ ਇਹ ਸੁਣਾ ਆਯਾ
ਸੂਬਾ ਡਰਦਿਆਂ ਆਪੇ ਹੀ ਮੰਨ ਗਿਆ ਏਹੋ ਜਹੇ ਇਹ ਕਈ ਨਿਵਾ ਆਯਾ
ਅਹਿਮਦ ਸ਼ਾਹੀ ਸਿੱਕਾ ਆਪਣੇ ਨਾਮ ਸੰਦਾ ਥਾਂ ਥਾਂ ਤੇ ਅਹਿਮਦ ਚਲਾ ਆਯਾ
ਅਹਿਮਦ ਸ਼ਾਹ ਵਾਂਗੂ ਇਹ ਵੀ ਬਿਸ਼ਨ ਸਿੰਘਾ ਕਾਰਦਾਰ ਥਾਂ ਥਾਂ ਬਹਾ ਆਯਾ

੨੩ ਕਤਕ ਸੰਃ ੧੮੮੮ ਬਿਃ ਨੂੰ ਸੱਯਦ ਨੂੰ ਸੋਧਣ ਵਾਸਤੇ ਮਹਾਰਾਜ ਨੇ ਆਪ ਪਸ਼ੌਰ ਜਾਣਾ

ਮਹਾਰਾਜ ਇਹ ਸੱਯਦ ਦਾ ਹਾਲ ਸੁਣਕੇ ਚੜ੍ਹੇ ਫੌਜ ਲੈ ਗੁਸਾ ਨੇ ਖਾ ਆਏ
ਦਬਾ ਦਬ ਲਾਹੌਰ ਤੋਂ ਚਲ ਕਰਕੇ ਜਦੋਂ ਫੌਜ ਨੂੰ ਅਟੰਕ ਲੰਘਾ ਆਏ
ਸਯਦ ਝਾੜੀਂ ਪਹਾੜੀਂ ਜਾ ਫੇਰ ਲੁਕਿਆ ਮਹਾਰਾਜ ਨੇ ਲੱਭ ਲਭਾ ਆਏ
ਖੇਡ ਬਾਲਕਾਂ ਵਾਲੀ ਇਹ ਬਿਸ਼ਨ ਸਿੰਘਾ ਮਹਾਰਾਜ ਲਾਹੌਰ ਨੂੰ ਧਾ ਆਏ

ਸੱਯਦ ਨੇ ਫੇਰ ਭਾਦਰੋਂ ਦੀ ਖੁੰਬ ਵਾਂਗੂ ਸਿਰ ਆ ਕੱਢਣਾ ਅਤੇ ਇਸਦੇ ਸੋਧਣ ਨੂੰ ਮਹਾਰਾਜ ਨੇਂ ਹਰੀ ਸਿੰਘ ਨਲੂਏ ਨੂੰ ਘੱਲਣਾ

ਦੋ ਮਹੀਨੇ ਵੀ ਅਜੇ ਨ ਫੇਰ ਗੁਜਰੇ ਸੱਯਦ ਕਬਜੇ ਪਸ਼ੌਰ ਨੂੰ ਕਰ ਲਿਆ
ਮਹਾਰਾਜ ਦਾ ਹੁਕਮ ਵਜਾ ਕਰਕੇ ਹਰੀ ਸਿੰਘ ਸਰਦਾਰ ਹੈ ਚੜ ਪਿਆ
ਹਰੀ ਸਿੰਘ ਆ ਅਟਕ ਤੇ ਡੇਰਾ ਲਾਯਾ ਸੱਯਦ ਝਾੜੀਂ ਪਹਾੜੀਂ ਫਿਰ ਵੜ ਗਿਆ
ਗੁਸਾ ਆਯਾ ਸਰਦਾਰ ਨੂੰ ਬਿਸ਼ਨ ਸਿੰਘਾ ਕੰਮ ਸੱਯਦ ਨੇ ਲਿਆ ਹੈ ਫੜ ਕਿਆ

{ ਹਰੀ ਸਿੰਘ ਨੇ ਕਾਜ਼ੀ ਮੁਲਾਣੇ ਕਠੇ ਕਰਕੇ ਸੱਯਦ ਦੇ ਮਗਰ ਪਾਉਣੇ ਕਿ ਇਹ *ਵਹਾਬੀ ਮਤ ਰਖਦਾ ਹੈ ਇਸ ਲਈ ਮੁਸਲਮਾਨਾਂ ਲੋਕਾਂ ਨੇ ਸੱਯਦ ਦੇ ਮਗਰ ਪੈ ਜਾਣਾ ਅਤੇ ਦੇਸੋਂ ਕਢ ਦੇਣਾ }

ਗਸ਼ਤੀ ਫੌਜ ਸਰਦਾਰ ਚੜ੍ਹਾਇ ਦਿਤੀ ਕਾਜ਼ੀ ਮੁਲਾਂ ਸਭ ਫੜ ਮੰਗਾਇ ਨੇ ਜੀ
ਤੁਸੀ ਅਹਿਮਦ ਨੂੰ ਆਖੋ ਵਹਾਬੀ ਸਾਰੇ ਕਾਜ਼ੀ ਸਾਰੇ ਸਰਦਾਰ ਮਨਾਇ ਨੇ ਜੀ

"ਜੋਰਾਵਰ ਦਾ ਸੱਤੀਂ ਵੀਹੀਂ ਸੌ"

ਏਨਾਂ ਕਾਜ਼ੀਆਂ ਦੇਸ ਦੇ ਤੁਰਕ ਸਾਰੇ ਵੈਰੀ ਸੱਯਦ ਦੇ ਚੁਕ ਬਣਾਇ ਨੇ ਜੀ
ਮੁਜੱਫਰਾਬਾਦ ਨੂੰ ਸਯਦ ਫਿਰ ਨੱਠ ਗਿਆ ਮਗਰ ਕ੍ਹਾਜੀਆਂ ਲੋਕ ਜਾਂ ਪਾਇ ਨੇ ਜੀ
ਮੁਜੱਫਰਾ ਬਾਦ ਪਹਾੜ ਨੂੰ ਲੁਟ ਕਰਕੇ ਸੱਯਦ ਹੋਰੀ ਹਜਾਰੇ ਨੂੰ ਆਇ ਨੇ ਜੀ
ਰੌਲਾਂ ਪਾਯਾ ਹਜਾਰੇ ਦੇ ਮੁਲਕ ਅੰਦਰ ਬੜੇ ਭਾਰੇ ਚਾ ਵੈਰ ਵਧਾਇ ਨੇ ਜੀ
ਸ਼ੇਰ ਸਿੰਘ ਜਰਨੈਲ ਅੈਲਾਰਡ ਸਾਹਿਬ ਦਬਾ ਦਬ ਫਿਰ ਫੌਜ ਲੈ ਧਾਇ ਨੇ ਜੀ
ਚਾਰ ਪਲਟਣਾਂ ਇਕ ਰਸਾਲਾ ਆਂਦਾ ਤੋਪਖਾਨੇ ਵੀ ਦੋ ਲਿਆਇ ਨੇ ਜੀ
ਐਸੀ ਦੁਸ਼ਮਣਾਂ ਦੀ ਦੁਰਦਸ਼ਾ ਕੀਤੀ ਘਾਹ ਮੂੰਹ ਦੇ ਵਿੱਚ ਫੜਾਇ ਨੇ ਜੀ
ਇਸਮਾਈਲ ਮੁਹੰਮਦ ਵਜ਼ੀਰ ਅਹਿਮਦ ਇਹ ਦੋਵੇਂ ਹੀ ਕਤਲ ਕਰਾਇ ਨੇ ਜੀ
ਸੱਯਦ ਸੰਦਾ ਵਜ਼ੀਰ ਸੀ ਇਸਮਾਈਲ ਦੋਵੇਂ ਤੇਗ ਦੇ ਘਾਟ ਲੰਘਾਇ ਨੇ ਜੀ
ਸਿਰ ਦੋਹਾਂ ਦੇ ਕੱਟਕੇ ਲਦ ਕਰਕੇ ਬਸ ਵਿੱਚ ਲਾਹੌਰ ਪਹੁੰਚਾਇ ਨੇ ਜੀ
ਬਸ ਫੇਰ ਤਾਂ ਦੇਸ ਠੰਢ ਪੈਗਈ ਲੋਕ ਅਮਨ ਦੇ ਨਾਲ ਬਹਾਇ ਨੇ ਜੀ
ਵਾਹ ਧੰਨ ਕਮਾਈਆਂ ਬਿਸ਼ਨ ਸਿੰਘਾ ਤੇਰੇ ਅੰਤ ਹਿਸਾਬ ਨ ਪਾਇ ਨੇ ਜੀ

{ ਮਹਾਰਾਜ ਦੇ ਤੋਫੇ ਭੇਜੇ ਹੋਏ ੨੯ ਹਾੜ ਸੰ: ੧੮੮੫ ਬਿ: ਨੂੰ ਇੰਗਲੈਂਡ ਵਿਚ ਪਹੁੰਚੇ }

ਸਾਹਿਬ ਲਾਰਡ ਅਮਹੇਰਟ੍ ਕਲਕੱਤੇ ਵਾਲੇ ਇੰਗਲੈਂਡ ਸਭ ਤੋਫੇ ਪਹੁੰਚਾਇ ਦਿਤੇ
ਮਹਾਰਾਣੀ ਦੀ ਖਿਦਮਤ ਦੇ ਵਿੱਚ ਆਕੇ ਮਹਾਰਾਜ ਦੇ ਵਲੋਂ ਫੜਾਇ ਦਿਤੇ
ਤੋਫੇ ਦੇਖ ਇੰਗਲੈਂਡ ਦੇ ਸ਼ਾਹ ਨੇ ਜੀ ਬੜੇ ਭਾਰੇ ਅਨੰਦ ਮਨਾਇ ਦਿਤੇ
ਉਸਤਤ ਕਰ ਮਹਾਰਾਜ ਦੀ ਬਿਸ਼ਨ ਸਿੰਘਾ ਧੰਨਵਾਦ ਨੇ ਬੜੇ ਬਜਾਇ ਦਿਤੇ

{ ਇੰਗਲੈਂਡ ਦੇ ਪਾਤਸ਼ਾਹ ਨੇ ਮਹਾਰਾਜੇ ਰਣਜੀਤ ਸਿੰਘ ਨੂੰ ਲਫਟੰਟ ਬਰਨਸ ਸਾਹਿਬ ਦੇ ਹਥ ਤੋਫੇ ਭੇਜਣੇ }

ਪੰਜ ਘੋੜੇ ਵਲਾਇਤੀ ਬੜੇ ਸੋਹਣੇ ਇਕ ਮੁਰਾਸਲਾ ਲਿਖਕੇ ਘੱਲਿਆ ਹੈ
ਇੰਗਲੈਂਡ ਵਲੋਂ ਮਹਾਰਾਜ ਲਈ ਬਰਨਸ ਸਾਹਿਬ ਹੁਣ ਲੈਕੇ ਚੱਲਿਆ ਹੈ
ਹੋਰ ਕਈਆਂ ਅੰਗ੍ਰੇਜ਼ਾਂ ਨੂੰ ਨਾਲ ਲੈਕੇ ਰਸਤੇ ਸਿੰਧ ਪੰਜਾਬ ਨੂੰ ਹੱਲਿਆ ਹੈ
ਬਰਨਸ ਸਾਹਿਬ ਨੇ ਆਕੇ ਬਿਸ਼ਨ ਸਿੰਘਾ ਉੱਚ ਪਿੰਡ ਮੁਕਾਮ ਆ ਮੱਲਿਆ ਹੈ

*ਜੋਹੜਾ ਪੀਰਾਂ, ਪੈਕੰਬਰਾਂ ਤੇ ਕਰਾਮਾਤਾਂ ਨੂੰ ਨ ਮੰਨੇ।

[*ਬਰਨਸ ਸਾਹਿਬ ਨੇ ਲਾਹੌਰ ਆਉਣਾ]

ਤਿੰਨ ਸਾਉਣ ਨੂੰ ਏਧਰੋਂ ਲਾਹੌਰ ਵਲੋਂ ਮਹਾਰਾਜ ਨੇ ਹੁਕਮ ਸੁਣਾਇ ਨੇ ਜੀ
ਅਜ਼ੀਜ਼ ਦੀਨ ਤੇ ਰਾਜਾ ਗੁਲਾਬ ਸਿੰਘ ਜੋ ਅਗੋਂ ਇਹ ਮਹਾਰਾਜ ਪਠਾਇ ਨੇ ਜੀ
ਦੋ ਕੰਪਣੀਆਂ ਇਕ ਰਸਾਲਾ ਲੈਕੇ ਅਗੋਂ ਲੈਣ ਇਹ ਸਾਹਿਬ ਨੂੰ ਆਇ ਨੇ ਜੀ
ਬੜੀ ਇੱਜ਼ਤ ਦੇ ਨਾਲ ਵਕੀਲ ਤਾਈਂ ਅਗੋਂ ਜਾਕੇ ਇਹ ਲਿਆਇ ਨੇ ਜੀ
ਅਲਾਰਡ ਸਾਹਿਬ ਦੀ ਕੋਠੀ ਉਤਾਰਾ ਦੇਕੇ ਬੜੇ ਸੁਖ ਦੇ ਨਾਲ ਬਹਾਇ ਨੇ ਜੀ
ਇੱਕੀ ਸੌ ਰੁਪਯਾ ਸਰਕਾਰ ਵਲੋਂ ਇਹ ਰੋਜ ਦੇ ਖਰਚ ਲਗਾਇ ਨੇ ਜੀ
ਚੰਗੇ ਚੰਗੇ ਸਮਾਨ ਵੀ ਹੋਰ. ਬਹੁਤੇ ਹਰ ਰੋਜ ਮਹਾਰਾਜ ਪਹੁੰਚਾਇ ਨੇ ਜੀ
ਚੰਗੇ ਚੰਗੇ ਵਕੀਲ ਨੂੰ ਬਿਸ਼ਨ ਸਿੰਘਾ ਮਹਾਰਾਜ ਨੇ ਖਾਣੇ ਖਵਾਇ ਨੇ ਜੀ

---

*ਕਰਾਂਚੀ ਤੋਂ ਲੈਕੇ ਮੁਲਤਾਨ ਤਕ ਜਿਥੇ ੨ ਇਹ ਉਤਰਦੇ ਆਏ ਉਥੇ ੨ ਦੇਖਣ ਵਾਲਿਆਂ ਦਾ ਮੇਲਾ ਭਰਦਾ ਰਿਹਾ ਇਨ੍ਹਾਂ ਨੂੰ ਵੇਖਕੇ ਲੋਕ ਹੈਰਾਨ ਹੁੰਦੇ ਰਹੇ ਕਿਉਂਕਿ ਇਸਤੋਂ ਪੈਹਲੇ ਕਦੀ ਕੋਈ ਅੰਗ੍ਰੇਜ਼ ਕਿਸੇ ਨਹੀਂ ਦੇਖਿਆ ਸੀ। ਮਹਾਰਾਜ ਨੇ ਵੰਤੂਰੇ ਸਾਹਿਬ ਨੂੰ ਬਹਾਵਲ ਪੁਰੋਂ ਡੇਢ ਲੱਖ ਰੁਪਯਾ ਖਿਰਾਜ ਲਿਆਵਣ ਵਾਸਤੇ ਫੌਜ ਦੇਕੇ ਤੋਰਿਆ, ਫਿਰ ਜਦ ਅੰਗ੍ਰੇਜ਼ੀ ਮਾਤਬਰ ਆਵਣਾਂ ਸੁਣਿਆਂ ਕਿ ਓਹ ਬਹਾਵਲ ਪੁਰ ਦੇ ਇਲਾਕੇ ਵਿੱਚ ਆ ਵੜਿਆ ਹੈ ਤਦ ਉਸਨੂੰ ਆਦਰ ਨਾਲ ਲਿਆਉਣ ਲਈ ਦੀਵਾਨ ਅਜੁਧਿਆ ਨਾਥ ਤੇ ਸਰਦਾਰ ਲੈਹਣਾ ਸਿੰਘ ਮਜੀਠੀਆ ਭੇਜੇ। ਓਧਰ ਨੁਵਾਬ ਬਹਾਵਲ ਖਾਂ ਬਹਾਵਲ ਪੁਰੀਏ ਨੇ ਵੀ ਉੱਚ ਪਿੰਡ ਜਾਕੇ ਸਾਹਿਬ ਦੀ ਅਗਵਾਨੀ ਕੀਤੀ। ਬਰਨਸ ਸਾਹਿਬ ਨੇ ਗੁਰਨਮੈਂਟ ਦੀ ਤਰਫੋਂ ਨੁਵਾਬ ਨੂੰ ੧ ਪਸਤੌਲ, ੧ ਜੇਬ ਘੜੀ ਆਦਿਕ ਤੋਫੇ ਦਿਤੇ ਅਤੇ ਬੜੀ ਖੁਸ਼ੀ ਨਾਲ ਗੱਲਾਂ ਬਾਤਾਂ ਕਰਕੇ ਆਪਸ ਵਿੱਚ ਦੋਸਤੀ ਕਾਇਮ ਕਰ ਲਈ। ਨੁਵਾਬ ਨੇ ਲਫਟੈਂਟ ਸਾਹਿਬ ਨੂੰ ਦੋ ਘੋੜੇ ਅਦਭੁਤ ਸੋਨੇ ਚਾਂਦੀ ਦੇ ਸਾਜਾਂ ਸਮੇਤ, ੧. ਬਾਜ, ੧ ਬੰਦੂਕ ਤੋੜੇਦਾਰ, ਦੋ ਹਜ਼ਾਰ ਰੁਪਯਾ ਨਕਦ ਦੇਕੇ ਵਿਦਾ ਕੀਤਾ ਜਦ ਵਕੀਲ ਓਥੋਂ ਤੁਰਕੇ ਮਹਾਰਾਜ ਦੀ ਹੱਦ ਵਿੱਚ ਆਯਾ ਤਾਂ ਸਰਦਾਰ ਲੈਹਣਾ ਸਿੰਘ ਤੇ ਦੀਵਾਨ ਅਜੁਧਿਆ ਨਾਥ ਮਹਾਰਾਜ ਦੀ ਤਰਫੋਂ ਵਕੀਲ ਨੂੰ ਜਾ ਮਿਲੇ ਅਤੇ ਬੜੇ ਪ੍ਰੇਮ ਨਾਲ ਮੁਲਤਾਨ, ਸ਼ੁਜਾਬਾਦ, ਕਿਲੇ ਤੇ ਸ਼ੈਹਰ ਦਿਖਾਉਂਦੇ ਹੋਏ ਜਦ ਛਾਂਗੇ ਮਾਂਗੇ ਪਹੁੰਚੇ ਤਾਂ ਸਰਦਾਰ ਸ਼ਾਮ ਸਿੰਘ ਤੇ ਫਕੀਰ ਨੂਰਦੀਨ ਵੀ ਮਹਾਰਾਜ ਵਲੋਂ ਵਕੀਲ ਸਾਹਿਬ ਨੂੰ ਜਾ ਮਿਲੇ ਬਹੁਤ ਖਾਤਰ ਕਰਕੇ ਨਾਲ ਲੈ ਆਏ ਹਰ ਇਕ ਸਦਰ ਮੁਕਾਮ ਪਰ ੧੧ ਤੋਪਾਂ ਦੀ ਸਲਾਮੀ ਕਰਕੇ ਤੇ ੧੧ ਸੌ ਰੁਪਯਾ ਖਰਚ ਲੰਗਰ ਦਾ ਦੇਂਦੇ ਆਏ।

{ ੮ ਸਾਉਣ ਸੰ: ੧੮੯੮ ਬਿ: ਨੂੰ ਬਰਨਸ ਸਾਹਿਬ ਦੀ ਮਹਾਰਾਜਾ ਨਾਲ ਮੁਲਾਕਾਤ ਹੋਣੀ }

ਮੁਲਾਕਾਤ ਮਹਾਰਾਜ ਦੀ ਕਰਨ ਲਈ ਵਕੀਲ ਸਾਹਿਬ ਨੇ ਕੂਚ ਕਰਾ ਦਿਤੇ
ਆਗਤ ਭਾਗਤ ਲਈ ਏਧਰ ਮਹਾਰਾਜ ਜੀ ਨੇ ਝਟ ਪਟ ਨੇ ਹੁਕਮ ਸੁਣਾ ਦਿਤੇ
ਅਨਾਰਕਲੀ ਤੋਂ ਲੈ ਕੇ ਕਿਲੇ ਤੀਕਰ ਪੈਹਰੇ ਫੌਜ ਦੇ ਹੈਣ ਲਗਾ ਦਿਤੇ
ਸੋਨੇ ਚਾਂਦੀ ਦੀਆਂ ਬਰਦੀਆਂ ਪਾਈਆਂ ਹੋਈਆਂ ਸਭਨਾਂ ਫੌਜੀਆਂ ਰੂਪ ਵਟਾ ਦਿਤੇ
ਸਿਰ ਤੋਂ ਪੈਰਾਂ ਤਕ ਸੋਨਾਂ ਹੀ ਸੋਨਾਂ ਦਿਸੇ ਐਸੇ ਸਜੇ ਜੋ ਹੱਦ ਮੁਕਾ ਦਿਤੇ
ਉੱਤੇ ਕੋਠਿਆਂ ਅਤੇ ਬਜ਼ਾਰਾਂ ਅੰਦਰ ਸੋਹਣੇ ਸੋਹਣੇ ਨੇ ਬਸਤ੍ਰ ਲਟਕਾ ਦਿਤੇ
ਹੁਕਮ ਮੰਨ ਮਹਾਰਾਜ ਦਾ ਸ਼ੈਹਰੀਆਂ ਨੇ ਸਾਰੇ ਕੁਲ ਬਜ਼ਾਰ ਸਜਾ ਦਿਤੇ
ਗਹਿਣੇ ਕਪੜੇ ਪਾ ਕੇ ਖੜੇ ਲੋਕੀ ਸਾਰੇ ਸੋਨੇ ਹੀ ਸੋਨੇ ਵਿਖਾ ਦਿਤੇ
ਮਰਦ ਤੀਵੀਆਂ ਤੇ ਮੁੰਡੇ ਕੁੜੀਆਂ ਨੇ ਥਾਂ ਥਾਂ ਤੇ ਡੇਰੇ ਜਮਾ ਦਿਤੇ
ਬਿਸ਼ਨ ਸਿੰਘ ਬਜ਼ਾਰਾਂ ਦੇ ਵਿੱਚ ਸਾਰੇ ਸੋਹਣੇ ਸੋਹਣੇ ਨੇ ਬਸਤ੍ਰ ਵਿਛਾ ਦਿਤੇ

[ਤਥਾ]

ਸੋਨੇ ਸੰਦੀ ਅੰਬਾਰੀ ਹੈ ਹਾਥੀ ਉੱਤੇ ਬਰਨਸ ਸਾਹਿਬ ਵੀ ਚੜ੍ਹਕੇ ਆਇ ਦੇਖੋ
ਧੂਮ ਧਾਮ ਦੇ ਨਾਲ ਨੇ ਸਹਿਜੇ ਸਹਿਜੇ ਅਹਿਲਕਾਰ ਨੇ ਅਗੋਂ ਲਿਆਇ ਦੇਖੋ
ਵੇਡ ਸਾਹਿਬ, ਵਕੀਲ ਅੰਗ੍ਰੇਜ਼ ਜਿੰਨੇ ਸੀਗੇ ਵੇਖਕੇ ਤੱਜਬ ਰਹਾਇ ਦੇਖੋ
ਵਾਹ ਵਾਹ ਹੀ ਵੇਖਕੇ ਕਰੀ ਆਵਣ ਕਿਆ ਸੋਹਣੇ ਬਜਾਰ ਸਜਾਇ ਦੇਖੋ
ਰੌਣਕ ਸ਼ੈਹਰ ਦੀ ਵੇਖ ਹੈਰਾਨ ਹੋਏ ਸਾਰੇ ਸੋਨੇ ਹੀ ਸੋਨੇ ਵਿਖਾਇ ਦੇਖੋ
ਅਹਿਲਕਾਰਾਂ ਤੇ ਅਫਸਰਾਂ ਫੌਜੀਆਂ ਨੇ ਸੋਹਣੇ ਸੋਹਣੇ ਪੁਸ਼ਾਕੇ ਨੇ ਪਾਇ ਦੇਖੋ
ਸਾਰੇ ਰਾਜੇ ਰਈਸ ਹੀ ਖੜੇ ਦਿਸਣ ਪੈਹਰੇ ਸਿੱਖਾਂ ਦੇ ਜੇਹੜੇ ਲਗਾਇ ਦੇਖੋ
ਸਿਰ ਪੇਚ, ਜਿਗਾ, ਕਲਗੀ, ਕੈਂਠਣ ਕੰਠੇ ਬੜੇ ਕੀਮਤੀ ਹੈਣ ਪਹਿਨਾਇ ਦੇਖੋ
ਐਨ ਬੁਤਾਂ ਦੇ ਬੁਤ ਨੇ ਦੇਵਾਂ ਵਾਂਗੂ ਸਾਰੇ ਜਾਂਵਦੇ ਸਿਰ ਨਿਵਾਇ ਦੇਖੋ
ਜਿਉਂ ਜਿਉਂ ਆਂਵਦੇ ਅੱਗੇ ਵਕੀਲ ਸਾਹਿਬ ਸਾਰੇ ਆਂਵਦੇ ਫਤੇ ਬੁਲਾਇ ਦੇਖੋ
ਆਪੋ ਆਪਣੇ ਕਾਇਦੇ ਅਨੁਸਾਰ ਸਾਰੇ ਥਾਂ ਥਾਂ ਤੇ ਪੈਹਰੇ ਨੇ ਲਾਇ ਦੇਖੋ
ਦੋ ਘੰਟੇ ਦੇ ਵਿੱਚ ਵਕੀਲ ਸਾਹਿਬ ਬਿਸ਼ਨ ਸਿੰਘ ਨੇ ਸ਼ੈਹਰ ਲੰਘਾਇ ਦੇਖੋ

[ਤਥਾ]

ਏਧਰ ਬਾਗ ਹਜੂਰੀ ਕਮਾਲ ਕੀਤਾ ਸਾਰਾ ਸੋਨੇ ਦੇ ਨਾਲ ਸਜਾਯਾ ਜੇ ਜੀ
ਬੈਠਣ ਵਾਸਤੇਂ ਰਾਜ ਦਰਬਾਰ ਅਪਣਾ ਮਹਾਰਾਜ ਨੇ ਏਥੇ ਬਣਾਯਾ ਜੇ ਜੀ
ਸਾਰੇ ਬਾਗ ਹਜੂਰੀ ਦੇ ਵਿਚ ਆਕੇ ਮਖਮਲ ਦਾ ਫਰਸ਼ ਵਛਾਯਾ ਜੇ ਜੀ
ਧਯਾਨ ਸਿੰਘ ਵਕੀਲ ਨੂੰ ਅਗੋਂ ਮਿਲਕੇ ਬੜੇ ਆਦਰ ਦੇ ਨਾਲ ਲਿਆਯਾ ਜੇ ਜੀ
ਮਹਾਰਾਜ ਨੇ ਨਾਲ ਵਕੀਲ ਜੀ ਦੇ ਫਰਸ਼ ਚੜ੍ਹਦਿਆਂ ਹਥ ਮਿਲਾਯਾ ਜੇ ਜੀ
ਬਾਹੋਂ ਫੜ ਵਕੀਲ ਨੂੰ ਮਹਾਰਾਜੇ ਕੁਰਸੀ ਚਾਂਦੀ ਦੀ ਉਤੇ ਬਹਾਯਾ ਜੇ ਜੀ

ਯਾਰਾਂ ਤੋਪਾਂ ਦੀ ਫੇਰ ਸਲਾਮੀ ਹੋਈ ਬਰਨਸ ਸਾਹਿਬ ਜੋ ਚਲਕੇ ਆਯਾ ਜੇ ਜੀ
ਬਿਸ਼ਨਸਿੰਘ ਹਮ ਘਰ ਨੇ ਸਜਣ ਆਏ ਸਭਨਾ ਖੜੇ ਹੋ ਸਬਦ ਇਹ ਗਾਯਾ ਜੇ ਜੀ

[ਤਥਾ]

ਇੰਗਲੈਂਡ ਦੇ ਪਾਤਸ਼ਾਹ ਦੀ ਤਰਫੋਂ ਸੁਖ ਸਾਂਦ ਹੁਣ ਪੁਛੀ ਪੁਛਾਈ ਪਜਾਰੇ
ਮਹਾਰਾਜ ਨੇ ਵੀ ਸੁਖ ਸਾਂਦ ਪੁਛੀ ਇੰਗਲੈਂਡ ਦੀ ਨਾਲ ਦਨਾਈ ਪਜਾਰੇ
ਥੈਲੀ ਜ਼ਰੀ ਦੀ ਮੜੀ ਜੋ ਸੀਗ ਆਂਦੀ ਭਰੀ ਤੋਫਿਆਂ ਨਾਲ ਫੜਾਈ ਪਜਾਰੇ
ਬਰਨਸ ਸਾਹਿਬ ਵਕੀਲ ਨੇ ਗਲ ਸਾਰੀ ਇੰਗਲੈਂਡ ਦੇ ਵਲੋਂ ਅਲਾਈ ਪਜਾਰੇ
ਜੇਹੜੀ ਚਿਠੀ ਇੰਗਲੈਂਡ ਦੇ ਵਲੋਂ ਆਈ ਅਜ਼ੀਜ਼ਦੀਨ ਨੇ ਓਹ ਸੁਣਾਈ ਪਜਾਰੇ
ਸਠ ਫੇਰ ਸਲਾਮੀ ਫਿਰ ਤੋਪਾਂ ਸੰਦੀ ਹੋਈ ਸਭਨਾਂ ਨੇ ਖੁਸ਼ੀ ਮਨਾਈ ਪਜਾਰੇ
ਹੱਕੇ ਬੱਕੇ ਅੰਗ੍ਰੇਜ਼ ਨੇ ਰਹੇ ਸਾਰੇ ਮਾਯਾ ਐਡੀ ਮਹਾਰਾਜ ਵਿਖਾਈ ਪਜਾਰੇ
ਨੇਤਰ ਟਡੇ ਹੀ ਰਹੇ ਨੇ ਬਿਸ਼ਨ ਸਿੰਘਾ ਸਭਨਾ ਤਾਂਈ ਹੈਰਾਨੀ ਹੈ ਆਈ ਪਜਾਰੇ

[ਤਥਾ]

ਪਏ ਸੋਚਾਂ ਦੇ ਵਿਚ ਅੰਗ੍ਰੇਜ਼ ਸਾਰੇ ਐਸਾ ਸੁਹਣਾ ਦਰਬਾਰ ਸਜਾਯਾ ਹੋਯਾ
ਆਸ ਪਾਸ ਸਰਦਾਰ ਅਪਾਰ ਬੈਠੇ ਮਾਨੋਂ ਸ਼ੇਰਾਂ ਨੂੰ ਪਕੜ ਬਹਾਯਾ ਹੋਯਾ
ਜਿਗਾ ਕਲਗੀਆਂ ਸਿਰ ਤੇ ਝੂਲ ਰਹੀਆਂ ਝਿਲ ਮਿਲ ੨ ਪ੍ਰਕਾਸ਼ ਆ ਛਾਯਾ ਹੋਯਾ
ਚੜ੍ਹਦੇ ਇਕ ਤੋਂ ਇਕ ਸਰਦਾਰ ਸਾਰੇ ਚੜ੍ਹਦਾ ਰੂਪ ਜਵਾਨੀ ਦਾ ਆਯਾ ਹੋਯਾ
ਬੜੇ ਕੁੰਡੇ ਮੁਛਹਿਰੇ ਤੇ ਲੰਮੇ ਦਾਹੜੇ ਹਰ ਇਕ ਨੇ ਦਾਹੜਾ ਵਧਾਯਾ ਹੋਯਾ
ਸੁਹਣੇ ਸੁਹਣੇ ਦਸਤਾਰੇ ਨੇ ਸੀਸ ਉਤੇ ਤਿਲਾ ਸੋਨਾ ਹੀ ਸੋਨਾ ਮੜਾਯਾ ਹੋਯਾ
ਝਿਲ ਮਿਲ ੨ ਝਲਕਾਰ ਪਏ ਮਾਰਦੇ ਨੇ ਮਾਨੋਂ ਸੂਰਜ ਨੇ ਦਿਨ ਚੜ੍ਹਾਯਾ ਹੋਯਾ
ਆਸ ਪਾਸ ਸਰਦਾਰ ਸਰਕਾਰ ਜੀਦੇ ਐਸਾ ਸੁਹਣਾ ਦਰਬਾਰ ਲਗਾਯਾ ਹੋਯਾ
ਵੇਖ ਵੇਖ ਅੰਗ੍ਰੇਜ਼ ਨੇ ਦੰਗ ਹੋਏ ਇਹ ਰੱਬ ਨੇ ਕੀ ਬਣਾਯਾ ਹੋਯਾ
ਸਾਰੇ ਦੇਸ ਦਾ ਸੋਨਾ ਤੇ ਚਾਂਦੀ ਜਿੰਨਾ ਸਾਰਾ ਇਹਨਾਂ ਨੂੰ ਰੱਬ ਫੜਾਯਾ ਹੋਯਾ
ਮਾਤ ਕੀਤਾ ਦਰਬਾਰ ਹੈ ਇੰਦਰ ਸੰਦਾ ਐਸਾ ਖੇਲ ਮਹਾਰਾਜ ਵਿਖਾਯਾ ਹੋਯਾ
ਸਭ ਤੋਂ ਵਧਕੇ ਗੁਰਾਂ ਨੇ ਬਿਸ਼ਨ ਸਿੰਘਾ ਮਹਾਰਾਜ ਨੂੰ ਅੱਜ ਵਡਿਆਯਾ ਹੋਯਾ

[ਬਰਨਸ ਸਾਹਿਬ ਨੇ ਇੰਗਲੈਂਡ ਦੇ ਪਾਤਸ਼ਾਹ ਵਲੋਂ ਮਹਾਰਾਜ ਨੂੰ ਤੋਫੇ ਦੇਣੇ]

ਚੰਗੇ ਚੰਗੇ ਖਲੌਣੇ ਸ਼ਾਹਜ਼ਾਦਿਆਂ ਲਈ ਇੰਗਲੈਂਡ ਦੇ ਵਲੋਂ ਲਿਆਇ ਨੇ ਜੋ
ਜੇਬ ਘੜੀਆਂ ਪਸਤੌਲ ਅਨੇਕ ਤੋਫੇ ਮਹਾਰਾਜ ਦੇ ਅਗੇ ਧਰਾਇ ਨੇ ਜੋ
ਨਿਕੀਆਂ ਨਿਕੀਆਂ ਬੰਦੂਕਾਂ ਦੁਨਾਲੀਆਂ ਨੇ ਹੋਰ ਕਈ ਖਡੌਣੇ ਵਿਖਾਇ ਨੇ ਜੋ
ਇਹ ਸ਼ਾਹਜ਼ਾਦਿਆਂ ਵਾਸਤੇ ਬਿਸ਼ਨ ਸਿੰਘਾ ਮਹਾਰਾਜ ਨੂੰ ਤੋਫੇ ਫੜਾਇ ਨੇ ਜੋ
ਚਾਰ ਘੋੜੀਆਂ ਸੋਹਣੀਆਂ ਇਕ ਘੋੜਾ ਸਣੇ ਕਾਠੀਆਂ ਪੇਸ਼ ਹਜੂਰ ਕਰਕੇ
ਇਹ ਖਾਸ ਵਲੈਤ ਦੇ ਸ਼ਾਹ ਵਲੋਂ, ਆਏ ਲੌ ਖਾਂ ਆਪ ਮਨਜੂਰ ਕਰਕੇ
ਇਕ ਬੱਘੀ ਸਰਜਾਨ-ਮਲ-ਕੋਲਮ ਸਾਹਿਬ ਦਿਤੀ ਆਪ ਨੂੰ ਲੌ ਜਰੂਰ ਕਰਕੇ

ਚੀਜ਼ਾਂ ਸਾਰੀਆਂ ਲਈਆਂ ਨੇ ਬਿਸ਼ਨ ਸਿੰਘਾ ਧੰਨਵਾਦ ਮਹਾਰਾਜ ਭਰਭੂਰ ਕਰਕੇ

[ਮਹਾਰਾਜ ਨੰ ਬਰਨਸ ਸਾਹਿਬ ਨੂੰ ਅਪਣੇ ਸ਼ਾਹੀ ਸਮਾਨ ਦਿਖਾਏ]

ਫੇਰ ਸਾਰਾ ਦਰਬਾਰ ਬਰਖਾਸਤ ਹੋਯਾ ਸੋਲਾਂ ਦਿਨ ਵਕੀਲ ਟਿਕਾਯਾ ਹੈ ਜੀ
ਨਾਚ ਮੁੱਜਰੇ ਸ਼ਿਕਾਰ ਤੇ ਸੈਰ ਚੰਗੇ ਚੰਗਾ ਚੰਗਾ ਤਮਾਸ਼ਾ ਵਿਖਾਯਾ ਹੈ ਜੀ
ਫੇਰ ਕੁਵੈਦ ਵਿਖਾਈ ਹੈ ਫੌਜ ਸੰਦੀ ਬਰਨਸ ਸਾਹਿਬ ਨੂੰ ਬੜਾ ਹਸਾਯਾ ਹੈ ਜੀ
ਹਾਥੀ ਘੋੜੇ ਮਕਾਨ ਤੇ ਬੁਰਜ ਸੰਮਨ ਕਿਲਾ ਅੰਦਰੋਂ ਸਾਰਾ ਦਿਖਾਯਾ ਹੈ ਜੀ
ਫੇਰ ਵਖਰੇ ਬੈਠ ਗੁਫਤਾਰ ਕੀਤੀ ਗੂੜਾ ਦਿਲਾਂ ਦਾ ਹਾਲ ਸੁਣਾਯਾ ਹੈ ਜੀ
*ਆਪੋ ਵਿਚ ਦੀ ਦੋਹਾਂ ਨੇ ਬਿਸ਼ਨ ਸਿੰਘਾ ਬੜਾ ਭਾਰਾ ਪਿਆਰ ਵਧਾਯਾ ਹੈ ਜੀ

[ਮਹਾਰਾਜੇ ਦਾ ਪਰਤਾਪ ਵਰਨਨ (ਕਵੀ)]

ਹੁਣ ਵਾਹਿਗੁਰੂ ਦੀ ਕਿਰਪਾ ਨਾਲ ਪਜਾਰੇ ਤੇਜ ਖਾਲਸੇ ਸੂਰਜ ਦਾ ਛਾਯਾ ਚੰਗਾ
ਲੈਕੇ ਇਕ ਸਿਰਿਓਂ ਦੂਜੇ ਸਿਰੇ ਤੀਕਣ ਸਾਰੀ ਦੁਨੀਆਂ ਤੇ ਝੰਡਾ ਝੁਲਾਯਾ ਚੰਗਾ

---

*ਇਕ ਦਿਨ ਮਹਾਰਾਜੇ ਨੇ ਵਕੀਲ ਨੂੰ ਸੱਤਰ ਅੱਸੀ ਇਸਤ੍ਰੀਆਂ (ਜੋ ਹੂਰਾਂ ਜੈਸੀਆਂ ਅਤੀ ਸੁੰਦਰ ਮੁਟਿਆਰਾਂ ਕਸ਼ਮੀਰਨਾਂ, ਪਹਾੜਨਾਂ ਮਨ ਮੋਹਣੀਆਂ ਅੰਦਰ ਰਖੀਆਂ ਹੋਈਆਂ ਸਨ) ਦੀ ਕੁਵਾਇਦ ਤੀਰੰਦਾਜ਼ੀ ਸ਼ਸਤ੍ਰ ਵਿਦਿਆ ਵਿਖਾਈ। ਇਹਨਾਂ ਵਿਚ ਜੋ ਦੋ ਜਥੇਦਾਰਨੀਆਂ ਸਨ ਓਹਤਾਂ ਸਚ ਮੁਚ ਦੀਆਂ ਹੀ ਪਰੀਆਂ ਸਨਓਹਨਾਂਦੇ ਚੰਦਜਹੇਚਿਹਰੇ ਦੇਖਕੇ ਫਿਰੰਗੀਆਂਦਾ ਮਨ ਮੋਹਤ ਹੋਗਿਆ ਪਰ ਸ਼ਰਮ ਲਾਜ ਕਰਕੇ ਧੀਰਜ ਰਖਕੇ ਪੁਛਿਆ ਕੇ ਏਹੋ ਜਹੀ ਫ਼ੌਜ ਤੁਹਾਡੇ ਪਾਸ ਕਿਤਨੀਕੁ ਹੈ ਮਹਾਰਾਜ ਨੇ ਕਿਹਾ ਬਹੁਤ ਹੈ ਕਲ ਦੇਖ ਲੈਣੀ, ਦੂਸਰੇ ਦਿਨ ਸਾਰੇ ਸੈਹਿਰ ਦੀਆਂ ਵੇਸਵਾ ਤੇ ਮੁੰਡਿਆਂ ਨੂੰ ਬਣਾ ਤਣਾ ਕੇ ਤੀਰ ਕਮਾਨ ਫੜਾਕੇ ਲਸ਼ਕਰ ਕਢਿਆ, ਸਾਹਿਬ ਦੇਖਕੇ ਚੁਪਦਾ ਚੁਪ ਰਿਹਾ, ਫੇਰ ਮਹਾਰਾਜ ਨੇ ਆਪਣਾ ਖਜ਼ਾਨਾ ਦਿਖਾਯਾ ਜਿਸ ਵਿਚ ਕੋਹਨੂਰ ਆਦਿਕ ਹੋਰ ਬਹੁਤ ੨ ਕੀਮਤੀ ਰਤਨ ਸਨਾਇਕ ਹੀਰਾ ਚੌਦਾਂ ਰੁਪਏ ਭਰ ਤੋਲ ਵਿਚਸੀ ਏਸ ਵਿਚ ਕਈਆਂ ਬਾਦਸ਼ਾਹਾਂ ਦੇ ਨਾਉਂ ਖੋਦੇ ਹੋਇ ਸਨ, ਫੇਰ ਜ਼ੇਵਰ ਤੇ ਸ਼ਸਤ੍ਰ ਦਿਖਾਇ, ਏਸੇ ਤਰਾਂ ਆਪਣਾ ਸਮਾਨ ਦਿਖਾਇ ਦਿਖਾਇ ਜੰਗਾਂ ਜੁਧਾਂ ਦੇ ਬਿਰਤਾਂਤ ਸੁਣਾਇ ਫੌਜ ਦੀ ਬਹਾਦਰੀ ਐਸੀ ਨਿਸਚੇ ਕਰਾਈ ਜੋ ਓਹ ਜਾਣ ਗਿਆ ਕਿ ਫੌਜ ਖਾਲਸੇ ਦਾ ਮੁਕਾਬਲਾ ਕਰਨ ਜੋਗਾ ਕੋਈ ਨਹੀਂ। ੪ ਭਾਦਰੋਂ ਨੂੰਮਹਾਰਾਜਨੇ ਲਫਟੰਟ ਗਵਰ-ਨਰ ਬਰਨਸ ਸਾਹਿਬ ਨੂੰ ਇਕ ਕੀਮਤੀ ਘੋੜਾ ਸਾਜ ਸਮੇਤ, ਇਕ ਅੰਗੂਠੀ ਹੀਰੇ ਦੀ ਹੋਰ ਬਹੁਤ ਕੁਝ ਦੇਕੇ ਵਿਦਾ ਕੀਤਾ, ਓਸਨੇ ਦੋ ਦਿਨ ਕਪੂਰਥਲੇ ਠਹਿਰ ਕੇ ਸ਼ਿਮਲੇ ਵੈਸਰਾਇ ਬਿੰਟਕ ਸਾਹਿਬ ਨੂੰ ਲਾਹੌਰ ਦਾ ਸਾਰਾ ਬਿਰਤਾਂਤ ਸੁਣਾਯਾ ਅਤੇ ਫੇਰ ਕਲਕਤੇ ਅਠ ਕੌਂਸਲੀ ਵਿਚ ਜਾ ਦਸਿਆ ਜਿਸਨੂੰ ਸੁਣਕੇ ਸਾਰੇ ਅੰਗ੍ਰੇਜ਼ ਹੈਰਾਨ ਹੋ ਗਏ ॥

ਬਸ ਐਸ ਵੇਲੇ ਰਾਜ ਖਾਲਸੇ ਦਾ ਉੱਚਾ ਉੱਨਤੀ ਤੇ ਅੱਤ ਆਯਾ ਚੰਗਾ
ਸਾਰੇ ਦੇਸ ਤੇ ਸਿੰਘਾਂ ਦੀ ਧਾਂਕ ਪੈਗਈ ਆਦ ਕਾਬਲ ਕੰਧਾਰ ਨਿਵਾਯਾ ਚੰਗਾ
ਸਾਰੇ ਬਾਦਸ਼ਾਹ ਖੌਫ ਨੇ ਖਾਣ ਲਗੇ ਐਸਾ ਸਿੰਘਾਂ ਨੇ ਖੰਡਾ ਚਲਾਯਾ ਚੰਗਾ
ਜਿਧਰ ਕਿਧਰ ਹੈ ਸ਼ੇਰ ਪੰਜਾਬ ਹੋਵੇ ਹਰ ਇਕ ਨੇ ਮੂੰਹੋਂ ਸੁਣਾਯਾ ਚੰਗਾ
ਡਰ ਉਠੇ ਨੇ ਚੀਨਾਂ ਮਚੀਨਾਂ ਵਾਲੇ ਰੋਅਬ ਦਾਬ ਮਹਾਰਾਜ ਨੇ ਪਾਯਾ ਚੰਗਾ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਸਾਰੇ ਦੇਸ ਨੂੰ ਸੁਖੀ ਵਸਾਯਾ ਚੰਗਾ

[ਤਥਾ]

ਵਡੇ ਵਡੇ ਜੋ ਮੁਲਕਾਂ ਦੇ ਸ਼ਾਹ ਵਡੇ ਮਹਾਰਾਜ ਨੂੰ ਸਿਰ ਨਿਵਾਉਣ ਲਗ ਪਏ
ਅਸੀਂ ਆਪਦੇ ਚਾਹੀਏ ਮਾਤੈਹਤ ਰੈਹਣਾ ਪ੍ਰੇਮ ਪੱਤ੍ਰ ਨੇ ਲਿਖ ਸੁਣਾਉਣ ਲਗ ਪਏ
ਸਭਨਾਂ ਸਤਾਂ ਵਲਾਇਤਾਂ ਵਿਚ ਆਕੇ ਲੋਕ ਸਿਖਾਂ ਤੋਂ ਡਰਨ ਡਰਾਉਣ ਲਗ ਪਏ
*ਕਈ ਤਰਾਂ ਦੇ ਲੋਕ ਨਜ਼ਰਾਨੇ ਲੈਕੇ ਮਹਾਰਾਜ ਦੇ ਕੋਲ ਨੇ ਆਉਣ ਲਗ ਪਏ
ਲੋਕੀ ਕਈ ਅੰਗ੍ਰੇਜ਼ਾਂ ਦੇ ਵਾਂਗ ਆਕੇ ਪਜਾਰ ਨਾਲ ਸਰਕਾਰ ਦੇ ਪਾਉਣ ਲਗ ਪਏ
ਮੁਲਤਾਨ ਕਸ਼ਮੀਰ ਪਸ਼ੌਰ ਜਿੱਤਕੇ ਪੈਰ ਅਗੇ ਨੂੰ ਸਿੰਘ ਵਧਾਉਣ ਲਗ ਪਏ
ਸਿੰਧ ਕਾਬਲ ਕੰਧਾਰ ਲਦਾਖ ਉਤੇ ਪੈਰ ਆਪਣੇ ਸਿੰਘ ਜਮਾਉਣ ਲਗ ਪਏ
ਨਾਲ ਗੁਰੂ ਦੀ ਕਿਰਪਾ ਦੇ ਬਿਸ਼ਨ ਸਿੰਘਾ ਈਨ ਸਭਨਾਂ ਨੂੰ ਸਿੰਘ ਮਨਾਉਣ ਲਗ ਪਏ

[ਤਥਾ]

ਹੁਣ ਅਜ ਮਹਾਰਾਜ ਰਣਜੀਤ ਸਿੰਘ ਦੀ ਅਤਿ ਹੱਦ ਤੋਂ ਉਚੀ ਉਚਾਈ ਹੋਈ
ਮਨੀ ਸਿੰਘ ਤੇ ਤਾਰੂ ਸਿੰਘ ਆਦਕਾਂ ਦੀ ਇਹ ਸਾਰੀ ਕਮਾਈ ਕਮਾਈ ਹੋਈ
ਹੰਨੇ ਹੰਨੇ ਹੈ ਅਸਾਂ ਨੇ ਰਾਜ ਲੈਣਾ ਸਿਖਾਂ ਗਲ ਭਵਿਖਤ ਸੁਣਾਈ ਹੋਈ
ਅਖੀਂ ਵੇਖ ਲੈ ਅਜ ਓਹ ਬਿਸ਼ਨ ਸਿੰਘਾ ਤੇਰੇ ਸਾਹਮਣੇ ਸਾਰੀ ਹੈ ਆਈ ਹੋਈ

---

*ਸੰ: ੧੮੭੩ ਬਿ: ਤੋਂ ਲੈਕੇ ਕਈ ਵਾਰੀ ਨਜ਼ਾਮ ਹੈਦਰਾਬਾਦ ਦਖਣ ਤੇ ਅਮੀਰ ਹੈਦਰਾ ਬਾਦ ਸਿੰਧ, ਅਤੇ ਸ਼ਾਹਜ਼ਾਦੇ ਕਾਮਰਾਨ ਹੈਰਾਤ ਵਾਲੇ ਦੇ ਤੋਹਫੇ ਮਹਾਰਾਜੇ ਬਹਾਦਰ ਦੇ ਪਾਸ ਆਏ ਅਤੇ ਓਹਨਾਂ ਨੂੰ ਏਥਰੋਂ ਭੇਜੇ ਗਏ। ਸੰ: ੧੮੮੬ ਬਿ: ਨੂੰ ਬਿਲੋਚਸਤਾਨ ਤੋਂ ਤੋਹਫੇ ਆਇ ਸੰ: ੧੮੮੭ ਬਿ: ਨੂੰ ਮਹਾਰਾਜੇ ਸੇਂਧੀਏ ਗੁਵਾਲੀਅਰ ਵਾਲੇ ਨੇ ਆਪਣੇ ਬੇਟੇ ਦੀ ਸ਼ਾਦੀ ਉਪਰ ਮਹਾਰਾਜੇ ਨੂੰ ਬੁਲਾਯਾ ਮਹਾਰਾਜ ਆਪ ਤਾਂ ਨਾਂ ਗਏ (ਕਿਉਂਕਿ ਜਦ ਸ਼ਾਹਜ਼ਾਦੇ ਖੜਗ ਸਿੰਘ ਦਾ ਵਿਆਹ ਹੋਯਾ ਸੀ ਤਾਂ ਓਸਨੂੰ ਬੁਲਾਯਾ ਸੀ ਤਾਂ ਸੇਂਧੀਆ ਨਹੀਂ ਆਯਾ ਸੀ) ਪਰ ਅਹਿਲਕਾਰ ਭੇਜ ਦਿਤੇ। ਸੰ: ੧੮੯੯ ਬਿ: ਨੂੰ ਜਦ ਸ਼ਾਹ ਇੰਗਲਸਤਾਨ ਦੇ ਤੋਹਫੇ ਮਹਾਰਾਜ ਨੂੰ ਆਏ ਤਾਂ ਸ਼ਾਹ ਰੂਸ ਨੇ ਵੀ ਮਹਾਰਾਜ ਨਾਲ ਦੋਸਤੀ ਪਾਉਣ ਵਾਸਤੇ ਚਿਠੀ (ਮੁਰਾਸਲਾ) ਲਿਖੀ ਅਤੇ ਅਮੀਰ ਕਾਬਲ ਦੀ ਰਾਹੀਂ ਸ਼ਾਹ ਰੂਸ ਦੇ ਵੀ ਖਤ ਆਏ।

[ਐਸ ਵੇਲੇ ਮਹਾਰਾਜ ਦੀ ਬੜੀ ਤਾਕਤ ਵਧ ਗਈ ਸੀ]

ਇਕ ਲਖ ਸਪਾਹੀ ਤਾਂ ਸਿਰਫ ਪੈਦਲ ਸੀਗਾ ਬੇੜਿਆਂ ਦੇ ਵਿਚ ਜਾਨ ਪਜਾਰੇ
ਖੁਲ੍ਹੇ ਪੈਦਲ ਪੰਜਾਹ ਹਜ਼ਾਰ ਸੀਗੇ ਬੜੇ ਬੜੇ ਜੋ ਭਾਰੇ ਜਵਾਨ ਪਜਾਰੇ
ਅਤੇ ਬਤੀ ਹਜ਼ਾਰ ਸੁਵਾਰ ਸੀਗੇ ਖੁਲੇ ਚੌਦਾਂ ਹਜ਼ਾਰ ਮਹਾਨ ਪਜਾਰੇ
ਤਿਨ ਸੌ ਚੁਰਾਸੀ ਸੀ ਤੋਪ ਜੰਗੀ ਜਾਣ ਵਾਲੀ ਜੋ ਜੰਗ ਮੈਦਾਨ ਪਜਾਰੇ
ਚਾਰ ਸੌ ਸਨ ਵਡੀਆਂ ਬਹੁਤ ਤੋਪਾਂ ਹੋਰ ਬਹੁਤ ਸੀ ਜੰਗੀ ਸਮਾਨ ਪਜਾਰੇ
ਸੀਗੇ ਚਾਰ ਹਜ਼ਾਰ ਜੰਬੂਰੇ ਜੰਗੀ ਸੀਗੇ ਬਹੁੱਤੂ ਗੁਬਾਰੇ ਪਛਾਣ ਪਜਾਰੇ
ਬਿਨਾਂ ਏਸ ਤੋਂ ਹੋਰ ਰਿਆਸਤਾਂ ਦੇ ਮੱਦਤਗਾਰ ਸਰਦਾਰ ਸੀ ਮਾਨ ਪਜਾਰੇ
ਲੋੜ ਵੇਲੇ ਸਭ ਆਣਕੇ ਹਾਜ਼ਰ ਹੋਕੇ ਮਹਾਰਾਜ ਦਾ ਹੁਕਮ ਵਜਾਨ ਪਜਾਰੇ
ਮਹਾਰਾਜ ਸਰਕਾਰ ਤੋਂ ਬਿਸ਼ਨ ਸਿੰਘਾ ਡਰ ਉਠਿਆ ਸਭ ਜਹਾਨ ਪਜਾਰੇ

{ ਬਰਨਸ ਸਾਹਿਬ ਤੋਂ ਮਹਾਰਾਜੇ ਦੀ ਮਹਿਮਾਂ ਸੁਣਕੇ ਵੈਸਰਾਇ
ਹਿੰਦ ਲਾਟ ਬਿੰਟਕ ਸਾਹਿਬ ਨੇ ਮਹਾਰਾਜੇ ਦੇ ਮਿਲਣ ਦੀ ਆਸ਼ਾ
ਕਪਤਾਨ ਵੈਡ ਸਾਹਿਬ ਨੂੰ ਮਹਾਰਾਜ ਪਾਸ ਭੇਜਕੇ ਪ੍ਰਗਟ ਕਰਨੀ }

ਬਰਨਸ ਸਾਹਿਬ ਤੋਂ ਮਹਿਮਾਂ ਅਪਾਰ ਸੁਣਕੇ ਵੈਸਰਾਇ ਵੀ ਹੋਆ ਹੈ ਦੰਗ ਆਕੇ
ਮੈਂ ਵੀ ਮਿਲ ਮਹਾਰਾਜ ਨੂੰ ਵੇਖ ਆਂਵਾਂ ਜਾਗੀ ਚਿਤ ਦੇ ਵਿਚ ਉਮੰਗ ਆਕੇ
ਜੇਹੜਾ ਜੇਹੜਾ ਅੰਗ੍ਰੇਜ਼ ਹੈ ਮਿਲ ਆਵੇ ਉਸਤਤਿ ਕਰਦਾ ਹੈ ਬੜੀ ਨਿਸੰਗ ਆਕੇ
ਮਹਾਰਾਜ ਸਰਕਾਰ ਚਿਰਾਗੁ ਉਤੇ ਸ਼ਾਹ ਰੂਸ ਵੀ ਹੋਯਾ ਪਤੰਗ ਆਕੇ
ਏਸੇ ਲਈ ਹੁਣ ਲਾਟ ਨੇ ਸੋਚ ਕਰਕੇ ਕੀਤਾ ਮੇਲ ਮਿਲਾਪ ਦਾ ਢੰਗ ਆਕੇ
ਲੁਦੇਹਾਣੇ ਤੋਂ ਭੇਜਿਆ ਵੈਡ ਸਾਹਿਬ ਮਿਲ ਆਓ ਮਹਾਰਾਜ ਦੇ ਸੰਗ ਜਾਕੇ
ਵੈਡ ਸਾਹਿਬ ਮਹਾਰਾਜ ਦੇ ਪਾਸ ਆਯਾ ਦੇਖੇ ਹੈਣ ਲਾਹੌਰ ਦੇ ਰੰਗ ਆਕੇ
ਹੋਗਿਆ ਹੈਰਾਨ ਹੈ ਬਿਸ਼ਨ ਸਿੰਘਾ ਵਗ ਰਹੀ ਹੈ ਲਹਿਰ ਦੀ ਗੰਗ ਆਕੇ

[ਤਥਾ]

ਵੈਡ ਸਾਹਿਬ ਨੇ ਕਿਹਾ ਮਹਾਰਾਜ ਜੀ ਨੂੰ ਦਰਸ਼ਨ ਚਾਹੁੰਦਾ ਲਾਟ ਜਰੂਰ ਕੀਤਾ
ਮਹਾਰਾਜ ਨੇ ਸੁਣ ਕੇ ਉਸੇ ਵੇਲੇ ਝਟ ਪਟ ਮਨਜ਼ੂਰ ਹਜ਼ੂਰ ਕੀਤਾ
ਵੈਡ ਸਾਹਿਬ ਆ ਲਾਟ ਨੂੰ ਦਸ ਦਿਤਾ ਮਹਾਰਾਜ ਨੇ ਸਭ ਮਨਜ਼ੂਰ ਕੀਤਾ
ਰੋਪੜ *ਸਤਲੁਜ ਪਾਸ ਆ ਬਿਸ਼ਨ ਸਿੰਘਾ ਮੁਲਾਕਾਤ ਦਾ ਸਭ ਦਸਤੂਰ ਕੀਤਾ

---

*ਸਤਲੁਜ ਦੇ ਕਿਨਾਰੇ ਕਸਬੇ ਰੋਪੜ ਦੇ ਪਾਸ ਮੁਲਾਕਾਤ ਹੋਣੀ ਠਹਿਰੀ ਮਹਾਰਾਜ ਨੇ ਨਾਲ ਲੈ ਜਾਣ ਵਾਲੀ ਚੰਗੀ ਫੌਜ ਸਜਾ ਲਈ ਤੇ ਲਾਟ ਸਾਹਿਬ ਨੇ ਵੀ ਚੁਣਵੀਂ ਫੌਜ ਦੇ ਦੋ ਦਸਤੇ ਤੇ ਦੋ ਤੋਪਖਾਨੇ ਬੁਲਾ ਲਏ। ਓਧਰ ਸਤਲੁਜ ਦੇ ਪੂਰਬ ਵੱਲੀਂ ਲਾਟ ਸਾਹਿਬ ਦਾ ਤੰਬੂ ਤੇ ਏਧਰ ਪੱਛੋਂ ਵੱਲ ਕਾਠਗੜ੍ਹ ਪਾਸ ਮਹਾਰਾਜੇ ਦਾ ਖੇਮਾਂ ਲਾਲ ਬਨਾਤ ਦਾ ਸੂਹੇ ਬੱਦਲ ਵਾਂਗੂੰ ਝਲਕਾਰੇ ਮਾਰਦਾ ਖੜਾ–

[ਵੈਸਰਾਇ ਹਿੰਦ ਦੀ ਵਲੋਂ ਅੰਗ੍ਰੇਜ਼ ਮਹਾਰਾਜ ਦੀ ਸੁਖ ਸਾਂਦ ਪੁਛਣ ਆਏ]

ਕਾਠਗੜ੍ਹ ਦੇ ਪਾਸ ਆ ਮਹਾਰਾਜੇ ਜਦੋਂ ਆਪਣੇ ਡੇਰੇ ਲਗਾਇ ਨੇ ਜੀ
ਵੈਸਰਾਇ ਦੀ ਵਲੋਂ ਅੰਗ੍ਰੇਜ਼ ਰਲਕੇ ਸੁਖ ਸਾਂਦ ਹੁਣ ਪੁਛਣ ਨੂੰ ਆਇ ਨੇ ਜੀ
ਅਮਜੀ ਸਾਹਿਬ ਵਗੈਰਾ ਅੰਗ੍ਰੇਜ਼ ਭਾਰੇ ਲਾਟ ਸਾਹਿਬ ਨੇ ਬੜੇ ਪਠਾਇ ਨੇ ਜੀ
ਨਾਲੇ ਵਡਾ ਸੱਕਤ੍ਰ ਵੀ ਭੇਜਿਆ ਹੈ ਹੋਰ ਵਡੇ ਔਹਦੇ ਜਿਨਾਂ ਪਾਇਨੇ ਜੀ
ਸਾਰੇ ਰਲ ਮਹਾਰਾਜ ਦੇ ਪਾਸ ਆਏ ਆਦਰ ਦੇ ਮਹਾਰਾਜ ਬਹਾਇ ਨੇ ਜੀ
ਸੁਖ ਸਾਂਦ ਹੁਣ ਪੁਛਕੇ ਬਿਸ਼ਨ ਸਿੰਘਾ ਆਪੋ ਆਪਣੇ ਡੇਰੇ ਨੂੰ ਧਾਇਨੇ ਜੀ

{ ਸ਼ਾਹਜ਼ਾਦੇ ਖੜਗ ਸਿੰਘ ਨੂੰ ਮਹਾਰਾਜ ਨੇ ਲਾਟ ਸਾਹਿਬ
ਪਾਸ ਸੁਖ ਅਨੰਦ ਪੁਛਣ ਨੂੰ ਭੇਜਿਆ }

ਹੁਣ ਏਧਰੋਂ ਵੀ ਮਹਾਰਜ ਹੋਰਾਂ ਅਪਣੇ ਪੁਤਰ ਨੂੰ ਕਰ ਤਿਆਰ ਪਜਾਰੇ
ਸੰਗਤ ਸਿੰਘ ਰਾਜਾ ਜੀਂਦ ਵਾਲਾ ਤੁਰਿਆ ਸ਼ਾਮ ਸਿੰਘ ਅਟਾਰੀ ਸਰਦਾਰ ਪਜਾਰੇ
ਫੇਰ ਰਾਜਾ ਗੁਲਾਬ ਸਿੰਘ ਡੋਗਰਾ ਜੋ ਹਰੀ ਸਿੰਘ ਨਲੂੰਆ ਬਲਕਾਰ ਪਜਾਰੇ
ਸੰਧਾਂ ਵਾਲੀਆ ਅਤਰ ਸਿੰਘ ਆਦਿ ਭਾਰੇ ਬੜੇ ਬੜੇ ਸਰਦਾਰ ਅਪਾਰ ਪਜਾਰੇ
ਅਪਨੇ ਪੁਤਰ ਦੇ ਨਾਲ ਤਿਆਰ ਕੀਤੇ ਲਾਟ ਸਾਹਿਬ ਦੇ ਵਲ ਵਿਚਾਰ ਪਜਾਰੇ
ਖੜਗ ਸਿੰਘ ਦੇ ਨਾਲ ਇਹ ਰਲਕੇ ਆਇ ਲਾਟ ਦੀ ਵਲ ਪਧਾਰ ਪਜਾਰੇ
ਅਗੋਂ ਉਠ ਕੇ ਚੀਫ ਸੱਕਤ੍ਰ ਆਯਾ ਬੜੀ ਭਾਰੀ ਹ਼ਲੀਮੀ ਨੂੰ ਧਾਰ ਪਜਾਰੇ
ਅਦਬ ਨਾਲ ਸ਼ਾਹਜ਼ਾਦੇ ਨੂੰ ਲੈ ਆਯਾ ਲਾਟ ਸਾਹਿਬ ਦੀ ਵਲ ਨਿਹਾਰ ਪਜਾਰੇ
ਲਾਟ ਸਾਹਿਬ ਨੇ ਅਗੋਂ ਖੜੋਇ ਕਰਕੇ ਕੀਤਾ ਨਾਲ ਸ਼ਾਹਜ਼ਾਦੇ ਪਿਆਰ ਪਜਾਰੇ
ਕੁਰਸੀ ਸੋਨੇ ਦੀ ਉਤੇ ਬਹਾਇ ਲਿਆ ਸਜੇ ਆਪਣੇ ਪਾਸੇ ਸਰਕਾਰ ਪਜਾਰੇ
ਸੁਖਸਾਂਦ ਸ਼ਾਹਜ਼ਾਦੇ ਨੇ ਹੈ ਪੁਛੀ ਮਹਾਰਾਜ ਦੀ ਵਲੋਂ ਉਚਾਰ ਪਜਾਰੇ
ਲਾਟ ਸਾਹਿਬ ਨੇ ਹੈ ਧੰਨਵਾਦ ਕੀਤਾ ਬਹੁਤ ਵਾਰੀ ਹੀ ਸ਼ੁਕਰ ਗੁਜ਼ਾਰ ਪਜਾਰੇ
ਫੇਰ ਸਭਨਾ ਸਰਦਾਰਾਂ ਨੇ ਰਲ ਕਰਕੇ ਲਾਟ ਸਾਹਿਬ ਦਾ ਕੀਤਾ ਜੈਕਾਰ ਪਜਾਰੇ
ਯਾਰਾਂ ਯਾਰਾਂ ਸੌ ਨਕਦ ਰੁਪੱਯਾ ਸਭਨਾਂ ਲਾਟ ਸਾਹਿਬ ਦੇ ਸਿਰੋਂ ਹੈ ਵਾਰ ਪਜਾਰੇ
ਗਰੀਬਾਂ ਗੁਰਬਿਆਂ ਨੂੰ ਝਟ ਵੰਡ ਦਿਤਾ ਸਭਨਾਸਿਖਾਂ ਸਰਦਾਰਾਂ ਇਕ ਵਾਰ ਪਜਾਰੇ

–ਹੋ ਗਿਆ ਭਾਦਰੋਂ ਸੰ: ੧੮੮੮ ਬਿ: ਨੂੰ (ਵੈਸਰਾਇ ਹਿੰਦ) ਲਾਟ ਸਹਿਬ ਰੋਪੜ ਆ ਉਤਰਿਆ, ਮਹਾਰਾਜੇ ਨੇ ਵੀ ਦੁਸੈਹਿਰੇ ਦਾ ਮੇਲਾ ਅੰਮ੍ਰਿਤਸਰ ਰਾਮ ਬਾਗ ਵਿਚ ਬੜੀ ਧੂਮ ਧਾਮ ਨਾਲ ਕਰਕੇ ੩ ਕਤਕ ਨੂੰ ਬਹੁਤ ਸਜ ਧਜ ਕੇ ਰੋਪੜ ਦੇ ਸਾਹਮਣੇ ਹੀ ਕਾਠਗੜ੍ਹ ਡੇਰਾ ਜਾ ਲਾਯਾ, ਜਦ ਲਾਟ ਸਾਹਿਬ ਦੀ ਤਰਫੋਂ ਕਪਤਾਨ ਵੈਡ ਸਾਹਿਬ ਮਹਾਰਾਜੇ ਨੂੰ ਲਿਆਉਂਣ ਵਾਸਤੇ ਅੰਮ੍ਰਿਤਸਰ ਗਿਆ ਸੀ ਤਾਂ ਉਦਰੋਂ ਮਹਾਰਾਜੇ ਦੇ ਨਾਲ ਦਸ ਹਜ਼ਾਰ ਅਸਵਾਰ ਤੇ ਸਠ ਹਜਾਰ ਪੈਦਲ ਸਪਾਹੀ ਦੋ ਤੋਪਖਾਨੇ ਸਨ ॥

ਲਾਟ ਸਾਹਿਬ ਨੇ ਸਿਖਾਂ ਦਾ ਬਿਸ਼ਨ ਸਿੰਘਾ ਸ਼ੁਕਰ ਕੀਤਾ ਹਜ਼ਾਰ ਹਜ਼ਾਰ ਪਜਾਰੇ

{ਮਹਾਰਾਜ ਨੂੰ ਕਿਸੇ ਨੇ ਸ਼ਕ ਪਾਉਂਣਾ ਕਿ ਫਿਰੰਗੀਆਂ ਨਾਲ ਮੁਲਾਕਾਤ ਕਰਨੀ ਚੰਗੀ ਨਹੀਂ ਪਰ ਮਹਾਰਾਜ ਨੇ ਪਰਵਾਹ ਨ ਕਰਨੀ}

ਸਾਹਿਬ ਸਿੰਘ ਜਹੇ ਬਾਬੇ ਬੇਦੀਆਂ ਨੇ ਮਹਾਰਾਜ ਨੂੰ ਸ਼ੱਕ ਹੈ ਪਾ ਦਿਤਾ
ਮਿਲਨਾ ਨਾਲ ਫਿਰੰਗੀਆਂ ਨਹੀਂ ਚੰਗਾ ਮਹਾਰਾਜ ਦਾ ਦਿਲ ਧੜਕਾ ਦਿਤਾ
ਏਨਾਂ ਵਸ ਨੇ ਕਰੇ ਅਨੇਕ ਰਜੇ ਜਾਦੂ ਇਹਨਾਂ ਦੇ ਕੋਲ ਸੁਣਾ ਦਿਤਾ
ਖਬਰੇ ਆਪ ਨੂੰ ਵੀ ਜਾਦੂ ਕਰਨ ਕੋਈ ਇਨਾਂ ਕੀ ਹੈ ਏਥੇ ਬਣਾ ਦਿਤਾ
ਵਾਜਬ ਆਪ ਨੂੰ ਮਿਲਣਾ ਹੈ ਨਹੀਂ ਏਥੇ ਅੰਮ੍ਰਿਤਸਰ ਚਲ ਮਿਲੋ ਅਲਾ ਦਿਤਾ
ਕਈਆਂ ਲੋਕਾਂ ਨੇ ਆ ਮਹਾਰਾਜ ਜੀ ਨੂੰ ਇਹ ਕੰਨ ਦੇ ਵਿਚ ਬਤਾ ਦਿਤਾ
ਸ਼ੇਰ ਦਿਲ ਨ ਕਿਸੇ ਦੀ ਇਕ ਮੰਨੀ ਸਾਰਾ ਵਹਿਮ ਤੇ ਭਰਮ ਹਟਾ ਦਿਤਾ
ਬਿਸ਼ਨ ਸਿੰਘ ਨ ਰਤਾ ਪਰਵਾਹ ਕੀਤੀ ਇਹਨਾਂ ਗਲ ਨੂੰ ਝਟ ਭੁਲਾ ਦਿਤਾ

[ਸੰ: ੧੮੮੮ ਬਿ: ੧੪ ਕੱਤਕ ਨੂੰ ਮੁਲਾਕਾਤ ਦੀ ਤਿਆਰੀ]

ਚੌਦਾਂ ਕੱਤਕ ਨੂੰ ਤੜਕੇ ਹੀ ਅੰਮ੍ਰਿਤ ਵੇਲੇ ਮਹਾਰਾਜ ਜੀ ਗੁਰੂ ਮਨਾ ਕੇ ਜੀ
ਲਾਟ ਸਾਹਿਬ ਦੀ ਵਲ ਤਿਆਰ ਹੋਏ ਅਗੋਂ ਆਯਾ ਅੰਗ੍ਰੇਜ਼ ਇਕ ਧਾਕੇ ਜੀ
ਅਦਬ ਨਾਲ ਮਹਾਰਾਜ ਨੂੰ ਖੜਨ ਲਈ ਆਯਾ ਖੜਾ ਹੈ ਸਿਰ ਨਿਵਾਕੇ ਜੀ
ਮਹਾਰਾਜ ਵੀ ਅਗੋਂ ਤਿਆਰ ਹੋਏ ਸੁਹਣੇ ਸੁਹਣੇ ਪੁਸ਼ਾਕੇ ਨੈ ਪਾਕੇ ਜੀ
ਮੰਗਲ ਚਾਰ ਦੇ ਵਾਜੇ ਨੇ ਵਜ ਉਠੇ ਨਾਲੇ ਵਜਿਆ ਤੁਰਮ ਸੁਹਾਕੇ ਜੀ
ਪਹਿਲੇ ਪਹਿਲ ਜਰਨੈਲ ਅਲਾਰਡ ਸਾਹਿਬ ਮਹਾਰਾਜ ਦਾ ਹੁਕਮ ਵਜਾਕੇ ਜੀ
ਅਠ ਸੌ ਸਵਾਰ ਸੰਗ ਚੋਣਵੇਂ ਲੈ ਸ਼ਸਤ੍ਰ ਬਸਤ੍ਰ ਸਜਾ ਬਣਾਕੇ ਜੀ
ਸਾਰੀ ਫੌਜ ਨੂੰ ਆਪਣੇ ਨਾਲ ਲੈਕੇ ਪੁਲੋਂ ਪਾਰ ਖੜੋਤਾ ਹੈ ਜਾਕੇ ਜੀ
ਫੇਰ ਖਾਸ ਮਹਾਰਾਜ ਦੀ ਅੜਦਲ ਸੰਦਾ ਘੋੜ ਚੜਾ ਜਵਾਨ ਜੋ ਆਕੇ ਜੀ
ਠੀਕ ਤਿੰਨ ਹਜ਼ਾਰ ਰਵਾਨ ਹੋਯਾ ਆਪੋ ਆਪਣਾ ਘੋੜਾ ਦੁੜਾਕੇ ਜੀ
ਫੇਰ ਫੌਜੀ ਦਰਬਾਰੀ ਅਫਸਰ ਭਾਰੇ ਅਗੜ ਪਿਛੜ ਜੋ ਘੋੜੇ ਨਠਾਕੇ ਜੀ
ਇਹ ਬੀ ਚਾਰ ਹਜ਼ਾਰ ਸਰਦਾਰ ਸਾਰੇ ਆਇ ਘੋੜੇ ਨਸਾਇ ਭਜਾਕੇ ਜੀ
ਬੜੇ ਸੁਹਣੇ ਬਸੰਤੀ ਪੁਸਾਕੇ ਸਾਰੇ ਆਇ ਵਧ ਤੋਂ ਵਧ ਓਢਾਕੇ ਜੀ
ਭਾਂਤ ਭਾਂਤ ਦੇ ਜ਼ੇਵਰ ਜੜਾਊ ਸੋਨੇ, ਆਇ ਕਲਗੀਆਂ ਸਿਰੀਂ ਸਜਾਕੇ ਜੀ
ਧਾਰੇ ਵਧ ਤੋਂ ਵਧ ਲਿਬਾਸ ਸਭਨਾਂ ਦਸੀ ਸਬ ਨੇ ਹੱਦ ਮੁਕਾਕੇ ਜੀ
ਭੱਥੇ ਤੀਰਾਂ ਦੇ ਲੱਕ ਦੇ ਨਾਲ ਬਧੇ ਮੋਢੇ ਲਈਆਂ ਤਲਵਾਰਾਂ ਉਠਾਕੇ ਜੀ
ਪੈਹਿਰਾ ਨੰਗੀ ਤਲਵਾਰ ਦਾ ਆਂਵਦਾ ਹੈ ਤੇਗ ਬਿਜਲੀ ਵਾਂਗ ਲਿਸ਼ਕਾਕੇ ਜੀ
ਮੁੱਛਾਂ ਕੁੰਡੀਆਂ ਸਿਧੀਆਂ ਦਾੜੀਆਂ ਨੇ ਰੂਪ ਸ਼ੇਰਾਂ ਦੇ ਆਇ ਵਟਾਕੇ ਜੀ

*ਲੰਘੀ ਜਾਂਵਦੇ ਪੁਲ ਤੋਂ ਬਿਸ਼ਨ ਸਿੰਘਾ ਵਾਹਿਗੁਰੂ ਕੀ ਫਤੇ ਬੁਲਾਕੇ ਜੀ

{ ਮਹਾਰਾਜ ਨੂੰ ਅੰਗ੍ਰੇਜ਼ੀ ਤੇ ਲਾਟ ਸਾਹਿਬ ਨੂੰ ਪੰਜਾਬੀ ਬੋਲੀ ਦਾ ਮਤਲਬ ਸਮਝਾਉਣ ਲਈ ਦੋਹਾਂ ਦੇ ਵਿਚਕਾਰ ਫਕੀਰ ਅਜ਼ੀਜ਼ ਦੀਨ ਤੇ ਕਪਤਾਨ ਵੈਡ ਸਾਹਿਬ ਦੋਨੋਂ ਦੁਭਾਸ਼ੀਏ ਖੜੇ ਹੋਏ }

ਮਹਾਰਾਜ ਦੀਆਂ ਗਲਾਂ ਅਜ਼ੀਜ਼ ਦੀਨਨੇ ਲਾਟ ਸਾਹਿਬ ਨੂੰ ਸਭ ਸਮਝਾਈਆਂ ਨੇ
ਲਾਟ ਸਾਹਿਬ ਦੀਆਂ ਗਲਾਂ ਸੋ ਵੈਡ ਸਾਹਿਬ ਮਹਾਰਾਜ ਨੂੰ ਸਭ ਸੁਣਾਈਆਂ ਨੇ
ਆਪੋ ਵਿਚ ਦੀ ਦੋਹਾਂ ਨੇ ਖੁਸ਼ ਹੋ ਹੋ ਬਾਤਾਂ ਬਹੁੱਤ ਹੀ ਕਰੀਆਂ ਕਰਾਈਆਂ ਨੇ
ਵੈਡ ਸਾਹਿਬ ਫਕੀਰ ਅਜ਼ੀਜ਼ ਦੀਨ ਨੇ ਓਧਰੋਂ ਓਧਰੀ ਗਲਾਂ ਅਲਾਈਆਂ ਨੇ

---

*ਮਹਾਰਾਜ ਵੀ ਬਾਦਸ਼ਾਹੀ ਲਿਬਾਸ ਪਹਿਨ ਕੇ ਅਮੋਲਕ ਰਤਨਾਂ ਦੀ ਮਾਲਾ, ਕੰਠਾ, ਕੋਹਨੂਰ ਹੀਰਾ ਭੁਜਾ ਪਰ ਸਜਾਕੇ ਕਲਗੀ ਜਿਗਾ ਪਹਿਨੀ, ਤੁਰਰਾ ਝਲਾਇ, ਕੁਛ ਛਕ ਛਕਾਇ ਅਰਦਾਸੇ ਸੁਧਾਇ ਬੜੇ ੨ ਸਰਦਾਰਾਂ ਸਮੇਤ ਪਰਬਤਾਂ ਜਹੇ ਹਾਥੀਆਂ ਉਤੇ ਚੜ੍ਹਕੇ ਧੀਰੇ ਧੀਰੇ ਦਰਿਆ ਵਲ ਚਲੇ, ਜਦ ਪੁਲ ਉਤਰੇ ਤਾਂ ਸੂਰਜ ਵੀ ਚੜ੍ਹ ਆਯਾ ਏਸ ਸਮੇਂ ਸੂਰਜ ਦੀਆਂ ਕਿਰਨਾਂ ਦਰਿਆ ਦੀਆਂ ਲਹਿਰਾਂ ਅਤੇ ਉਸ ਰਤਨ ਜੜਤ ਸੋਨੇ ਦੇ ਬਦਲ ਦਾ ਝਲਕਾਰਾ ਐਸੀ ਅਨੋਖੀ ਛਬ ਦਿਖਾਇ ਰਿਹਾ ਸੀ ਜੋ ਇਕ ਰਬਦਾ ਨੂਰ ਹੀ ਨੂਰ ਨਜ਼ਰ ਆ ਰਿਹਾ ਸੀ ਜਿਨਾਂ ਨੇ ਓਹ ਜਲੂਸ ਦੇਖਿਆ ਹੈ ਓਹਨਾਂ ਦਾ ਚਿਤ ਫੇਰ ਕਿਸੇ ਜਲਸੇ ਦੇ ਦੇਖਣ ਨੂੰ ਨਹੀਂ ਚਾਹਿਆ,ਸਾਰੀ ਫੌਜ ਦਰਿਆ ਉਤਰ ਕੇ ਦੋਹੀਂ ਪਾਸੀਂ ਦਰੇਸ਼ੀ ਨਾਲ ਖੜੀ ਹੋ ਗਈ ਮਹਾਰਾਜ ਵੀ ਸਲਾਮੀ ਲੈਂਦੇ ਹੋਇ ਧੀਰੇ ੨ ਗਵਰ-ਨਰ ਦੇ ਤੰਬੂ ਵਲ ਚਲੇ ਤਬ ਲਾਟ ਬਿੰਟਕ ਸਾਹਿਬ ਬਹਾਦਰ ਵੈਸਰਇ ਹਿੰਦ ਆਪ ਹਾਥੀ ਪਰ ਅਸਵਾਰ ਹੋ ਮਹਾਰਾਜੇ ਸ਼ੇਰ ਪੰਜਾਬ ਦੀ ਅਗਵਾਨੀ ਨੂੰ ਆਏ ਜਦ ਦੋਨੋਂ ਹਾਥੀ ਕਠੇ ਹੋਏ ਤਾਂ ਮਹਾਰਾਜ ਨੇ ਇਕ ਸੇਉ ਲਾਟ ਸਾਹਿਬ ਨੂੰ ਆਪਣੇ ਹਥ ਵਿਚੋਂ ਦਿਤਾ ਅਤੇ ਇਕ ਆਪਣੇ ਹਥ ਵਿਚ ਹੀ ਰਹਿਣ ਦਿਤਾ ਸੇਉ ਲੈਕੇ ਲਾਟ ਸਾਹਿਬ ਬਹੁਤ ਖੁਸ਼ ਹੋਯਾ, ਫੇਰ ਦੋਹਾਂ ਨੇ ਆਪਸ ਵਿਚ ਹਥ ਮਿਲਾਕੇ ਅਨੰਦ ਕੁਸ਼ਲ ਪੁਛੀ ਜਦ ਲਾਟ ਸਾਹਿਬ ਨੇ ਮਹਾਰਾਜੇ ਦਾ ਹਥ ਫੜਿਆ ਤਾਂ ਮਹਾਰਾਜ ਟਪਕੇ ਓਸੇ ਦੇ ਪਾਸ ਜਾ ਬੈਠੇ ਫੇਰ ਤਾਂ ਲਾਟ ਸਾਹਿਬ ਗਦ ਗਦ ਹੋ ਦੋਵੇਂ ਚੰਦ ਸੂਰਜ ਇਕ ਕਾਲੇ ਮੇਘ ਉਤੇ ਬੈਠਕੇ ਗਲਾਂ ਕਰਦੇ ਹੋਏ ਧੀਰੇ ੨ ਦਰਵਾਜੇ ਪਾਸ ਪਹੁੰਚੇ ਤਾਂ ਦੋਵੇਂ ਪਾਤਸ਼ਾਹ ਉਤਰ ਖੜੋਤੇ ਮਹਾਰਾਜ ਦੇ ਹੁਕਮ ਅਨੁਸਾਰ ਜਦ ਸਭ ਸਰਦਾਰ ਦਰਬਾਰ ਵਿਚ ਜਾ ਬੈਠੇ ਤਾਂ ਮਹਾਰਾਜ ਤੇ ਵੈਸਰਾਇ ਹਿੰਦ ਹਥ ਵਿਚ ਹਥ ਪਾਇ ਹੋਇ ਦਰਬਾਰੀ ਖੇਮੇ ਦੇ ਅੰਦਰ ਜੜਾਉ ਕੁਰਸੀਆਂ ਉਤੇ ਜਾ ਬਿਰਾਜੇ ਲਾਟ ਸਾਹਿਬ ਨੇ ਮਹਾਰਾਜ ਨੂੰ ਆਪਣੇ ਸਜੇ ਪਾਸੇ ਬਠਾਯਾ ਫੇਰ ਖੁਸ਼ੀ ਦੀ ਸ਼ਲਕ ਹੋਈ।

ਦੋਵੇਂ ਦੋ ਜ਼ਬਾਨਾਂ ਹੀ ਜਾਣਦੇ ਸਨ ਵਾਹ ਦੋਹਾਂ ਦੀਆਂ ਧੰਨ ਕਮਾਈਆਂ ਨੇ
ਇਹ ਇਲਮ ਨੂੰ ਤਾਕਤ ਹੈ ਬਿਸ਼ਨਸਿੰਘਾ ਇਕ ਦੂਜੇ ਦੀਆਂ ਗਲਾਂ ਬਤਾਈਆਂ ਨੇ

{ਮਹਾਰਾਜ ਨੇ ਲਾਟ ਸਾਹਿਬ ਦੀ ਆਪਣੇ ਅਹਿਲਕਾਰਾਂ ਨਾਲ ਅਤੇ ਲਾਟ
ਸਾਹਿਬ ਨੇ ਮਹਾਰਾਜ ਦੀ ਆਪਣੇ ਅੰਗ੍ਰੇਜ਼ਾਂ ਨਾਲ ਮੁਲਾਕਾਤ ਕਰਾਉਣੀ}

ਇਕ ਦੂਜੇ ਦੀ ਫੌਜ ਨੂੰ ਵੇਖ ਕਰਕੇ ਲਾਟ ਸਾਹਿਬ ਮਹਾਰਾਜ ਸਲਾਹੀ ਆਏ
ਸੁਹਣੀ ਸੀ ਗੀ ਕੁਵੈਦ ਫਿਰੰਗੀਆਂ ਦੀ ਮਹਾਰਾਜ ਸੁਣਾਈ ਸਫਾਈ ਆਏ
ਯਾਰਾਂ ਸੌ ਬੁਗਤੀ ਸਿਰ ਵਾਰ ਕਰਕੇ ਲਾਟ ਸਾਹਿਬ ਦੇ ਸਿਰੋਂ ਲੁਟਾਈ ਆਏ
ਲਾਟ ਸਾਹਿਬ ਦੀ ਵਾਰੀ ਮਹਾਰਾਜ ਉਤੋਂ ਆਪੋ ਵਿਚ ਦੀ ਪਿਆਰ ਵਧਾਈ ਆਏ
ਮਹਾਰਾਜ ਫਿਰ ਲਾਟ ਨੂੰ ਨਾਲ ਲੈਕੇ ਹਰ ਇਕ ਸਰਦਾਰ ਵਿਖਾਈ ਆਏ
ਧਯਾਨਸਿੰਘ ਇਹ ਜੇ ਹਰੀਸਿੰਘ ਇਹ ਜੇ ਨਾਲ ਨਾਲ ਹੀ ਸਿਫਤ ਸੁਣਾਈ ਆਏ
ਇਕ ਇਕ ਕਰਕੇ ਲਾਟ ਸਾਹਿਬ ਸੰਦੀ ਸਭ ਦੇ ਨਾਲ ਮੁਲਾਕਾਤ ਕਰਾਈ ਆਏ
ਲਾਟ ਸਾਹਿਬ ਬਹਾਦਰ ਵੀ ਨਾਲ ਸਭ ਦੇ ਖੂਬ ਹਥ ਮਿਲਾਇ ਮਿਲਾਈ ਆਏ
ਏਸੇ ਤਰਾਂ ਹੁਣ ਲਾਟ ਬਹਾਦਰ ਸਾਹਿਬ ਮਹਾਰਾਜ ਨੂੰ ਅਗੇ ਲਗਾਈ ਆਏ
ਅਪਣੇ ਪਾਸੇ ਦੇ ਵਲ ਲਿਆ ਕਰਕੇ ਵਡੇ ਵਡੇ ਅੰਗ੍ਰੇਜ਼ ਦਿਖਾਈ ਆਏ
ਉਠ ਉਠਕੇ ਅਗੋਂ ਅੰਗ੍ਰੇਜ਼ ਸਾਰੇ ਟੋਪੀ ਲਾਹਕੇ ਗਰਦਨ ਝੁਕਾਈ ਆਏ
ਮਹਾਰਾਜ ਵੀ ਹਥ ਮਿਲਾ ਕਰਕੇ ਇਕ ਦੂਜੇ ਨੂੰ ਬੜਾ ਵਡਿਆਈ ਆਏ
ਆਪੋ ਵਿਚ ਦੀ ਸਾਰੇ ਹੀ ਬਿਸ਼ਨ ਸਿੰਘਾ ਬੜਾ ਭਾਰਾ ਪਿਆਰ ਨੇ ਪਾਈ ਆਏ

[ਰਾਜ ਦਰਬਾਰ ਦਾ ਮੇਮਾਂ ਵਾਲਾ ਪਾਸਾ]

ਏਸ ਰਾਜ ਦਰਬਾਰ ਦੇ ਇਕ ਪਾਸੇ ਮੇਮਾਂ ਲੇਡੀਆਂ ਬੈਠ ਸੁਹਾ ਰਹੀਆਂ
ਭਾਂਤ ਭਾਂਤ ਦੇ ਰੇਸ਼ਮੀ ਕਪੜੇ ਲੈ ਨਾਜ਼ਕ ਬਦਨ ਦੇ ਉਤੇ ਸਜਾ ਰਹੀਆਂ
ਗੋਰੇ ਗੋਰੇ ਚਮਕਣ ਮੂੰਹ ਸਾਰਿਆਂ ਦੇ ਵਾਹ ਵਾਹ ਕਿਆ ਸੋਭਾ ਪਾ ਰਹੀਆਂ
ਹੂਰਾਂ ਪਰੀਆਂਤੇ ਪਦਮਣੀਆਂ ਹੈਣ ਮਾਨੋਂ ਵਾਹ ਵਾ ਬੁੱਲ੍ਹਾਂ ਦੇ ਵਿਚ ਮੁਸਕਰਾ ਰਹੀਆਂ
ਵਿਚ ਤਾਰਿਆਂ ਤਾਰੀਆਂ ਬੈਠੀਆਂ ਨੇ ਆਪ ਹਸਦੀਆਂ ਨਾਲੇ ਹਸਾ ਰਹੀਆਂ
ਐਨ ਬੈਠੀਆਂ ਹੈਣ ਨਿਝੱਕ ਸਭੇ ਨੈਣ ਸਾਹਮਣੇ ਨਹੀਂ ਸ਼ਰਮਾ ਰਹੀਆਂ
ਅਪਣੇ ਪਤੀਆਂਦੇ ਨਾਲ ਹੀ ਬਿਸ਼ਨਸਿੰਘਾ ਵਿਚ ਬਾਹਾਂ ਦੇ ਬਾਹਾਂ ਮਿਲਾ ਰਹੀਆਂ

[ਰਾਜ ਦਰਬਾਰ ਦਾ ਅੰਗ੍ਰੇਜ਼ਾਂ ਵਾਲਾ ਪਾਸਾ]

ਐਨ ਡਾਰਾਂ ਤੇ ਡਾਰਾਂ ਕਤਾਰਾਂ ਵੇਖੋ ਮੇਮਾਂ ਲੇਡੀਆਂ ਦੇ ਨਾਲ ਨਾਲ ਪਯਾਰੇ
ਸੋਭਾ ਪਾ ਰਹੇ ਬੈਠੇ ਹੋਇ ਸਾਰੇ ਚਿਹਰੇ ਸੋਭਦੇ ਨੇ ਲਾਲ ਲਾਲ ਪਯਾਰੇ
ਖੜੇ ਬੜੇ ਜਵਾਨ ਤੇ ਦਰਸ਼ਨੀ ਨੇ ਇਲਮ ਅਕਲ ਦੇ ਭਰੇ ਕਮਾਲ ਪਯਾਰੇ
ਬੈਠੇ ਹੋਏ ਅੰਗ੍ਰੇਜ਼ ਨੇ ਬਿਸ਼ਨ ਸਿੰਘਾ ਵਧ ਇਕ ਤੋਂ ਇਕ ਬਿਸਾਲ ਪਯਾਰੇ

[ਰਾਜ ਦਰਬਾਰ ਦਾ ਸਰਦਾਰਾਂ ਵਾਲਾ ਪਾਸਾ]

ਦੂਜੇ ਪਾਸੇ ਦਰਬਾਰ ਦੇ ਸਜੇ ਹੋਏ ਵਧ ਇਕ ਤੋਂ ਇਕ ਅਮੀਰ ਭਾਰੇ

ਬੈਠੇ ਸ਼ੇਰਾਂ ਦੇ ਵਾਂਗ ਹੀ ਨਜ਼ਰ ਆਵਣ ਸਿੰਘ ਸੂਰਮੇ ਜੋ ਸੂਰਬੀਰ ਭਾਰੇ
ਕੁੰਢੇ ਕੁੰਢੇ ਮੁਛਹਿਰੇ ਸਜੀਲੇ ਦਾੜ੍ਹੇ ਸਾਰੇ ਬੈਠੇ ਸਰਦਾਰ ਵਜੀਰ ਭਾਰੇ
ਇਕੋ ਜਹੇ ਰੰਗੀਲੇ ਪੁਸ਼ਾਕੇ ਸਾਰੇ ਬੀਰ ਰਸ ਦੇ ਭਰੇ ਬਲਬੀਰ ਭਾਰੇ
ਛਬ ਪਾਂਵਦੇ ਨੇ ਦੇਵਾਂ ਵਾਂਗ ਬੈਠੇ ਬੜੇ ਬੜੇ ਜਵਾਨ ਰਣਧੀਰ ਭਾਰੇ
ਸੋਭਾ ਪਾਂਵਦੇ ਸਾਰੇ ਹੀ ਬਿਸ਼ਨ ਸਿੰਘਾ ਵਧ ਇਕ ਤੋਂ ਇਕ ਅਖੀਰ ਭਾਰੇ

[ਮਹਾਰਾਜ ਤੇ ਲਾਟ ਸਾਹਿਬ]

ਏਸ ਸਾਰੇ ਹੀ ਰਾਜ ਦਰਬਾਰ ਅੰਦਰ ਮਹਾਰਾਜ ਤੇ ਲਾਟ ਸੁਹਾ ਰਹੇ
ਸੂਰਜ ਚੰਦ ਸਮਾਨ ਮਹਾਰਾਜ ਦੋਵੇਂ ਵਾਹ ਵਾਹ ਕਿਆ ਸੋਭਾ ਨੇ ਪਾ ਰਹੇ
ਗਲਾਂ ਬਾਤਾਂ ਕਰਕੇ ਦੋਵੇਂ ਹੱਸਦੇ ਨੇ ਨਾਲੇ ਹੋਰਨਾਂ ਤਾਂਈ ਹਸਾ ਰਹੇ
*ਵੇਖ ਏਸ ਦਰਬਾਰ ਨੂੰ ਬਿਸ਼ਨ ਸਿੰਘਾ ਇੰਦਰ ਦੇਵਤੇ ਸਭ ਸ਼ਰਮਾ ਰਹੇ

---

*ਲਾਟ ਸਾਹਿਬ ਦੀ ਤਰਫੋਂ ਸਕੱਤ੍ਰਾਂ ਨੇ ੧੫ ਕਿਸ਼ਤੀਆਂ ਕਿਸਮ ੨ ਦੇ ਗੈਹਣੇ ਕਪੜੇ ਜੁਵਾਹਰਾਤ ਦੀਆਂ ਤੇ ਇਕ ਤਲਵਾਰ ਜੜਾਊ ਮੁਠ ਦੀ, ਦੋ ਘੋੜੇ ਸਾਮਾਨ ਸਮੇਤ, ਇਕ ਹਾਥੀ ਮੁਲਕ ਬ੍ਰਹਮਾ ਦਾ ਸੋਨੇ ਦੇ ਹੌਦੇ ਤੇ ਝੁੱਲਾਂ ਵਾਲਾ ਮਹਾਰਾਜ ਦੀ ਨਜ਼ਰ ਕੀਤਾ, ਅਤੇ ੨੧ ਕਿਸ਼ਤੀਆਂ ੧ ਘੋੜਾ ਅਮੋਲਕ ਸਮਾਨ ਸਮੇਤ ਸ਼ਾਹਜ਼ਾਦੇ ਖੜਗ ਸਿੰਘ ਨੂੰ ਦਿਤਾ ਅਤੇ ਇਕ ਇਕ ਖਿਲਤ ਹਰ ਇਕ ਸਰਦਾਰ ਨੂੰ ਦੇਕੇ ਦਰਬਾਰ ਬਰਖਾਸਤ ਕੀਤਾ, ਮਹਾਰਾਜ ਨੇ ਦੋ ਹਜ਼ਾਰ ਰੁਪਯਾ ਖਿਲਤ ਉਠਾਉਣ ਵਾਲਿਆਂ ਨੂੰ ਦਿਤਾ, ਖੇਮੇ ਤੋਂ ਬਾਹਰ ਤਕ ਲਾਟ ਸਾਹਿਬ ਮਹਾਰਾਜ ਨੂੰ ਵਿਦਾ ਕਰਨ ਵਾਸਤੇ ਆਏ ਤਾਂ ਮਹਾਰਾਜ ਨੇ ਆਪਣੇ ਕੋਤਲ ਘੋੜੇ ਲਾਟ ਸਾਹਿਬ ਨੂੰ ਦਿਖਾਏ ਜਿਨਾਂ ਨੂੰ ਉਸਨੇ ਬਹੁਤ ਹੀ ਸਲਾਹਿਆ। ਅੰਗ੍ਰੇਜ਼ੀ ਫੌਜ ਦੀ ਸਲਾਮੀ ਲੈਂਦੇ ਹੋਏ ਮਹਾਰਾਜ ਦਰਿਆ ਲੰਘਕੇ ਡੇਰੇ ਆ ਗਏ ਤੇ ਤਿੰਨ, ਕਲਮ ਦਾਨ ਕਸ਼ਮੀਰੀ ਬਹੁਤ ਸੁੰਦਰ ਰਤਨ ਜੜਤ (ਇਕ ਲਾਟ ਸਾਹਿਬ ਲਈ ਦੂਜਾ ਉਸਦੀ ਮੇਮ ਵਾਸਤੇ ਤੀਜਾ ਚੀਫ ਸਕੱਤ੍ਰ ਨੂੰ) ਫਕੀਰ ਅਜ਼ੀਜ਼ ਦੀਨ ਦੇ ਹਥ ਭੇਜੇ ਜਿਨਾਂ ਨੂੰ ਦੇਖਕੇ ਓਹ ਬਹੁਤ ਖੁਸ਼ ਹੋਏ।

ਦੂਜੇ ਦਿਨ ਲਾਟ ਸਾਹਿਬ ਮਹਾਰਾਜ ਦੀ ਮੁਲਾਕਾਤ ਨੂੰ ਆਏ, ਟਿਕਾ ਖੜਗ ਸਿੰਘ ਤੇ ਕੌਰ ਸ਼ੇਰ ਸਿੰਘ ਪਾਰ ਤੀਕਰ ਅਗਵਾਨੀ ਨੂੰ ਗਏ ਪੁਲੋਂ ਉਤਰਕੇ ਲਾਟ ਸਾਹਿਬ ਦੀ ਫੌਜ ਖਾਲਸੇ ਨੇ (ਜੋ ਦੋਹੀਂ ਪਾਸੀ ਦਰੇਸ਼ੀ ਬੰਨੀ ਖੜੀ ਸੀ) ਸਲਾਮੀ ਲਈ, ਮੰਗਲਾ ਚਾਰ ਦੇ ਵਾਜੇ ਵਜੇ ਤਦੋਂ ਨੂੰ ਮਹਾਰਾਜ ਵੀ ਜਾ ਪਹੁੰਚੇ, ਲਾਟ ਸਾਹਿਬ ਦੇ ਹਾਥੀ ਨਾਲ ਹਾਥੀ ਮਿਲਾਕੇ ਕੁਸ਼ਲ ਅਨੰਦ ਪੁਛਿਆ, ਲਾਟ ਸਾਹਿਬ ਮਹਾਰਾਜ ਦੇ ਹਾਥੀ ਪਰ ਹੀ ਆ ਬੈਠਾ ਦੋਵੇਂ ਬਾਦਸ਼ਾਹ ਝਾਕਾ ਦੀਦਾਰ ਲੈਂਦੇ ਹੋਏ ਓਸ ਤੰਬੂ ਦੇ ਨੇੜੇ ਆ ਉਤਰੇ ਜਿਸਦੇ ਦੂਰ ਦੂਰ ਤਕ ਮਖਮਲੀ ਸਾਏ-ਬਾਨ ਹਕੀਕ ਜਟਤ ਸੋਨੇ ਚਾਂਦੀ ਦੀਆਂ ਚੋਬਾਂ ਉਤੇ ਰੇਸ਼ਮ ਤੇ ਜ਼ਰੀ ਦੀਆਂ ਡੋਰਾਂ-

[ਸਰਦਾਰਾਂ ਦੀ ਲਾਟ ਸਾਹਿਬ ਨਾਲ ਤੇ ਅੰਗ੍ਰੇਜਾਂ ਦੀ ਮਹਾਰਜ ਨਾਲ ਮੁਲਕਾਤ]

ਮਹਾਰਾਜੇ ਦੇ ਪਹਿਲੇ ਸਰਦਾਰ ਸਾਰੇ ਵਾਰੀ ਵਾਰੀ ਨੇ ਉਠਕੇ ਆਈ ਗਏ
ਨਜ਼ਰਾਂ ਦੇ ਕਰਕੇ ਲਾਟ ਸਾਹਿਬ ਤਾਈਂ ਵਾਰੋ ਵਾਰ ਨੇ ਫਤੇ ਬੁਲਾਈ ਗਏ
ਵੇਡ ਸਾਹਿਬ ਹਰ ਇਕਦਾ ਨਾਮ ਲੈਲੈ ਫਲਾਣਾ ਫਲਾਣਾ ਸਰਦਾਰ ਸੁਣਾਈ ਗਏ
ਏਸੇ ਤਰਾਂ ਅੰਗ੍ਰੇਜ਼ ਮਹਾਰਾਜ ਅਗੇ ਵਾਰੋ ਵਾਰ ਆ ਭੇਟਾ ਚੜ੍ਹਾਈ ਗਏ
ਸਕੱਤ੍ਰ ਸਾਹਿਬ ਅੰਗ੍ਰੇਜ਼ ਅੰਗ੍ਰੇਜ਼ਾਂ ਸੰਦਾ ਲੈ ਲੈ ਨਾਮ ਤੇ ਔਹਦਾ ਬਤਾਈ ਗਏ
ਮਹਾਰਾਜ ਵੀ ਬੜਾ ਪਿਆਰ ਕਰਕੇ ਸਭ ਦੇ ਨਾਲ ਨੇ ਹਥ ਮਿਲਾਈ ਗਏ
ਸਭਨਾਂ ਕੋਲੋਂ ਹੈ ਕੁਸ਼ਲ ਅਨੰਦ ਪੁਛੀ ਓਹਵੀ ਟੋਪੀ ਲਾ ਗਰਦਨ ਝੁਕਾਈ ਗਏ
ਓਧਰੋ ਓਧਰੀ ਦੋਵੇਂ ਹੀ ਬਿਸ਼ਨ ਸਿੰਘਾ ਮੁਲਾਕਾਤ ਨੇ ਕਰੀ ਕਰਾਈ ਗਏ

[ਮਹਾਰਾਜ ਨੇ ਲਾਟ ਸਾਹਿਬ ਨੂੰ ਤੋਫੇ ਦੇਣੇ]

ਅਤਰ ਪਾਨ ਵਰਤਾਯਾ ਹੈ ਆਨ ਪੈਹਲੇ ਹੂਰਾਂ ਪਰੀਆਂ ਨੇ ਨਾਚ ਵਖਾਇ ਆਕੇ
ਫੇਰ ਤੋਫੇ ਮਹਾਰਾਜ ਤਿਆਰ ਕਰਕੇ ਅਗੇ ਲਾਟ ਦੇ ਢੇਰ ਨੇ ਲਾਇ ਆਕੇ
ਕਿਸ਼ਤੀ ਇਕ ਸੌ ਇਕ ਸੋ ਭਰ ਕਰਕੇ ਭਾਂਤ ਭਾਂਤ ਦੇ ਬਸਤਰ ਦਿਖਾਇ ਆਕੇ
ਸੋਹਣੇ ਸੋਹਣੇ ਪੰਜਾਬੀ ਕਸ਼ਮੀਰੀ ਬਸਤ੍ਰ ਤਰਾਂ ਤਰਾਂ ਦੇ ਢੇਰ ਲਗਾਇ ਆਕੇ
ਨਾਲੇ ਗਹਿਣੇ ਵੀ ਕਈ ਪ੍ਰਕਾਰ ਸੰਦੇ ਲਾਟ ਤਾਈਂ ਮਹਾਰਾਜ ਫੜਾਇ ਆਕੇ
ਜੁਾਹਰਾਤ ਦੇ ਢੇਰ ਨੇ ਲਾਇ ਨਾਲੇ ਇਕ ਤੇਗ ਕਮਾਨ ਲਿਆਇ ਆਕੇ
ਦੋ ਘੋੜੇ ਅਮੋਲਕ ਸਮੇਤ ਸਾਜਾਂ ਸਾਥੀ ਪੌਣ ਦੇ ਖੜੇ ਕਰਾਇ ਆਕੇ
ਇਕ ਹਾਥੀ ਵੀ ਸੋਨੇ ਦੇ ਸਾਜ ਪਾਕੇ ਮਹਾਰਾਜ ਨੇ ਦਿਤਾ ਮੰਗਾਇ ਆਕੇ
ਤੋਫੇ ਦਿਤੇ ਮਹਾਰਾਜ ਨੇ ਲਾਟ ਨੂੰ ਇਹ ਲਏ ਲਾਟ ਅਨੰਦ ਮਨਾਇ ਆਕੇ
ਧੰਨਵਾਦ ਮਾਹਾਰਾਜ ਦਾ ਬੜਾ ਕੀਤਾ ਬਾਰ ਬਾਰ ਨੇ ਹਸੇ ਹਸਾਇ ਆਕੇ
ਹੋਰ ਬਾਕੀ ਅੰਗ੍ਰੇਜ਼ਾਂ ਮਹਾਰਾਜ ਵਲੋਂ ਕਈ ਤੋਫੇ ਤੇ ਖਿਲਤ ਨੇ ਪਾਇ ਆਕੇ
ਬਸ ਫੇਰ ਦਰਬਾਰ ਬਰਖਾਸਤ ਹੋਯਾ ਤੰਬੂ ਆਪਣੇ ਨੂੰ ਲਾਟ ਧਾਇ ਆਕੇ
ਸ਼ੇਰ ਸਿੰਘ ਤੇ ਖੜਗ ਸਿੰਘ ਕੌਰ ਦੋਵੇਂ ਵਿਦਾ ਲਾਟ ਨੂੰ ਕਰਨ ਨੇ ਆਇ ਆਕੇ

—ਨਾਲ ਤਣੇ ਹੋਏਸੇ ਤੇ ਹੇਠਾਂ ਮੁਲਤਾਨੀ ਬਨਾਤਂ ਤੇ ਕਸ਼ਮੀਰੀ ਗਲੀਚੇ ਵਿਛਰਹੇ ਸਨ, ਫੇਰ ਲਾਟ ਸਾਹਿਬ ਦਾ ਹਥ ਫੜਕੇ ਓਸ ਤੰਬੂ ਦੇ ਅੰਦਰ ਲੈਗਏ ਜਿਸ ਵਿਚ ਅਧਭੁਤ ਸਮਾਨ ਦੇ ਸੈਹਤ ਦੋ ਕੁਰਸੀਆਂ ਸੋਨੇ ਦੀਆਂ ਸਨ ਤੇ ਜਿਨਾਂ ਵਿਚ ਐਸੇ ਅਮੋਲਕ ਰਤਨ ਜੜੇ ਹੋਏ ਸਨ ਜੋ ਸੂਰਜ ਨੂੰ ਵੀ ਮਾਤ ਕਰਦੇ ਸਨ, ਹੋਰ ਹੀਰੇ ਮੋਤੀ ਨੀਲਮਾਂ ਦੇ ਅਨੇਕ ਝਾੜਾਂ ਕਰਕੇ ਓਹ ਤੰਬੂ ਸਜ ਰਿਹਾ ਸੀ ਤੇ ਏਡਾ ਵਡਾ ਸੀ ਜਿਸ ਵਿਚ ਹਜਾਰ ਆਦਮੀ ਬੈਠ ਸਕਦਾ ਸੀ। ਮਹਾਰਾਜੇ ਨੇ ਲਾਟ ਸਾਹਿਬ ਨੂੰ ਵਡੇ ਪ੍ਰੇਮ ਨਾਲ ਸਜੇ ਪਾਸੇ ਕੁਰਸੀ ਉਪਰ ਬਠਾਯਾ ਫੇਰ ਇਕ ਤਰਫ ਲਾਟ ਸਾਹਿਬ ਦੇ ਮੁਸਾਂਹਿਬ ਤੇ ਇਕ ਪਾਸੇ ਮਹਾਰਾਜੇ ਦੇ ਸਰਦਾਰ ਬੈਠ ਗਏ।

ਮੁਲਾਕਾਤ ਕਰ ਦੋਹਾਂ ਨੇ ਬਿਸ਼ਨ ਸਿੰਘਾ ਬੜੇ ਭਾਰੇ ਪ੍ਰੇਮ ਵਧਾਇ ਆਕੇ

[ਮੇਮਾਂ ਦਾ ਨਾਚ ਤੇ ਜਲਸਾ]

ਦੂਜੇ ਦਿਨ ਆ ਮੇਮਾਂ ਦਾ ਨਾਚ ਹੋਇਆ ਵੇਖ ਵੇਖ ਸਰਦਾਰ ਹੈਰਾਨ ਹੋਏ
ਮਹਾਰਾਜ ਤੇ ਕੌਰ ਮਹਾਰਾਜ ਜੀ ਦੇ ਨਾਚ ਮੇਮਾਂ ਦਾ ਦੇਖ ਕੁਰਬਾਨ ਹੋਏ
ਮੇਮਾਂ ਨਚੀਆਂ ਪਰੀਆਂ ਦੇ ਵਾਂਗ ਆਕੇ ਫੇਰ ਜਲਸੇ ਨੇ ਆਨ ਮਹਾਨ ਹੋਏ
ਜਲਸੇ ਨਾਚ ਨੂੰ ਵੇਖਕੇ ਬਿਸ਼ਨ ਸਿੰਘਾ ਸਾਰੇ ਸੂਰਮੇ ਕੰਧਾਂ ਸਮਾਨ ਹੋਏ

[ਲਾਟ ਸਾਹਿਬ ਨੇ ਗੋਰਿਆਂ ਦੀ ਕੁਵੈਦ ਮਹਾਰਾਜ ਨੂੰ ਵਿਖਾਉਣੀ]

ਲਾਟ ਸਾਹਿਬ ਨੇ ਆਖ ਕਪਤਾਨ ਜੀ ਨੂੰ ਫੌਜਾਂ ਕੱਠੀਆਂ ਕਰ ਕਰਾ ਲਈਆਂ
ਲਿਫਟਰਨ ਤੇ ਫੇਰ ਅਬਊਟਰਨ, ਕ੍ਵਿਕ ਮਾਰਚ ਅਵਾਜ਼ਾਂ ਸੁਣਾ ਲਈਆਂ
ਵਾਂਗ ਬੁਤਾਂ ਦੇ ਆਕੜ ਕੇ ਫੌਜੀਆਂ ਨੇ ਇਕੋ ਜਹੀਆਂ ਉਲਾਂਗਾਂ ਉਠਾ ਲਈਆਂ
ਕਦੀ ਬੋਲਕੇ ਬੋਲੀ ਠਹਿਰਾ ਲਈਆਂ ਕਦੀ ਫੇਰ ਭੁਆ ਚਲਾ ਲਈਆਂ
ਕਦੀ ਸਜੇ ਕਰਕੇ ਕਦੀ ਖਬੇ ਕਰਕੇ ਬਾਰ ਬਾਰ ਉਨਾ ਬਹਾ ਲਈਆਂ
ਵਾਹ ਫੌਜੀਆਂ ਗੋਰਿਆਂ ਬਿਸ਼ਨਸਿੰਘਾ ਕੁਵੈਦਾਂ ਬਹੁਤ ਹੀ ਅਜਬ ਵਿਖਾ ਲਈਆਂ

[ਮਹਾਰਾਜ ਨੇ ਲਾਟ ਸਾਹਿਬ ਨੂੰ ਸਿਖਾਂ ਦੀ ਕੁਵੈਦ ਵਿਖਾਉਣੀ]

ਮਹਾਰਾਜ ਦਾ ਹੁਕਮ ਲੈ ਵੈਡ ਸਾਹਿਬ ਫੌਜ ਖਾਲਸੇ ਦੀ ਇਕ ਪਾਲ ਕੀਤੀ
ਐਨ ਸਿਖਾਂ ਨੇ ਕਦਮ ਉਠਾਯਾ ਓਦੋਂ ਸੈਨਤ ਸਾਹਿਬ ਨੇ ਜਾਂ ਬੋਲੀ ਨਾਲ ਕੀਤੀ
ਕੁਵੈਦ ਐਸ਼ੀ ਦਿਖਾਈ ਹੈ ਖਾਲਸੇ ਨੇ ਫੌਜ ਗੋਰਿਆਂ ਸੰਦੀ ਨਿਹਾਲ ਕੀਤੀ
ਲਾਟ ਸਾਹਿਬ ਵੀ ਆਖਦਾ ਬਿਸ਼ਨ ਸਿੰਘਾ ਵਾਹ ਜੱਟਾਂ ਨੇ ਅਜ ਕਮਾਲ ਕੀਤੀ

{੧੭ ਕਤਕ ਨੂੰ ਅਮ੍ਰਿਤ ਵੇਲੇ ਲਾਟ ਸਾਹਿਬ ਦੀ ਫੌਜ ਨੇ ਅਤੇ
ਮਹਾਰਾਜ ਦੀ ਫੌਜ ਨੇ ਨੇਜ਼ੇ ਬਾਜ਼ੀ ਦੇ ਕਰਤਬ ਦਿਖਾਉਣੇ}

ਲਾਟ ਸਾਹਿਬ ਨੇ ਆਪਣੇ ਫੌਜੀਆਂ ਦੇ ਕਰਤਬ ਦਸੇ ਨੇ ਘੋੜੇ ਦੁੜਾ ਕਰਕੇ
ਵਧ ਵਧ ਅੰਗ੍ਰੇਜ਼ੀਆਂ ਅਫਸਰਾਂ ਨੇ ਦਸੇ ਜੰਗ ਦੇ ਕੰਮ ਵਿਖਾ ਕਰਕੇ
ਤੋਪ ਖਾਨੇ ਨਿਸ਼ਾਨੇ ਉਠਾ ਕਰਕੇ ਦਸੇ ਸਾਫ ਨੇ ਗੋਲੇ ਚਲਾ ਕਰਕੇ
ਮਹਾਰਾਜ ਦੇ ਸਭਨਾਂ ਸਰਦਾਰਾਂ ਵਿਚੋਂ ਧਿਜਾਨ ਸਿੰਘ ਆਯਾ ਝਟ ਧਾ ਕਰਕੇ
ਬਾਰ ਬਾਰ ਦੁੜਾਇ ਦੁੜਾਇ ਘੋੜਾ ਐਧਰ ਓਧਰ ਨਸਾ ਭਜਾ ਕਰਕੇ
ਬਹੁਤ ਸੋਹਣੇ ਹੈ ਕੰਮ ਵਿਖਾਇ ਗਿਆ ਨੇਜ਼ੇਬਾਜ਼ੀ ਦੇ ਹਥ ਵਧਾ ਕਰਕੇ
ਨਿੰਬੂ ਕਟੇ ਸੋ ਨਾਲ ਨਿਸ਼ਾਨਿਆਂ ਦੇ ਪੈਰ ਘੋੜੇ ਤੇ ਖੂਬ ਜਮਾ ਕਰਕੇ
ਇਹਦੇ ਭਾਈ ਗੁਲਾਬ, ਸੁਚੇਤ ਸਿੰਘ ਜੋ ਆਇ ਦੋਵੇਂ ਨੇ ਘੋੜੇ ਨਸਾ ਕਰਕੇ
ਇਹ ਵੀ ਚੰਗੇ ਨੇ ਕੰਮ ਵਿਖਾ ਗਏ ਆਪੋ ਆਪਣਾ ਜ਼ੋਰ ਲਗਾ ਕਰਕੇ
ਫੇਰ ਹੋਰ ਸਰਦਾਰ ਅਪਾਰ ਆਏ ਮਹਾਰਾਜ ਦਾ ਹੁਕਮ ਵਜਾ ਕਰਕੇ
ਵਾਰੋ ਵਾਰੀ ਸਭ ਕੰਮ ਵਿਖਾ ਗਏ ਆਪੋ ਆਪਣੇ ਘੋੜੇ ਉਡਾ ਕਰਕੇ
ਅਮਰ ਸਿੰਘ ਸਰਦਾਰ ਮਜੀਠੀਏ ਜੀ ਫੇਰ ਆਇ ਨੇ ਗੁਰੂ ਮਨਾ ਕਰਕੇ

ਤੀਰ ਦਰਖਤਾਂ ਕੜ੍ਹਾਯਾਂ ਦੇ ਵਿਚੋਂ ਕਢੇ ਐਨ ਸਾਫ ਦਿਖਾ ਦਿਖਾ ਕਰਕੇ
*ਹਰਸਾ ਸਿੰਘ ਜਰਨੈਲ ਹੈ ਫੇਰ ਆਯਾ ਅਪਣਾ ਗੁਰੂ ਉਸਤਾਦ ਧਿਆ ਕਰਕੇ
ਆਪ ਮੰਜੇ ਦੇ ਉਪਰ ਹੈ ਬੈਠ ਗਿਆ ਕਾਂ ਮੰਜੇ ਦੇ ਹੇਠ ਬਹਾ ਕਰਕੇ
ਐਸੀ ਗਤਕੇ ਦੀ ਫੁਰਤੀ ਸਫਾਈ ਕੀਤੀ ਗਿਆ ਕਾਂ ਨੂੰ ਜਾਨੋਂ ਮੁਕਾ ਕਰਕੇ
ਵਾਹ ਵਾਹ ਨੇ ਸਭ ਉਚਾਰ ਉਠੇ ਜਿਨਾਂ ਵੇਖਿਆ ਕੰਮ ਏਹ ਆ ਕਰਕੇ
ਆਪੋ ਆਪਣਾ ਕੰਮ ਵਿਖਾ ਕਰਕੇ ਥਾਉਂ ਥਾਈਂ ਸਭ ਬੈਠੇ ਨੇ ਜਾ ਕਰਕੇ
ਹਰੀ ਸਿੰਘ ਸਰਦਾਰ ਹੈ ਫੇਰ ਆਯਾ ਅਪਣੇ ਘੋੜੇ ਤੇ ਕਾਠੀ ਪਵਾ ਕਰਕੇ
ਇਨ ਵੀ ਜੰਗ ਦੇ ਕਰਤਬ ਦਿਖਾਇ ਚੰਗੇ ਐਧਰ ਓਧਰ ਹੈ ਘੋੜਾ ਨਠਾ ਕਰਕੇ
ਹੱਕੇ ਬੱਕੇ ਅੰਗ੍ਰੇਜ਼ ਨੇ ਹੋਏ ਸਾਰੇ ਕੰਮ ਸਿੱਖਾਂ ਦਾ ਵੇਖ ਅਜ਼ਮਾ ਕਰਕੇ
ਮਹਾਰਾਜ ਰਣਜੀਤ ਸਿੰਘ ਬਿਸ਼ਨ ਸਿੰਘਾ ਛੇਕੜ ਆਪ ਵੀ ਆਇ ਨੇ ਚਾ ਕਰਕੇ

{ ਸਭ ਤੋਂ ਪਿਛੋਂ ਆਪ ਮਹਾਰਾਜ ਨੇ ਘੋੜਾ ਦੁੜਾਕੇ ਨੇਜੇ ਨਾਲ ਕਿੱਲੇ ਪੁਟਣੇ, ਸੈਫ ਨਾਲ ਨਿੰਬੂ ਚੀਰਨੇ ਅਤੇ ਗੜਵੇ ਉੱਤੇ ਤਲਵਾਰ ਨਾਲ ਬੂਟਾ ਪਾਉਣਾ }

ਸਭ ਤੋਂ ਪਿਛੋਂ ਹੁਣ ਆਪ ਮਹਾਰਾਜਹੋਰੀਖਾਲੀਵੇਖਕੇ ਆਇ ਮਦਾਨ ਵਾਹ ਵਾਹ
ਸਿਰ ਤੋੜ ਹੁਣ ਘੋੜਾ ਦੁੜਾਇ ਕਰਕੇਕੁਦੇ ਵਿੱਚ ਮਦਾਨ ਦੇ ਆਨ ਵਾਹ ਵਾਹ
ਪੈਹਲੇ ਨੇਜ਼ੇ ਦੇ ਨਾਲ ਨੇ ਪੁਟੇ ਕਿੱਲੇ ਫੇਰ ਚੀਰੇ ਨੇ ਨਿੰਬੂ ਮਹਾਨ ਵਾਹ ਵਾਹ
ਫੇਰ ਆਇ ਨੇ ਘੋੜਾ ਦੌੜਾਇ ਕਰਕੇ ਗੜਵਾ ਰਖਿਆ ਜਿਥੇ ਹੈ ਜਾਨ ਵਾਹ ਵਾਹ
ਤਿਨ ਤਿਨ ਲੀਕਾਂਆ ਖਿਚੀਆਂਇਕੋਵਾਰੀ ਫੜਕੇ ਹਥਦੇਵਿੱਚਕ੍ਰਿਪਾਨ ਵਾਹ ਵਾਹ
ਗੜਵਾਵਿੱਚ ਮਦਾਨਦੇ ਪਿਆ ਰਿਹਾ ਕਰ ਗਏ ਬੂਟੇ ਦਾ ਉਤੇ ਨਿਸ਼ਾਨ ਵਾਹ ਵਾਹ
ਲਾਟ ਸਾਹਿਬ ਸਮੇਤ ਅੰਗ੍ਰੇਜ਼ ਸਾਰੇ ਵੇਖ ਵੇਖਕੇ ਹੋਏ ਹੈਰਾਨ ਵਾਹ ਵਾਹ
ਗੂੰਜ ਉਠਿਆ ਸਾਰਾ ਮਦਾਨ ਆਕੇ ਧੰਨ ਧੰਨ ਤੇ ਕਰਨ ਕੁਰਬਾਨ ਵਾਹ ਵਾਹ
ਮਹਾਰਾਜ ਨ ਜੈਸਾ ਜਵਾਨ. ਵਾਹ ਵਾਹ ਮਹਾਰਾਜ ਨ ਜੈਸਾ ਸੁਜਾਨ ਵਾਹ ਵਾਹ
ਧੁਨੀ ਈਕੂੰ ਦੀ ਨਾਲ ਅਕਾਸ ਭਰਿਆ ਹਕੇ ਬਕੇ ਹੋ ਕਰਨ ਬਿਆਨ ਵਾਹ ਵਾਹ
ਕਰਤਬ ਦੇਖ ਮਹਾਰਾਜਦਾ ਬਿਸ਼ਨਸਿੰਘਾ ਸਾਰੇ ਹੋਇ ਨੇ ਕੰਧਾਂ ਸਮਾਨ ਵਾਹ ਵਾਹ

{ ੧੭ ਕੱਤਕ ਦੀ ਆਖਰੀ ਮੁਲਾਕਾਤ ਹੋਕੇ ਦੋਹਾਂ ਨੇ ਆਪੋ ਆਪਣੇ ਸ਼ੈਹਰਾਂ ਨੂੰ ਵਿਦਜਾ ਹੋਣਾ }

ਵੇਲੇ ਸੰਝਦੇ ਕਤਕ ਸਤਾਰ੍ਹਵੀਂ ਨੂੰ ਹੁਣ ਆਖਰੀ ਹੈ ਮੁਲਾਕਾਤ ਹੋਈ

---

*ਏਹੋ ਜਿਹਾ ਹੁਨਰ ਵਾਲਾ ਕੋਈ ਆਦਮੀ ਮਹਾਰਾਜੇ ਪਾਸ ਨਹੀਂ ਸੀ ਲਾਟ ਸਾਹਿਬ ਨੇ ਬਹੁਤ ਪ੍ਰਸੰਨ ਹੋਕੇ ਆਖਿਆ ਮਹਾਰਾਜੇ ਦੀ ਫੌਜ ਦੀ ਬਹਾਦਰੀ ਤੇ ਚਾਲਾਕੀ ਜਿੰਨੀ ੨ ਅਸੀ ਸੁਣਦੇ ਸਮਝਦੇ ਸਾਂ ਓਦੂੰ ਦੂਣੀ ਤਆਰੀ ਵਿਚ ਦੇਖੀ ਹੈ।

ਸੋਲਾਂ ਘੋੜਿਆਂ ਵਾਲੀਆਂ ਦੋ ਤੋਪਾਂ ਲਾਟ ਸਾਹਿਬ ਦੇ ਵਲੋਂ ਹੈ ਦਾਤ ਹੋਈ
ਪੁਲ ਕੈਂਚੀਆਂ ਦਾ ਇਕ ਲੋਹੇ ਸੰਦਾ ਦਿਤਾ ਲਾਟ ਨੇ ਹੈ ਤਿਲਸਮਾਤ ਹੋਈ
ਜਦੋਂ ਚਾਹੋ ਦਰਿਆ ਤੇ ਰਖ ਲੌਂ ਖਾਂ ਇਹ ਦੇਸ ਦੀ ਹੈ ਕਰਾਮਾਤ ਹੋਈ
ਦੋਵੇਂ ਬਾਦਸ਼ਾਹ ਮਿਲਕੇ ਵਿਦਾ ਹੋਏ ਅਗੇ ਅਗੇ ਹੈ ਰਵਾਂ ਜਮਾਤ ਹੋਈ
ਬੜੇ ਨਾਲ ਪ੍ਰੇਮ ਦੇ ਬਿਸ਼ਨ ਸਿੰਘਾ ਦੋਹਾਂ ਧਿਰਾਂ ਦੀ ਹੈ ਗਲ ਬਾਤ ਹੋਈ

{ਮਹਾਰਾਜ ਨੇ ੨੨ ਮਘਰ ਨੂੰ ਕਪੂਰਥਲੇ ਆਕੇ ੨੯ ਨੂੰ ਲਾਹੌਰ ਪਹੁੰ-
ਚਣਾਂ ਤੇ ਕੰਧਾਰ ਤੋਂ ਤੋਫੇ ਆਉਣੇ ਤੇ ਡੇਰੇ ਗਾਜ਼ੀ ਖਾਂ ਤੇ ਚੜ੍ਹਾਈ}

ਬਾਈ ਮਘਰ ਨੂੰ ਰੋਪੜੋਂ ਕੂਚ ਕਰਕੇ ਕਪੂਰਥਲੇ ਆ ਡੇਰੇ ਲਗਾ ਲਏ
ਫੇਰ ਪਹੁੰਚੇ ਉਨੱਤੀ ਲਾਹੌਰ ਆਕੇ ਅਗੋਂ ਤੋਫੇ ਕੰਧਾਰ ਤੋਂ ਆ ਗਏ
ਪਰੋਲ ਖਾਂ ਕੰਧਾਰ ਦਾ ਸੂਬਾ ਜੇਹੜਾ ਤੋਫੇ ਉਸਨੇ ਹੈਣ ਪਠਾ ਲਏ
ਮੀਰ ਅਖੁਰਮ ਸ਼ਾਹ ਹੈ ਲੈ ਆਯਾ ਮਹਾਰਾਜ ਨੇ ਲੈ ਰਖਾ ਲਏ
ਖਿਲਤ ਦੇ ਵਕੀਲ ਨੂੰ ਵਿਦਾ ਕੀਤਾ ਦੀਨਾ ਨਾਥ ਨੇ ਹਾਲ ਸੁਣਾ ਲਏ
ਡੇਰੇ ਗਾਜ਼ੀ ਖਾਂ ਸਾਦਕ ਮੁਹੰਮਦ ਖਾਂ ਜੋ ਉਨਾਂ ਸਾਫ ਜਵਾਬ ਅਲਾ ਲਏ
ਮੈਂ ਨਹੀਂ ਖਿਰਾਜ ਜੇ ਮੂਲ ਦੇਣਾਂ ਮਹਾਰਾਜ ਨੇ ਗੁਸੇ ਨੇ ਖਾ ਲਏ
ਸਿੱਖ ਨਾਲ ਵੰਤੂਰੇ ਦੇ ਬਿਸ਼ਨ ਸਿੰਘਾ ਡੇਰੇ ਗਾਜ਼ੀ ਖਾਂ ਵਲ ਚੜਾ ਲਏ

{ਵੰਤੂਰੇ ਸਾਹਿਬ ਨੇ ਡੇਰੇ ਗਾਜ਼ੀ ਖਾਂ ਦਾ ਮੁਲਕ ਛੀ ਲੱਖ ਜ਼ਬਤ
ਕਰਕੇ ਬਹਾਵਲ ਪੁਰੋਂ ਖਿਰਾਜ ਲੈਕੇ ਲਾਹੌਰ ਆਉਣਾਂ}

ਆਯਾ ਚੜ੍ਹਕੇ ਜਦੋਂ ਵੰਤੂਰਾ ਸਾਹਿਬ ਸੂਬਾ ਅੱਗੋਂ ਹੀ ਕਿਧਰੇ ਧਾ ਗਿਆ
ਛੀ ਲੱਖ ਦਾ ਮੁਲਕ ਸਭ ਜ਼ਬਤ ਕਰਕੇ ਇਹ ਰੋਜ ਦਾ ਝਗੜਾ ਮੁਕਾ ਲਿਆ
ਫੇਰ ਲਿਆ ਖਿਰਾਜ ਬਹਾਵਲ ਪੁਰੋਂ ਮਹਾਰਾਜ ਦਾ ਹੁਕਮ ਵਜਾ ਲਿਆ
ਬਿਸ਼ਨ ਸਿੰਘ ਵੰਤੂਰਾ ਜਰਨੈਲ ਸਾਹਿਬ ਫੇਰ ਵਿਚ ਲਾਹੌਰ ਦੇ ਆ ਗਿਆ

[ਕਸ਼ਮੀਰ ਦੀ ਬੇ ਇੰਤਜ਼ਾਮੀ]

ਸੁਣਕੇ ਖਰਾਬੀ ਹੁਣ ਸੂਬੇ ਕਸ਼ਮੀਰ ਸੰਦੀ ਮਹਾਰਾਜ ਨੇ ਸ਼ੇਰਸਿੰਘ ਘੱਲਿਆ ਜੇ
ਜਮਾਦਾਰ ਨੂੰ ਫੇਰ ਜਾ ਘਲਿਆ ਹੈ ਜਦੋਂ ਪੁਤਰ ਤੋਂ ਕੰਮ ਨ ਚੱਲਿਆ ਜੇ
ਜਮਾਦਾਰ ਨੇ ਓਦੂੰ ਵੀ ਗੋਹ ਗਾਲੀ ਪਾਈ ਵਿੱਚ ਕਸ਼ਮੀਰ ਥਰਥੱਲਿਆ ਜੇ
ਸਤ ਹਜ਼ਾਰ ਕਰਖਾਨਾ ਉਜਾੜ ਦਿਤਾ ਦੁਖ ਬਹੁਤ ਹੀ ਲੋਕਾਂ ਨੇ ਝੱਲਿਆ ਜੇ
ਇਕ ਹਜ਼ਾਰ ਕਰਖਾਨਾ ਪਸ਼ਮੀਨੇ ਸੰਦਾ ਉੜਕ ਰਿਹਾ ਹੈ ਦਲਿਆ ਮੱਲਿਆ ਜੇ
ਜਮਾਂਦਾਰ ਨੂੰ ਉੜਕ ਮਹਾਰਾਜ ਜੀ ਨੇ ਝਟ ਪਟ ਕਸ਼ਮੀਰੋਂ ਉਥੱਲਿਆ ਜੇ
ਕੀਤਾ ਮੀਹਾਂ ਸਿੰਘ ਸੂਬਾ ਹੈ ਬਿਸ਼ਨ ਸਿੰਘਾ ਇੰਤਜ਼ਾਮ ਆ ਏਸਤੋਂ ਖੱਲਿਆ ਜੇ

[ਅਕਾਲੀਆਂ ਦਾ ਦੰਗਾ]

*ਬਰਨਸ ਸਾਹਿਬ ਇੰਗਲੈਂਡ ਤੋਂ ਚਲ ਕਰਕੇ ਏਸ ਦੇਸ ਦੇ ਵਲ ਧਿਆਨ ਕੀਤਾ
ਕਰਾਂ ਕਾਬਲ ਕੰਧਾਰ ਬਪਾਰ ਜਾਕੇ ਨਾਲੇ ਸੈਲ ਦਾ ਹੈ ਧਿਆਨ ਕੀਤਾ
ਜਦੋਂ ਆਯਾ ਫੀਰੋਜ਼ ਪੁਰ ਸਾਹਿਬ ਏਹੋ ਅਗੋਂ ਦੰਗਾ ਅਕਾਲੀਆਂ ਆਨ ਕੀਤਾ
ਨਾਲੇ ਤੰਗ ਕੀਤਾ ਨਾਲੇ ਲੁਟ ਲੀਤਾ ਹਾਲ ਇਹ ਸਰਕਾਰ ਨੇ ਜਾਨ ਲੀਤਾ
ਜਮਾਂਦਾਰ ਨੂੰ ਭੇਜਿਆ ਮਹਾਰਾਜੇ ਬੰਦੋਬਸਤ ਉਨ ਆ ਮਹਾਨ ਕੀਤਾ
ਬੁਰਾ ਕੀਤਾ ਹੈ ਹਾਲ ਅਕਾਲੀਆਂ ਦਾ ਫੜਕੇ ਵਲ ਲਾਹੌਰ ਚਾਲਾਨ ਕੀਤਾ
ਆਯਾ ਸਾਹਿਬ ਨੂੰ ਲੈ ਲਾਹੌਰ ਨਾਲੇ ਮਹਾਰਾਜ ਨੇ ਬੜਾ ਸਨਮਾਨ ਕੀਤਾ
ਰਾਹਦਾਰੀ ਦਾ ਨਾਲ ਪਰਵਾਨਾ ਦਿਤਾ ਦਿਤਾ ਮੋੜ ਜੋ ਸਿੰਘਾਂ ਨੁਕਸਾਨ ਕੀਤਾ
ਇਸ ਅੰਗ੍ਰੇਜ਼ ਨੇ ਆਪਣੇ ਸਫਰ ਅੰਦਰ ਮਹਾਰਾਜ ਦਾ ਹਾਲ ਬਿਆਨ ਕੀਤਾ
ਮਹਾਰਾਜ ਸਰਕਾਰ ਤੋਂ ਆਖਦਾ ਇਹ ਬਾਰ ਬਾਰ ਹਾਂ ਮੈਂ ਕੁਰਬਾਨ ਕੀਤਾ
ਏਸ ਜੇਹਾ ਨਾ ਕੋਈ ਵੀ ਬਿਸ਼ਨ ਸਿੰਘਾ ਸਚ ਸਚ ਹੈ ਮੈਂ ਬਖਾਨ ਕੀਤਾ

[ਸਿੰ: ੧੮੯੯ ਬਿ: ਨੂੰ ਸ਼ਾਹਸ਼ੁਜਾ ਦੀ ਬੇਈਮਾਨੀ]

ਸ਼ਾਹ ਸ਼ੁਜਾ ਨੇ ਕਾਬਲ ਨੂੰ ਲੈਣ ਸੰਦੀ ਹੁਣ ਫੇਰ ਹੈ ਉਠ ਤਿਆਰੀ ਕੀਤੀ
ਮਦਦ ਮੰਗੀ ਮਹਾਰਾਜ ਤੋਂ ਲਿਖ ਕਰਕੇ ਗਲ ਮੰਨ ਮਹਾਰਾਜ ਨੇ ਸਾਰੀ ਲੀਤੀ
ਇਕ ਦਿਨ ਵਿਚ ਦਰਬਾਰ ਦੇ ਸ਼ਾਹ ਸ਼ੁਜਾ ਫੇਰ ਨਿੰਦਾ ਮਹਾਰਾਜ ਦੀ ਜਾਰੀ ਕੀਤੀ
ਸਿਖਾਂ ਕਾਫਰਾਂ ਨੂੰ ਚਾਹੀਏ ਮਾਰਨਾ ਹੀ ਈਕੂੰ ਨਿੰਦਾ ਮਹਾਰਾਜ ਦੀ ਭਾਰੀ ਕੀਤੀ
"ਗਲ ਆਖਦੀ ਹੈ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਦੇਸੋਂ ਕਢਨੀ ਹਾਂ"
ਇਹ ਗਲ ਮਹਾਰਾਜ ਨੇ ਸੁਣ ਕਰਕੇ ਸ਼ਾਹ ਸ਼ੁਜਾ ਦੀ ਬੜੀ *ਖੁਆਰੀ ਕੀਤੀ
ਪਾਪ ਪਾਪੀ ਨੂੰ ਮਾਰਦਾ ਬਿਸ਼ਨ ਸਿੰਘਾ ਸ਼ਾਹ ਸੁਜਾ ਨੇ ਬੁਰੀ ਹੈ ਕਾਰੀ ਕੀਤੀ

{ ਕੌਰ ਖੜਗ ਸਿੰਘ ਨੇ ਸੱਖਰ ਦਾ ਮੁਲਕ ਜ਼ਬਤ ਕਰਕੇ ਵੈਂਤੂਰੇ ਸਾਹਿਬ ਨੂੰ
ਡੇਢ ਲੱਖ ਠੇਕੇ ਤੇ ਦੇਣਾ ਤੇ ਅਲਾਰਡ ਸਾਹਿਬ ਨੇ ਛੁਟੀ ਲੈਕੇ ਵਲੈਤ ਨੂੰ ਜਾਣਾ }

ਕਰ ਸੱਖਰੋਂ ਲੈਣ ਨੂੰ ਖੜਗ ਸਿੰਘ ਜੀ ਏਸੇ ਸਾਲ ਹੀ ਫੌਜ ਲੈ ਆਇਆ ਏ
ਅਗੋਂ ਨਠ ਸਲੂਦ ਖਾਂ ਗਿਆ ਕਿਧਰੇ ਮੁਲਕ ਏਸਦਾ ਸਭ ਦਬਾਇਆ ਏ
ਠੇਕਾ ਦਿਤਾ ਵੈਂਤੂਰੇ ਨੂੰ ਕੌਰ ਜੀ ਨੇ ਡੇਢ ਲੱਖ ਸਲਾਨਾ ਸੁਣਾਇਆ ਏ
ਏਸੇ ਸਾਲ ਜਰਨੈਲ ਅਲਾਰਡ ਸਾਹਿਬ ਛੁਟੀ ਲੈ ਵਲੈਤ ਨੂੰ ਧਾਇਆ ਏ

---

*ਪਹਿਲੇ ਲਾਟ ਸਾਹਿਬ ਨੇ ਵੈਡ ਸਾਹਿਬ ਨੂੰ ਭੇਜਕੇ ਪੁਛਿਆ ਕਿ ਸਰਕਾਰ ਅੰਗ੍ਰੇਜ਼ੀ ਚਾਹੁੰਦੀ ਹੈ ਜੋ ਦਰੀਆ ਸਿੰਧ ਦੇ ਰਸਤੇ ਕਾਬਲ ਕੰਧਾਰ ਪਸ਼ੌਰ ਤਕ ਅੰਗ੍ਰੇਜ਼ੀ ਸੌਦਾਗਰੀ ਹੋਣ ਦੀ ਆਪ ਆਗਿਆ ਦੇਵੋ ਤਾਂ ਚੰਗਾ ਹੈ। ਮਹਾਰਾਜ ਨੇ ਓਦੋਂ ਤਾਂ ਨਾ ਮੰਨੀ ਪਰ ਜਦ ਅੰਗ੍ਰੇਜ਼ਾਂ ਨੇ ਸਿੰਧ ਦੇ ਅਮੀਰਾਂ ਤੋਂ ਏਹੋ ਗਲ ਮਨਜ਼ੂਰ ਕਰਾ ਲਈ ਤਾਂ ਮਹਾਰਾਜ ਨੂੰ ਵੀ ਮੰਨਣੀ ਪਈ ਤਦੋਂ ਹੀ ਇਹ ਲਫਟੰਟ ਲੰਡਨ ਤੋਂ ਆਯਾ ਸੀ।

ਤੀਹ ਪੰਜ, ਹਜਾਰ ਦਾ ਪਸ਼ਮੀਨਾ ਦਸ ਹਜਾਰ ਚਾ ਨਕਦ ਫੜਾਇਆ ਏ
ਬਿਸ਼ਨਸਿੰਘਾ ਸਰਕਾਰੋਂ ਅਲਾਰਡ ਸਾਹਿਬ ਜਾਂਦੇਹੋਏ ਇਨਾਮ ਇਹ ਪਾਇਆ ਏ

{ਸੰ: ੧੮੯੦ ਬਿ: ਨੂੰ ਮਹਾਰਾਜ ਦੀ ਹੋਰ ਸ਼ਾਦੀ ਹੋਣੀ ਅਤੇ ਰਾਜੇ ਅਨੁਰੁਧ ਚੰਦਦੇ ਪੁਤਰਨੂੰ ਰਾਜੇ ਸੁਚੇਤਸਿੰਘ ਨੇਮਹਾਰਾਜ ਪਾਸੋਂ ਜਾਗੀਰ ਦਿਵਾਉਣੀ ਅਤੇ ਮਹਾਰਾਜ ਨੇ ਬੀਮਾਰ ਹੋਣਾ ਅਤੇ ਦੇਵਾ ਸਿੰਘ ਆਤਮਾ ਸਿੰਘ ਤੋਂ ਅੰਮ੍ਰਿਤ ਛਕਕੇ ਭੁੱਲ ਬਖਸ਼ਾਉਣੀ}

ਗੁਲ ਬਹਾਰ ਇਕ ਵੇਸਵਾ ਅਮ੍ਰਿਤਸਰੋਂ ਸੇਹਰੇ ਬੰਨ ਮਹਾਰਾਜ ਵਿਆਹੀ ਹੈ ਜੀ
ਫੇਰ ਰਾਜੇ ਅਨੁਰੁਧ ਦੇ ਬੇਟੇ ਸੰਦੀ ਸੁਚੇਤ ਸਿੰਘ ਸਿਫਾਰਸ਼ ਸੁਣਾਈ ਹੈ ਜੀ
ਦਸ ਹਜਾਰ ਜਗੀਰ ਵਿਚ ਕਾਂਗੜੇ ਦੇ ਸੁਚੇਤ ਸਿੰਘ ਨੇ ਆਪ ਦਵਾਈ ਹੈ ਜੀ
ਵਿਚ ਭਾਦਰੋਂ ਦੇ ਮਹਾਰਾਜ ਹੋਰਾਂ ਬੜੀ ਭਾਰੀ ਬਿਮਾਰੀ ਹੁਣ ਪਾਈ ਹੈ ਜੀ
ਡਰ ਡਰ ਕੇ ਉਠਦੇ ਰਾਤ ਸੁਤੇ ਬੜੀ ਪਾਂਵਦੇ ਆਪ ਦੁਹਾਈ ਹੈ ਜੀ
ਬਹੁਤ ਸਾਰਿਆਂ ਲੋਕਾਂ ਨੇ ਆਖਿਆ ਹੈ ਮੁਸਲਮਾਨੀ ਜੋ ਆਪ ਵਿਆਹੀ ਹੈ ਜੀ
ਓਸੇ ਵੇਲੇ ਮਹਾਰਾਜ ਰਣਜੀਤ ਸਿੰਘ ਨੇ ਭੁਲ ਆਪਣੀ ਸਭ ਬਖਸ਼ਾਈ ਹੈ ਜੀ
ਦੂਜੀ ਵਾਰੀ ਹੁਣ ਫੇਰ ਹੈ ਅਮ੍ਰਿਤ ਛਕਿਆ ਭੁਲ ਸਾਰੀ ਹੀ ਮਾਫ ਕਰਾਈ ਹੈ ਜੀ
ਦੇਵਾ ਸਿੰਘ ਤੇ ਆਤਮਾ ਸਿੰਘ ਹੋਰਾਂ ਤਨਖਾਹ ਯਾਰਾਂ ਹਜਾਰ ਆ ਲਾਈ ਹੈ ਜੀ
†ਮਹਾਰਾਜ ਮਹਾਰਾਜ ਨੂੰ ਬਿਸ਼ਨ ਸਿੰਘਾ ਬੜੀ ਡਾਢੀ ਬਿਮਾਰੀ ਲਗਾਈ ਹੈ ਜੀ

[ਮਹਾਰਾਜ ਨੇ ਗੁਰੂਅਰਜਨ ਸਾਹਿਬਜੀ ਦੀ ਬਾਉਲੀਬਣਵਾਉਣੀ ਤੇ ਰਾਜ਼ੀ ਹੋਣਾ]

ਇਕ ਦਿਨ ਸੁਪਨੇ ਦੇ ਵਿਚ ਗੁਰੂ ਅਰਜਨ ਮਹਾਰਾਜ ਨੂੰ ਆ ਸੁਣਾਇਆ ਹੈ
ਰਾਜੀ ਹੋਵੇਂਗਾ ਜਲ ਪੀ ਬਾਉਲੀ ਦਾ ਇਹ ਸੁਪਨਾ-ਮਹਾਰਾਜ ਨੂੰ ਆਇਆ ਹੈ
ਓਸੇ ਵੇਲੇ ਮਹਾਰਾਜ ਨੇ ਹੁਕਮ ਦੇਕੇ ਤੁਰਕਾਂ ਸੰਦਾ ਮਹਲਾ ਢਹਾਇਆ ਹੈ
ਬਾਉਲੀ ਉਤੇ ਨੇ ਘਰ ਉਸਾਰ ਰਖੇ ਕਿਡਾ ਤੁਰਕਾਂ ਨੇ ਜ਼ੁਲਮ ਕਮਾਇਆ ਹੈ
ਬਾਉਲੀ ਸਾਹਿਬ ਬਣਵਾਕੇ ਮਹਾਰਾਜੇ ਬਾਉਲੀਸਾਹਿਬਤੋਂਜਲ ਕਢਵਾਇਆ ਹੈ

---

*ਮਹਾਰਾਜ ਨੇ ਦੋਸਤ ਮੁਹੰਮਦ ਨੂੰ ਸੀਖ ਦਿਤਾ ਓਸ ਨੇ ਸਾਰੇ ਦੇਸ ਵਿਚ ਡੌਂਡੀ ਫਿਰਾ ਦਿਤੀ ਕਿ ਸ਼ਾਹ ਸੁਜਾ ਈਸਾਈ ਬਣਕੇਹੁਣ ਤੁਹਾਨੂੰ ਬੇਈਮਾਨ ਕਰਨ ਆਯਾ ਹੈ। ਇਹ ਡੰਢੋਰਾ ਸੁਣਕੇ ਸ਼ਾਹ ਸੁਜਾ ਦਾ ਜੀ ਜੀ ਵੈਰੀ ਬਣ ਗਿਆ, ਕੰਧਾਰ ਦੇ ਪਾਸ ਮੁਲਖੱਈਆਂ ਨੇ ਸ਼ਾਹ ਸੁਜਾ ਦਾ ਡੇਰਾ ਲੁਟ ਪੁਟ ਕੇ ਸਾਫ ਕਰ ਦਿਤਾ, ਸ਼ਾਹ ਸੁਜਾ ਮਸਾਂ ੨ ਲੁਧਿਹਾਣੇ ਪੌਹੁੰਚਾ।

†ਏਸੇ ਤਰਾਂ ਬ੍ਰਾਹਮਣਾਂ ਨੇ ੫੧ ਤੋਲੇ ਸੋਨੇ ਦਾ ਪੁਤਲਾ ਬਣਾਕੇ ਪੰਜ ਹਜਾਰ ਰੁਪਯਾ ਨਕਦ ਨਾਲ ਧਰਕੇ ਇਕ ਬ੍ਰਾਹਮਣ ਨੂੰ ਦਿਵਾਯਾ ਅਤੇ ਓਸਦਾ ਕਾਲਾ ਮੂੰਹ ਕਰ ਕਾਲੇ ਘੋੜੇ ਤੇ ਚੜਾਇ ਕਾਲੇ ਕਪੜੇ ਪਹਿਰਾਇ ਛਨਿਛਰ ਵਾਰ ਨੂੰ ਸ਼ੈਹਿਰ ਤੋਂ ਬਾਹਰ ਕਡਵਾ ਦਿਤਾ।

ਜਲ ਪੀਦਿਆਂ ਹੀ ਗਏ ਹੋ ਰਾਜੀ ਰੋਗ ਖਬਰੇ ਹੁਣ ਕਿਧਰ ਨੂੰ ਧਾਇਆ ਹੈ
ਇਹ ਡਬੀ ਬਜਾਰ ਦੇ ਵਿੱਚ ਬਾਉਲੀ ਕਿਨੇ ਈਕੂੰ ਵੀ ਆਖ ਅਲਾਇਆ ਹੈ
ਕਿਸੇ ਸਿਖ ਮਹਾਰਾਜ ਨੂੰ ਬਿਸ਼ਨ ਸਿੰਘਾ ਇਹ ਸਾਰਾ ਹੀ ਹਾਲ ਬਤਾਇਆ ਹੈ

[ਪਸ਼ੌਰ ਦਾ ਗ਼ਦਰ]

ਏਸੇ ਸਮੇਂ ਪਸ਼ੌਰ ਦੇ ਇਰਦ ਗਿਰਦੇ ਬੜਾ ਤੁਰਕਾਂ ਨੇ ਗ਼ਦਰ ਮਚਾਯਾ ਮੁੜਕੇ
ਯੂਸਫ ਜ਼ਈਆਂ ਪਠਾਣਾਂ ਤੇ ਬਾਰਕ ਜ਼ਈਆਂ ਇਹ ਸਾਰਾ ਫਸਾਦ ਉਠਾਯਾ ਮੁੜਕੇ
ਨੌਂ ਨਿਹਾਲ ਸਿੰਘ ਪੋਤਰਾ ਮਹਾਰਾਜੇ ਹਰੀ ਸਿੰਘ ਹੈ ਨਾਲੇ ਚੜ੍ਹਾਯਾ ਮੁੜਕੇ
ਚੰਗੀ ਤਰਾਂ ਪਠਾਣਾਂ ਨੂੰ ਸੋਧਣਾ ਜੇ ਮਹਾਰਾਜ ਨੇ ਹੁਕਮ ਸੁਣਾਯਾ ਮੁੜਕੇ
ਕੋਰਟ ਸਾਹਿਬ ਵੈਂਤੂਰਾ ਜਰਨੈਲ ਸਾਹਿਬ ਏਨਾਂ ਤ੍ਰਾਈਂ ਵੀ ਨਾਲ ਪਠਾਯਾ ਮੁੜਕੇ
ਦਬਾ ਦਬ ਲਾਹੌਰ ਤੋਂ ਤੁਰ ਕਰਕੇ ਇਹ ਦਲ ਪਸ਼ੌਰ ਨੂੰ ਆਯਾ ਮੁੜਕੇ
ਭੱਜੇ ਗਏ ਪਠਾਣ ਤਮਾਮ ਡਰਕੇ ਜਦੋਂ ਖਾਲਸਾ ਸੁਣਿਆ ਹੈ ਧਾਯਾ ਮੁੜਕੇ
ਬਾਰਕ ਜ਼ਈਆਂਦਾ ਹਾਂਕਮਸੁਲਤਾਨਖਾਂਜੋ ਇਨਵੀਕਿਧਰੇਜਾਸਿਰਲੁਕਾਯਾ ਮੁੜਕੇ
ਫੌਜ ਖਾਲਸੇ ਨੇ ਫੇਰ ਬਿਸ਼ਨ ਸਿੰਘਾ ਡੇਰਾ ਵਿਚ ਪਸ਼ੌਰ ਲਗਾਯਾ ਮੁੜਕੇ

{੧੫ ਵੈਸਾਖ ਸੰਃ ੧੮੯੨ ਬਿਃ ਨੂੰ ਪਸ਼ੌਰ ਉਤੇ ਮਹਾਰਾਜੇ ਦਾ ਕਬਜਾ ਹੋਗਿਆ}

ਫੌਜ ਪੰਦ੍ਰਾਂ ਹਜਾਰ ਲੈ ਹਰੀ ਸਿੰਘ ਜੀ ਝਟ ਵਿਚ ਪਸ਼ੌਰ ਦੇ ਆ ਵੜਿਆ
ਹਾਜੀ ਖਾਂ ਦਾ ਦਲ ਵੀ ਦੋ ਘੰਟੇ ਜਾਨਾ ਤੋੜਕੇ ਭਾਵੇਂ ਹੈ ਠੀਕ ਲੜਿਆ
ਐਪਰ ਜੀਉਂਦਾ ਕੋਈ ਨ ਛਡਿਆ ਹੈ ਸਿੰਘਾਂ ਜਦੋਂ ਭਗੌਤੇ ਨੂੰ ਹਥ ਫੜਿਆ
ਓੜਕ ਪੰਦ੍ਹਾਂ ਵੈਸਾਖ ਨੂੰ ਬਿਸ਼ਨ ਸਿੰਘਾ ਸਿੰਘਾਂ ਉਤੇ ਪਸ਼ੌਰ ਤੋਂ ਕਬਜਾ ਕਰਿਆ

[੨੪ ਵੈਸਾਖ ਨੂੰ ਮਹਾਰਾਜ ਨੇ ਆਪ ਵੀ ਆ ਪਹੁੰਚਣਾ]

ਬਸਤੀ ਸਮਝ ਪਸ਼ੌਰ ਬਘਿਯਾੜਾਂ ਸੰਦੀ ਮਹਾਰਾਜ ਵੀ ਕੂਚ ਕਰਾ ਦਿਤੇ
ਤੇਜਾ ਸਿੰਘ ਤੇ ਕੌਰ ਕਸ਼ਮੀਰਾ ਸਿੰਘ ਜੀ ਪਹਿਲੇ ਇਹ ਮਹਾਰਾਜ ਪਠਾ ਦਿਤੇ
ਪਿਛੋਂ ਚਵੀ ਵੈਸਾਖ ਨੂੰ ਆਪ ਆਕੇ ਡੇਰੇ ਵਿਚ ਪਸ਼ੌਰ ਦੇ ਲਾ ਦਿਤੇ
ਏਧਰ ਸਾਹਿਬ ਵੈਂਤੂਰੇ ਤੇ ਹਰੀ ਸਿੰਘ ਨੇ ਵਧ ਵਧ ਕੇ ਹਥ ਵਿਖਾ ਦਿਤੇ
ਇਰਦ ਗਿਰਦ ਪਸ਼ੌਰੋਂ ਪਠਾਣ ਸਾਰੇ ਦੂਰ ਦੂਰ ਤਕ ਦੋਹਾਂ ਭਜਾ ਦਿਤੇ
ਖੈਬਰ ਗਲੇ ਤੋੜੀ ਮੁਲਕ ਮਲ ਕਰਕੇ ਥਾਂ ਥਾਂ ਤੇ ਡੇਰੇ ਲਗਾ ਦਿਤੇ

ਚੇਤ ਸੰਃ ੧੮੯੧ ਬਿਃਨੂੰ ਭਵ੍ਹਾਨੀ ਦਾਸ ਮਹਿਕਮੇ ਮਾਲ ਦੇ ਗੁਜਰ ਨੇ ਮਗਰੋਂ ਪੰਡਿਤ ਦੀਨਾ ਨਾਥ ਨੂੰ ਦੀਵਾਨ ਬਣਾਯਾ ਏਸੇ ਸਾਲ ਗੜ੍ਹੀ ਸ਼ਾਹ (ਜੋ ਬੰਨੂ ਵਲ ਹੈ ਓਥੋਂ) ਦੇ ਜਟਾਂ ਨੇ ਗਦਰ ਮਚਾਕੇ ਸਰਦਾਰ ਕਾਰਦਾਰ ਮਾਰ ਸੁਟੇ, ਮਹਾਰਾਜੇ ਦੇ ਹੁਕਮ ਨਾਲ ਰਾਜੇ ਸੁਚੇਤ ਸਿੰਘ ਨੇ ਓਨਾਂ ਦੀ ਐਸੀ ਭੁਗਤ ਸਵਾਰੀ ਜੋ ਹਾੜੇ ਕਢੱਕੇ ਪੈਰੀਂ ਆ ਪਏ ।

ਬਾਲਾ ਸਾਰ ਦਾ ਕਿਲਾ ਹੁਣ ਫਤੇ ਕਰਕੇ ਹਰਕਨ ਸਾਹਿਬਵੀ ਦਰਸ਼ਨੇ ਆ ਦਿਤੇ
ਕਬਜੇ ਕੀਤਾ ਪਸ਼ੌਰ ਨੂੰ ਬਿਸ਼ਨ ਸਿੰਘਾ ਮਾਰ ਮਾਰ ਪਠਾਣ ਨਸਾ ਦਿਤੇ

[ਸੁਲਤਾਨ ਮੁਹੰਮਦ ਖ਼ਾਂ ਨੇ ਮਹਾਰਾਜ ਨੂੰ ਇਹ ਲਿਖ ਭੇਜਿਆ]

ਮਹਾਰਾਜ ਨੂੰ ਕਿਹਾ ਸੁਲਤਾਨ ਖਾਂ ਨੇ ਤੁਸੀ ਮੈਨੂੰ ਹੀ ਸੂਬਾ ਬਣਾ ਛਡੋ
ਅਗੇ ਵਾਂਗੂੰ ਸਲਾਨਾ ਹੀ ਲਈ ਜਾਵੋ. ਮੇਰੀ ਪੇਟੇ ਪਸ਼ੌਰ ਨੂੰ ਪਾ ਛਡੋ
ਕਾਬਲ ਨਾਲ ਪਸ਼ੌਰ ਇਹ ਲਗਦਾ ਹੈ ਇਸ ਲਈ ਮੈਨੂੰ ਹੀ ਤੁਸੀ ਦਵਾ ਛਡੋ
ਜੇਕਰ ਮੇਰੀ ਇਹ ਮੰਨੋ ਤਾਂ ਬਹੁਤ ਵਾਹਵਾ ਨਹੀ ਤਾਂ ਗਲ ਇਹ ਸੁਣ ਸੁਣਾ ਛਡੋ
ਮੈਂ ਵੀ ਸੁਖ ਦੀ ਨੀਂਦ ਨਾ ਸੌਣ ਦੇਸਾਂ ਸਾਰੇ ਸਿਖਾਂ ਨੂੰ ਤੁਸੀ ਬਤਾ ਛਡੋ
ਮੈਂ ਵੀ ਹਾਂ ਪਠਾਣ ਜਵਾਨ ਭਾਰਾ ਮੇਰੀ ਗਲ ਨਾ ਇਹ ਭੁਲਾ ਛਡੋ
ਮੰਨ ਜਾਓ ਖਾਂ ਨਾਲ ਭਲਮਾਣਸੀ ਦੇ ਅਪਣੇ ਡੇਰੇ ਪਸ਼ੌਰੋਂ ਉਠਾ ਛਡੋ
ਮੈਂ ਬੁਰਾ ਜੇ ਨਹੀਂ ਤਾਂ ਬਿਸ਼ਨ ਸਿੰਘਾ ਗੰਢ ਪੱਲੇ ਨੂੰ ਬੰਨ੍ਹ ਬੰਨ੍ਹਾ ਛਡੋ

[ਮਹਾਰਾਜ ਨੇ ਜਵਾਬ ਲਿਖਣਾਂ]

ਮਹਾਰਾਜ ਨੇ ਸੁਣ ਜਵਾਬ ਦਿਤਾ ਤੁਸਾਂ ਸਾਰਾ ਹੀ ਜ਼ੋਰ ਲਗਾ ਦੇਣਾ
ਜੇਹੜਾ ਐਂਵੇਂ ਤੂੰ ਆਕੜ ਡਰਾਉਂਨਾਏਂ ਅਸਾਂ ਤੈਨੂੰ ਹੈ ਮਾਰ ਮੁਕਾ ਦੇਣਾ
ਜੇਹੜੀ ਕਾਬਲ ਦੀ ਧੌਂਸ ਤੂੰ ਦੇਵਨਾਏਂ ਕਾਬਲ ਤਾਂਈਂ ਵੀ ਹਥ ਵਿਖਾ ਦੇਣਾ
ਅਸੀਂ ਤੇਰਾ ਤੇ ਤੇਰੇ ਹਮੈਤੀਆਂ ਦਾ ਬੀਜ ਨਾਸ ਜਹਾਨੋਂ ਉਠਾ ਦੇਣਾ
ਪਹਿਲੇ ਤੈਨੂੰ ਤਾਂ ਹੁਣੇ ਹੀ ਮਾਰ ਕਰਕੇ ਵੇਖ ਕਾਬਲੋਂ ਪਰੇ ਪੁਚਾ ਦੇਣਾ
ਕਾਬਲ ਵਾਲਿਆਂ ਫੇਰ ਪਠਾਣਾਂ ਤਾਂਈ ਵੇਖ ਕਾਬਲੋਂ ਮਾਰ ਭਜਾ ਦੇਣਾ
ਡੇਰੇ ਵਰਗਿਆਂ ਸਭਨਾਂ ਪਠਾਣਾਂ ਸੰਦਾ ਤੂੰਬਾ ਤੂੰਬਾ ਹੈ ਅਸਾਂ ਉਡਾ ਦੇਣਾ
ਬਿਸ਼ਨ ਸਿੰਘ ਪਸ਼ੌਰ ਕੀ ਮੰਗਨਾਏਂ ਅਸਾਂ ਕਾਬਲ ਆ ਡੇਰਾ ਹੈ ਲਾ ਦੇਣਾ

[ਤਥਾ]

ਅਸਾਂ ਤੈਨੂੰ ਪਸ਼ੌਰ ਨ ਹੁਣ ਦੇਣਾ ਜ਼ੋਰ ਆਪਣਾ ਆ ਲਗਾ ਜਾਈਂ
ਵੰਗਾਂ ਪਹਿਨ ਕੇ ਅਸੀ ਨ ਬੈਠੇ ਏਥੇ ਐਂਵੇਂ ਦੂਰੋਂ ਨ ਸਾਨੂੰ ਡਰਾ ਜਾਈਂ
ਇਕਵਾਰ ਮਦਾਨ ਦੇ ਵਿਚ ਆਕੇ ਹਥ ਅਪਣੇ ਵੇਖ ਵਿਖਾ ਜਾਈਂ
ਜੇਕਰ ਕਲ ਨੂੰ ਆਉਂਣਾਈਂ ਬਿਸ਼ਨ ਸਿੰਘਾ ਬੇਸ਼ਕ ਅੱਜਹੀ ਭੱਜਕੇ ਆ ਜਾਈਂ

{ਏਧਰੋਂ ਮਹਾਰਾਜ ਨੇ ਮਿਸਰ ਸੁਖ ਦਿਆਲ ਨੂੰ ਭੇਜਣਾਂ ਅਤੇ
ਓਧਰੋਂ ਸੁਲਤਾਨ ਖਾਂ ਨੇ ਫੌਜ ਲੈਕੇ ਆਉਂਣਾ ਤੇ ਜੰਗ. ਹੋਣਾ}

ਸੁਖ ਦਿਆਲ ਮਹਾਰਾਜ ਦਾ ਹੁਕਮ ਲਕੇ ਫੌਜ ਲੈਕੇ ਏਧਰੋਂ ਚੜ੍ਹ ਆਯਾ
ਓਧਰੋਂ ਬੜੇ ਪਠਾਣਾਂ ਨੂੰ ਨਾਲ ਲੈਕੇ ਖਾਂ ਸੁਲਤਾਨ ਮੈਦਾਨ ਵੀ ਵੜ ਆਯਾ
ਬਲੇ ਬਲੇ ਜਹਾਦੀਆਂ ਗਾਜ਼ੀਆਂ ਦਾ ਇਕੋ ਵਾਰੀ ਹੀ ਉਠਕੇ ਹੜ ਆਯਾ
ਨਸ ਉਠੇ ਨੇ ਮਾਰਖਾ ਬਿਸ਼ਨ ਸਿੰਘਾ ਜਦੋਂ ਖਾਲਸਾ ਖੰਡੇ ਹੈ ਫੜ ਆਯਾ

[ਜਦ ਸੁਖ ਦਿਆਲ ਦੀ ਫੌਜ ਨੇ ਸੁਲਤਾਨ ਮੁਹੰਮਦ ਖਾਂ ਦੀ
ਫੌਜ ਨੂੰ ਚੰਗੇ ਹਥ ਦਿਖਾਏ ਤਾਂ ਇਸ ਲੜਾਈ ਦਾ ਹਾਲ ਸੁਣਕੇ
ਦੋਸਤ ਮੁਹੰਮਦ ਖਾਂ ਨੂੰ ਸਣ ਪਕੜੀਂ ਅੱਗ ਲੱਗ ਉਠੀ ਅਤੇ
ਏਹਨੇ ਮਹਾਰਾਜ ਨੂੰ ਲਿਖਿਆ]

ਜਾਓ ਛਡ ਪਸ਼ੌਰ ਨੂੰ ਚਲੇ ਜਾਓ ਐਂਵੇਂ ਆਇ ਕਿਉਂ ਜੰਗ ਦੇ ਕਰਨ ਨੂੰ ਓ
ਤੁਹਾਨੂੰ ਹਥ ਪਠਾਣਾਂ ਦੇ ਨਹੀਂ ਲਗੇ ਆਇ ਨਾਲ ਪਠਾਣਾਂ ਦੇ ਲੜਨ ਨੂੰ ਓ
ਅਸਾਂ ਠੀਕ ਯਕੀਨ ਹੈ ਆਪ ਕੀਤਾ ਆਇ ਜਮਦਾ ਘਰ ਹੀ ਭਰਨ ਨੂੰ ਓ
ਡੇਰੇ ਲਾਇ ਪਸ਼ੌਰ ਜੇ ਬਿਸ਼ਨ ਸਿੰਘਾ ਐਂਵੇਂ ਖਾਹ ਮੁਖਾਹ ਹੀ ਮਰਨ ਨੂੰ ਓ

[ਤਥਾ]

ਦੇ ਜਾਓ ਪਸ਼ੌਰ ਸੁਲਤਾਨ ਖਾਂ ਨੂੰ ਤੁਸੀ ਨਾਲ ਭਲਮਾਨਸੀ ਧਾ ਜਾਓ
ਅਗੇ ਵਾਂਗ ਖਿਰਾਜ ਖ਼ਾਂ ਲਈ ਜਾਓ ਡੇਰੇ ਵਿਚੋਂ ਪਸ਼ੌਰੋਂ ਉਠਾ ਜਾਓ
ਇਹ ਬੁਰੇ ਪਠਾਣ ਜੇ ਮਹਾਰਾਜਾ ਏਥੋਂ ਆਪਣਾ ਆਪ ਬਚਾ ਜਾਓ
ਬਾਜ਼ ਆਓ ਖਾਂ ਬਾਜ ਤੋਂ ਬਿਸ਼ਨ ਸਿੰਘਾ ਵਾਂਗੂ ਚਿੜੀ ਦੇ ਖੰਬ ਛੁਡਾ ਜਾਓ

[ਜਵਾਬ ਮਹਾਰਾਜ]

ਬਸ ਐਤਕੀ ਅਸਾਂ ਨਾ ਮੂਲ ਜਾਣਾ ਡੇਰਾ ਵਿਚ ਪਸ਼ੌਰ ਦੇ ਲਾ ਛਡਣਾ
ਬਸ ਐਤਕੀ ਅਸਾਂ ਪਠਾਣਾਂ ਸੰਦਾ ਏਸ ਧਰਤੀ ਤੋਂ ਬੀਜ ਉਠਾ ਛਡਣਾ
ਲਾਹ ਸੁਟਣੀ ਐਤਕੀ ਅਲਖ ਸਾਰੀ ਇੱਕ ਇੱਕ ਨੂੰ ਮਾਰ ਮੁਕਾ ਛਡਣਾ
ਇਹਨਾਂ ਚਿੜੀਆਂ ਹੀ ਬਾਜਾਂ ਨੂੰ ਬਿਸ਼ਨ ਸਿੰਘਾ ਵੇਖੀਂ ਬਾਜ ਹੋ ਹਥ ਵਿਖਾ ਛਡਣਾ,

{ਦੋਸਤ ਮੁਹੰਮਦ ਖਾਂ ਨੇ ਇਹ ਸੁਣਕੇ ਕਈ ਹਜ਼ਾਰ ਜਹਾਦੀ ਗਾਜ਼ੀ
ਮੁਲਖੱਯੇ ਲੈਕੇ ਜਲਾਲਾ ਬਾਦਨੂੰ ਆਉਂਣਾ ਤੇ ਮਹਾਰਾਜ ਵਲੋਂ ਫਕੀਰ
ਅਜ਼ੀਜ਼ ਦੀਨ ਤੇ ਹਰਕਨ ਸਾਹਿਬ ਨੇ ਦੋਸਤ ਖਾਂ ਨੂੰ ਆਕੇ ਸਮਝਾਉਂਣਾ}

ਦੋਸਤ ਹੋਰੀਂ ਮੁਲਖਈਆਂ ਨੂੰ ਨਾਲ ਲੈਕੇ ਨਾਲ ਸਿੱਖਾਂ ਦੇ ਗ਼ਦਰ ਮਚਾਉਂਣ ਆਏ
ਜਦੋਂ ਪਹੁੰਚੇ ਇਹ ਖੈਬਰ ਦੇ ਪਾਸ ਆਕੇ ਓਦੋਂ ਸਿਖਵੀ ਹਥ ਵਿਖਾਉਂਣ ਆਏ
ਰਾਹ ਘਾਟ ਸਭ ਸਿੰਘ ਨੇ ਰੋਕ ਬੈਠੇ ਇਧਰੋਂ ਚਲ ਵਕੀਲ ਸਮਝਾਉਂਣ ਆਏ
ਅਜ਼ੀਜ਼ ਦੀਨ ਤੇ ਮਿਸਟਰ ਹੱਰਕਨ ਸਾਹਿਬ ਰਾਜ ਨੀਤ ਦੀ ਬਾਤ ਸੁਣਾਉਂਣ ਆਏ
ਦੋਸਤ ਖਾਂ ਨੂੰ ਦੋਹਾਂ ਨੇ ਆਨ ਕਿਹਾ ਤੁਸੀ ਕਿਉਂ ਹੋ ਵੈਰ ਵਧਾਉਂਣ ਆਏ
ਮਹਾਰਾਜ ਤੋਂ ਭੈ ਅੰਗ੍ਰੇਜ਼ ਖਾਂਦੇ ਤੁਸੀ ਕਾਸਨੂੰ ਫੌਜ ਮੁਰਵਾਉਂਣ ਆਏ
ਤੁਸੀ ਜੰਗ ਨ ਕਰੋ ਤੇ ਚਲੇ ਜਾਓ ਅਸੀ ਸਾਫ ਹਾਂ ਬਾਤ ਬਤਾਉਂਣ ਆਏ
ਐਸ ਵੇਲੇ ਹੈ ਖਾਲਸਾ ਤੇਜ਼ੀ ਅੰਦਰ ਅਸੀਂ ਆਪ ਨੂੰ ਸੱਚ ਅਲਾਉਂਣ ਆਏ
ਜੇਕਰ ਅੱਧੇ ਵੀ ਖਾਲਸੇ ਛੁਟ ਕਰਕੇ ਐਧਰ ਤੁਹਾਨੂੰ ਨੁਕਸਾਨ ਪਹੁੰਚਾਉਂਣ ਆਏ
ਤੁਸਾਂ ਕੰਨਾਂ ਨੂੰ ਹੱਥ ਨੇ ਲਾ ਦੇਣੇ ਜਦੋਂ ਖਾਲਸੇ ਫਤੇ ਬੁਲਾਉਂਣ ਆਏ
ਤੁਸਾਂ ਆਪੇ ਹੀ ਈਨ ਹੈ ਮੰਨ ਲੈਣੀ ਏਸੇ ਲਈ ਹਾਂ ਅਸੀ ਮਨਾਉਂਣ ਆਏ

ਇੱਜ਼ਤ ਆਪਦੀ ਬਣੀ ਰਹੇ ਅਗੇ ਵਾਂਗੂੰ ਅਸੀ ਝਗੜੇ ਦੀ ਗੱਲ ਮੁਕਾਉਂਣ ਆਏ
ਤਦੋਂ ਤਾਈਂ ਤਾਂ ਸੋਚ ਲੈ ਬਿਸ਼ਨਸਿੰਘਾ ਜਦ ਤਕ ਸਿੰਘ ਨ ਸ਼ੇਰ ਨੇ ਪਾਉਣ ਆਏ

[ਦੋਸਤ ਮੁਹੰਮਦ ਖਾਂ ਨੇ ਫਕੀਰ ਅਜ਼ੀਜ਼ਦੀਨ ਤੇ ਹਰਕਨ ਸਾਹਿਬ ਨੂੰ ਕੈਦ ਕਰਨਾ]

ਸਗੋਂ ਦੋਸਤ ਨੇ ਦੋਹਾਂ ਨੂੰ ਕੈਦ ਕਰਕੇ ਬਸ ਆਪਣੇ ਕੋਲ ਬਹਾ ਲਿਆ
ਪਾਲੇ ਠਰਦੇ ਮਰਦੇ ਬਾਂਦਰ ਤਾਈਂ ਜੀਕੂੰ ਚਿੜੀ ਨੇ ਐਵੇਂ ਸਮਝਾ ਲਿਆ
ਤੁਰੇ ਜਾਂਵਦੇ ਬਾਂਦਰ ਨੂੰ ਮਤ ਦੇਕੇ ਚਿੜੀ ਆਪਣਾ ਆਪ ਗਵਾ ਲਿਆ
ਮੂਰਖ ਤਾਂਈ ਉਪਦੇਸ਼ ਦੇ ਬਿਸ਼ਨ ਸਿੰਘਾ ਦੁਖ ਇਹਨਾਂ ਸਿਆਣਿਆਂ ਪਾ ਲਿਆ

[ਦੋਸਤ ਮੁਹੰਮਦ ਖਾਂ ਨੇ ਦੋਹਾਂ ਨੂੰ ਆਖਣਾ]

ਤੀਜੇ ਦਿਨ ਫਿਰ ਦੋਸਤ ਨੇ ਕਿਹਾ ਆਕੇ ਅਸੀਂ ਜੰਗ ਨਾ ਤਦ ਮਚਾਵਾਂ ਗੇ ਜੀ
ਜੇਕਰ ਸਾਨੂੰ ਪਸ਼ੌਰ ਦਿਵਾ ਦਿਓ ਅਗੇ ਵਾਂਗ ਫਿਰ ਅਸੀ ਰਹਾਵਾਂਗੇ. ਜੀ
ਇੱਕ ਲੱਖ ਰੁਪੱਯਾ ਸਲਾਨਾ ਠੇਕਾ ਅਸੀ ਵਿੱਚ ਲਾਹੌਰ ਪਹੁੰਚਾਵਾਂਗੇ ਜੀ
ਨਾਲੇ ਆਪ ਨੂੰ ਵੀ ਅਸੀ ਛਡ ਦੇਈਏ ਨਾਲੇ ਫੌਜ ਨੂੰ ਮੋੜ ਲਿਆਵਾਂਗੇ ਜੀ
ਜੇਕਰ ਮੰਨੋ ਤੇ ਤਾਂ ਤਾਂ ਬਹੁਤ ਵਾਹ ਵਾਹ ਨਹੀਂ ਤੇ ਅਸੀ ਫਿਰ ਹਥ ਵਿਖਾਵਾਂਗੇ ਜੀ
ਉਰੇ ਉਰੇ ਫਿਰ ਅਟਕ ਤੋਂ ਬਿਸ਼ਨ ਸਿੰਘਾ ਬੀਜ ਸਿਖਾਂ ਦਾ ਅਸੀਂ ਉਠਾਵਾਂਗੇ ਜੀ

[ਜਵਾਬ ਫਕੀਰ ਅਜ਼ੀਜ ਦੀਨ]

ਏਸ ਨਾਲ ਘੁਮੰਡ ਨ ਕੁਛ ਮਿਲਣਾ ਐਂਵੇਂ ਧਮਕੀਆਂ ਦੇ ਵਿਖਾ ਨ ਤੂੰ
ਓਧਰ ਖਾਲਸੇ ਨੇ ਵੰਗਾਂ ਪਹਿਨੀਆਂ ਨਾ ਐਂਵੇਂ ਡੂੰਮਾਂ ਦੇ ਵਾਂਗ ਡਰਾ ਨ ਤੂੰ
ਸਾਨੂੰ ਕੈਦ ਕਰ ਲਿਆ ਤੂੰ ਚੰਗਾ ਕੀਤਾ ਨਾਲ ਛਲ ਦੇ ਈਨ ਮਨਾ ਨ ਤੂੰ
ਚਲ ਸਾਮਣੇ ਲੜ ਖਾਂ ਬਿਸ਼ਨ ਸਿੰਘਾ ਐਵੇਂ ਅਸਾਂ ਦੇ ਵਾਸਤੇ ਪਾ ਨ ਤੂੰ

[ਜੰਗ ਹੋਣਾ ਓੜਕ ਦੋਸਤ ਮੁਹੰਮਦ ਖਾਂ ਨੇ ਹਾਰ ਖਾਕੇ ਕਾਬਲ ਨੂੰ ਨੱਠ ਜਾਣਾ]

ਕੈਦ ਹੋਣਾ ਵਕੀਲਾਂ ਦਾ ਸੁਣ ਕਰਕੇ ਹੱਲਾ ਕਰਕੇ ਖਾਲਸਾ ਆ ਗਿਆ
ਤਿੰਨ ਪਹਿਰ ਹੈ ਬੜਾ ਘਮਸਾਨ ਹੋਯਾ ਦੋਸਤ ਅੰਤ ਨੂੰ ਹਾਰ ਹੈ ਖਾ ਗਿਆ
ਘੋੜਾ ਜੁਆਨ ਮਦਾਨ ਦੇ ਵਿਚ ਮਰਕੇ ਜਮ ਲੋਕ ਨੂੰ ਸੈਂਕੜੇ ਧਾ ਗਿਆ
ਰਾਤੋ ਰਾਤ ਹੀ ਕਾਬਲ ਨੂੰ ਬਿਸ਼ਨ ਸਿੰਘਾ ਦੋਸਤ ਖਾਂ ਤਾਂ ਫੌਜ ਨਠਾ ਗਿਆ

[ਪਸ਼ੌਰ ਦਾ ਬੰਦੋਬਸਤ ਕਰਕੇ ਮਹਾਰਾਜ ਨੇ ਲਾਹੌਰ ਆਉਣਾ]

ਵਡਾ ਸਾਰਾ ਇਕ ਕਿਲਾ ਹੁਣ ਬਣੇ ਏਥੇ ਹਰੀ ਸਿੰਘ ਨੂੰ ਆਪ ਸੁਣਾਇ ਆਏ
ਕੰਮ ਦੀਵਾਨੀ ਦਾ ਰਾਜੇ ਗੁਲਾਬ ਸਿੰਘ ਦੇ ਮਹਾਰਾਜ ਸਪੁਰਦ ਕਰਾਇ ਆਏ
ਕੰਮ ਜੰਗੀਓਟਪਲ ਸਾਹਿਬ ਜੀ ਨੂੰ ਆਉਂਦੇ ਹੋਇ ਮਹਾਰਾਜ ਬਤੰਾਇ ਆਏ
ਸਣੇ ਨੌ ਨਿਹਾਲ ਸਿੰਘ ਬਿਸ਼ਨ ਸਿੰਘਾ ਆਪ ਹੈਨ ਲਾਹੌਰ ਨੂੰ ਧਾਇ ਆਏ

{ਮਹਾਰਾਜ ਨੇ ਸੁਲਤਾਨ ਮੁਹੰਮਦ ਖਾਂ ਨੂੰ ਤੇ ਕੌਰ ਨੌ ਨਿਹਾਲ ਸਿੰਘ ਆਪਣੇ
ਪੋਤ੍ਰੇ ਨੂੰ ਜਗੀਰ ਦੇਣੀ ਅਤੇ ਇੰਗਲਸਤਾਨ ਦੇ ਬਾਦਸ਼ਾਹ ਨੂੰ ਤੋਫੇ ਘਲਣੇ}

ਤਿੰਨ ਲੱਖ ਦਾ ਮੁਲਕ ਘੁਹਾਟ ਵੰਨੀ ਖਾਂ ਸੁਲਤਾਨ ਨੂੰ ਆਪ ਦਵਾਇ ਆਏ

ਜੇਹੜਾ ਜੰਗ ਪਸ਼ੌਰ ਦਾ ਜਿੱਤਿਆ ਹੈ ਨੌ ਨਿਹਾਲ ਸਿੰਘ ਏਹ ਜਤਾਇ ਆਏ
ਸੀਗੀ ਸਾਰੀ ਤਜਵੀਜ਼ ਇਹ ਪੋਤ੍ਰੇ ਦੀ ਏਸ ਜੰਗ ਤੋਂ ਫਤੇ ਜੋ ਪਾਇ ਆਏ
ਏਸੇ ਲਈ ਮਹਾਰਾਜ ਨੇ ਖੁਸ਼ੀ ਹੋਕੇ ਅਪਣੇ ਪੋਤ੍ਰੇ ਤਾਈਂ ਵਡਿਆਇ ਆਏ
ਇਕ ਲੱਖ ਦੀ ਬਖਸ਼ ਜਗੀਰ ਦਿਤੀ ਬੜਾ ਲੈਕ ਮਹਾਰਾਜ ਸੁਣਾਇ ਆਏ
ਏਸੇ ਸਾਲਹੀ ਗੁਜਰਸਿੰਘ ਗੋਬਿੰਦਜਸਨੂੰ ਵਲ ਕਲਕੱਤੇ ਮਹਾਰਾਜ ਪਠਾਇ ਆਏ
ਤੋਫੇ ਘੱਲੇ ਇੰਗਲੈਂਡ ਦੇ ਪਾਤਸ਼ਾਹ ਨੂੰ ਗੁੱਜਰ ਸਿੰਘ ਨੂੰ ਨਾਲੇ ਬਤਾਇ ਆਏ
ਅਪਣੀ ਫੌਜ ਦੇ ਸਾਰਿਆਂ ਘੋੜਿਆਂ ਨੂੰ ਨੰਬਰ ਲਗਣ ਇਹ ਹੁਕਮ ਅਲਾਇ ਆਏ
ਏਸੇ ਸਾਲ ਸਰਕਾਰ ਨੂੰ ਬਿਸ਼ਨ ਸਿੰਘਾ ਦੌਰਾ ਕਰਨ ਦਾ ਚਾ ਹੁਣ ਆਇ ਆਏ

[ਵਟਾਲੇ ਸਿਆਲ ਕੋਟ ਦਾਂ ਦੌਰਾ]

ਏਸੇ . ਸਾਲ ਲਾਹੌਰੋਂ ਤਿਆਰ ਹੋਕੇ ਮਹਾਰਾਜ ਵਟਾਲੇ ਜਾਂ ਆਇਆ ਜੀ
ਸ਼ੇਰ ਸਿੰਘ ਦੇ ਪੁਤਰ .ਪਰਤਾਪ ਸਿੰਘ ਨੇ ਸਿਰ ਬਾਬੇ ਨੂੰ ਆ ਨਿਵਾਇਆ ਜੀ
ਅਗੋਂ ਦੂਰੋਂ ਹੀ ਆਕੇ ਮਿਲ ਪਿਆ ਬੜਾ ਬਾਬੇ ਦਾ ਅਦਬ ਵਜਾਇਆ ਜੀ
ਇਕ ਹਾਥੀ ਦੋ ਘੋੜੇ ਸਮੇਤ ਸਾਜਾਂ ਯਾਰਾਂ ਸੌ ਰੁਪਯਾ ਫੜਾਇਆ ਜੀ
ਇਕ ਸੌ ਇਕ ਕਿਸ਼ਤੀ ਮੇਵੇ ਸੰਦੀ ਜ੍ਵਾਹਰਾਤ ਦਾ ਢੇਰ ਲਗਾਇਆ ਜੀ
ਏਹ ਬਾਬੇ ਦੀ ਆਣਕੇ ਨਜ਼ਰ ਕੀਤੀ ਆਦਰ ਦੇਕੇ ਮਾਨ ਵਧਾਇਆ ਜੀ
ਸੀ ਜਗੀਰ ਵਟਾਲਾ ਪਰਤਾਪਸਿੰਘਦੀ ਇਸਲਈ ਨਜਰਦੇ ਮਾਨ ਰਖਾਇਆ ਜੀ
ਲੈਕ ਦੇਖ ਮਹਾਰਾਜ ਨੇ ਪੋਤ੍ਰੇ ਨੂੰ ਅਪਣੀ ਗੋਦੀ ਦੇ ਵਿਚ ਬਹਾਇਆ ਜੀ
ਬੜਾ ਪਜਾਰ ਕਰਖਿਲਤ ਇਕ ਬਖਸ਼ਿਆ ਹੈ ਕੰਠਾ ਮੋਤੀਆਂ ਦਾ ਗਲਪਾਇਆ ਜੀ
ਫੇਰ ਤਯਾਰ ਵਟਾਲਿਓਂ ਹੋ ਕਰਕੇ ਸਿਆਲਕੋਟ ਆ ਡੇਰੇ ਨੂੰ ਲਾਇਆ ਜੀ
ਅਗੋਂ ਸਿੰਘ ਕਸ਼ਮੀਰਾ ਪਸ਼ੌਰਾ ਸਿੰਘ ਨੇ ਆ ਪਿਤਾ ਨੂੰ ਸਿਰ ਝੁਕਾਇਆ ਜੀ
ਮਾਨ ਰੱਖਿਆ ਪਿਤਾ ਦਾ ਬੜਾ ਭਾਰਾ ਭੇਟਾ ਦੇ ਅਨੰਦ ਮਨਾਇਆ ਜੀ
ਬੇਰ ਬਾਬੇ ਦੀ ਆ ਮਹਾਰਾਜ ਜੀ ਨੇ ਮੋਨਾ ਚੜ੍ਹਨ ਦਾ ਹੁਕਮ ਸੁਣਾਇਅ ਜੀ
*ਬੇਰ ਬਾਬੇ ਮਹਾਰਾਜ ਨੇ ਬਿਸ਼ਨ ਸਿੰਘਾ ਬਹੁਤ ਸਾਰਾ ਰੁਪੱਯਾ ਝੜਾਇਆ ਜੀ

---

*ਏਥੋਂ ਚਲਕੇ ਜੇਹਲਮ ਜਾ ਉਤਰੇ, ਏਸੇ ਸਮੇਂ ਮਹਾਰਾਜ ਨੇ ਆਪਣੇ ਮਾਮੇ ਦੇ ਪੋਤ੍ਰੇ ਰਾਜੇ ਸੰਗਤ ਸਿੰਘ ਜੀਂਦ ਵਾਲੇ ਦਾ ਬੇ ਉਲਾਦ ਮਰਨਾ ਸੁਣਕੇ ਬੜਾ ਸ਼ੋਕ ਕੀਤਾ, ਲਾਹੌਰ ਆਏ ਤਾਂ ਕਪਤਾਨ ਵੈਡ ਸਾਹਿਬ ਨੇ ਲੁਦਿਹਾਣੇ ਤੋਂ ਆਕੇ ਅਰਜ਼ ਕੀਤੀ ਕਿ ਨੁਵਾਬ ਬਹਾਵਲ ਪੁਰੀਏ ਨੇ ਅੰਗ੍ਰੇਜ਼ੀ ਸਰਕਾਰ ਦਾ ਆਸਰਾ ਲੈ ਲੀਤਾ ਹੈ ਅਜ ਤੋਂ ਬਹਾਵਲ ਪੁਰ ਨਾਲ ਆਪਦਾ ਕੋਈ ਵਾਸਤਾ ਨਹੀਂ ਰਿਹਾ, ਮਹਾਰਾਜ ਅੰਦਰੋਂ ਤਾਂ ਬਥੇਰਾ ਸੜੇ ਭੁੱਜੇ, ਪਰ ਬੋਲੇ ਕੁਝ ਨਾ, ਕਿਉਂਕਿ ਬਹਾਵਲ ਪੁਰ ਸਤਲੁਜੋਂ ਪਾਰ ਸੀ, ਇਹ ਬਾਤ ਸੁਣਕੇ ਸਰਦਾਰ ਹਰੀ ਸਿੰਘ ਤੇ ਸ਼ਾਹਜ਼ਾਦੇ ਸ਼ੇਰ ਸਿੰਘ ਨੇ ਅੰਗ੍ਰੇਜ਼ਾਂ ਨਾਲ ਲੜਨ ਦਾ ਬੀੜਾ ਚੁੱਕਣਾ ਚਾਹਿਆ ਪਰ ਮਹਾਰਾਜੇ ਨੇ ਡੋਗਰਿਆਂ ਦੀ ਸਲਾਹ ਵਰਤੀ ਆਗਿਆ ਨ ਦਿਤੀ।

[ਸਾਉਣ ਸੰ: ੧੮੯੩ ਬਿ: ਦਾ ਹਾਲ]

ਆ ਗਿਆ ਪਸ਼ੌਰੋਂ ਗੁਲਾਬ ਸਿੰਘ ਹੈ ਹੋਯਾ ਏਸਨੂੰ ਆ ਅਧਰੰਗ ਸੀ ਜੀ
ਇਸਦੀ ਥਾਂ ਵੰਤੂਰੇ ਨੂੰ ਭੇਜ ਦਿਤਾ ਏਧਰ ਹੋਏ ਮਹਾਰਾਜ ਵੀ ਤੰਗ ਸੀ ਜੀ
ਇਹਨਾਂ ਤਾਈਂ ਵੀ ਆ ਅਧਰੰਗ ਹੋਯਾ ਹੋਈ ਬੰਦ ਜ਼ੁਬਾਨ ਵੀ ਸੰਗ ਸੀ ਜੀ
ਸ਼ਰਾਧਾਂ ਵਿਚ ਮਹਾਰਾਜ ਬੀਮਾਰ ਹੋਏ ਦੇਖ ਹੋਇ ਵਜ਼ੀਰ ਸਭ ਦੰਗ ਸੀ ਜੀ
ਨਜ਼ਰਾਂ ਲੈ ਦੁਸੈਹਰੇ ਤੇ ਲੋਕ ਆਏ ਧਜਾਨ ਸਿੰਘ ਨੇ ਲਈਆਂ ਨਿਸ਼ੰਗ ਸੀ ਜੀ
ਵਿਚ ਬੰਗਲੇ ਚਾਂਦੀ ਦੇ ਬੈਠ ਕਰਕੇ ਧਜ਼ਾਨ ਸਿੰਘ ਨੇ ਕੀਤੀ ਉਮੰਗ ਸੀ ਜੀ
ਰਾਣੀ ਲੱਛਮੀ ਪੁਰ ਫੀਰੋਜ਼ ਵਾਲੀ ਕੀਤੀ ਕਾਲਨੇ ਆਣਕੇ ਭੰਗ ਸੀ ਜੀ
ਠਾਈ ਅਸੂ ਨੂੰ ਬੇ ਉਲਾਦ ਮਰਗਈ ਕੋਈ ਏਸਦਾ ਸਾਕ ਨਾ ਅੰਗ ਸੀ ਜੀ
ਛੌਣੀ ਆ ਫੀਰੋਜਪੁਰ ਪਾ ਲਈ ਕੀਤਾ ਕਿਆ ਅੰਗ੍ਰੇਜ਼ਾਂ ਨੇ ਢੰਗ ਸੀ ਜੀ
ਸ਼ੇਰ ਸਿੰਘ ਨੂੰ ਬੜਾ ਸੀ ਗੁਸਾ ਚੜ੍ਹਿਆ ਹੋਯਾ ਤਿਆਰ ਹੁਣ ਕਰਨ ਨੂੰ ਜੰਗ ਸੀ ਜੀ
ਫਿਗੀ ਉਨ੍ਹਾਂ ਨੇ ਆਣਕੇ ਢਾਹ ਦਿਤੀ ਜੈਹੜੇ ਡੋਗਰੇ ਗਿਦੜ ਕੁਰੰਗ ਸੀ ਜੀ
ਓਸੇ ਵੇਲੇ ਸਭ ਲੋਕ ਨੇ ਕੈਹ ਉਠੇ ਹੋ ਜਾਵੇ ਪੰਜਾਬ ਹੁਣ ਨੰਗ ਸੀ ਜੀ
ਬਿਸ਼ਨ ਸਿੰਘ ਅੰਗ੍ਰੇਜ਼ਾਂ ਪੰਜਾਬ ਲੈਣੀ ਕਿਸੇ ਦਿਨ ਨੂੰ ਦੇਖਣੇ ਰੰਗ ਸੀ ਜੀ

[ਤਥਾ]

ਓਸੇ ਸਮੇਂ ਮਹਾਰਾਜ ਨੇ ਰਾਜੀ ਹੋਏ ਦਾਨ ਕੀਤੇ ਗਰੀਬਾਂ ਨੂੰ ਬੜੇ ਆਕੇ
ਦੀਪਮਾਲ ਨੂੰ ਅੰਮ੍ਰਿਤਸਰ ਮਹਾਰਾਜੇ ਬੜੇ ਭਾਰੇ ਅਨੰਦ ਨੇ ਕਰੇ ਆਕੇ
ਤੇਈ ਕੱਤਕ ਨੂੰ ਜ਼ੋਰਾਵਰ ਸਿੰਘ ਆਯਾ ਅਗੇ ਤੋਫੇ ਮਹਾਰਾਜ ਦੇ ਧਰੇ ਆਕੇ
ਆਯਾ ਫਤੇ ਕਰ ਤਿੱਬਤ ਲੱਦਾਖ ਤਾਈਂ ਕੈਦੀ ਲੋਕ ਜੋ ਏਸ ਸੀ ਫੜੇ ਆਕੇ
ਲਾਂਬੇ ਲੋਕ ਓਹ ਆਪ ਵਜ਼ੀਰ ਹੋਰਾਂ ਅਗੇ ਕੀਤੇ ਮਹਾਰਾਜ ਦੇ ਖੜੇ ਆਕੇ
ਮਹਾਰਾਜ ਵਜ਼ੀਰ ਤੇ ਬਿਸ਼ਨ ਸਿੰਘਾ ਖੁਸ਼ੀ ਹੋਇ ਨੇ ਹੱਦ ਤੋਂ ਪਰੇ ਆਕੇ

[ਤਥਾ]

ਹਿੰਮਤ ਦੇਖ ਵਜ਼ੀਰ ਦੀ ਬੜੀ ਭਾਰੀ ਮਹਾਰਾਜ ਨੇ ਬੜਾ ਵਡਿਆਇਆ ਹੈ
ਦਿੱਤਾ ਖਿੱਲਤ ਜਗੀਰ ਹੈ ਨਾਲ ਬਖਸ਼ੀ ਮਾਨ ਦੇਕੇ ਕੋਲ ਬਹਾਇਆ ਹੈ
ਹੁਕਮ ਹੋਵੇ ਤਾਂ ਚੀਨ ਨੂੰ ਫਤੇ ਕਰਾਂ ਹਥ ਜੋੜ ਵਜ਼ੀਰ ਸੁਣਾਇਆ ਹੈ
ਮਹਾਰਾਜ ਨੇ ਹੱਸਕੇ ਆਖਿਆ ਹੈ ਸਭ ਸੱਚ ਜੋ ਆਪ ਅਲਾਇਆ ਹੈ
ਤੇਰੇ ਜਹੇ ਬਹਾਦਰਾਂ ਸੂਰਿਆਂ ਤੇ ਮੈਨੂੰ ਅਗੇ ਭਰੋਸਾ ਬਤਾਇਆ ਹੈ
*ਫਤੇ ਚੀਨ ਨੂੰ ਕਰਨ ਦਾ ਬਿਸ਼ਨਸਿੰਘਾ ਅਜੇ ਸਮਾਂ ਓਹ ਠੀਕ ਨ ਆਇਆ ਹੈ

* ਗਰਮੀ ਵਿਚ ਲਾਂਬੇ ਲੋਕਾਂ ਨੂੰ ਔਖਿਆਂ ਹੁੰਦਿਆਂ ਦੇਖਕੇ ਲਾਸੇ ਵਿਚ ਪਹੁੰਚਾ ਦਿੱਤਾ, ਤਦੋਂ ਹੀ ਜਨਰਲ ਅਲਾਰਡ ਸਾਹਿਬ ਨੇ (ਜੋ ਛੁਟੀ ਗਿਆ ਸੀ) ਫਰਾਂਸ ਤੋਂ ਆਕੇ ਫਰਾਂਸ ਵਾਲੇ ਬਾਦਸ਼ਾਹ ਦੇ ਖਤ ਤੇ ਤੋਫੇ ਪੇਸ਼ ਕੀਤੇ ਕਿਉਂਕਿ ਮਹਾਰਾਜ ਨੇ ਵੀ ਉਸਦੇ ਹਥ ਤੋਫੇ ਭੇਜੇ ਸਨ, (ਦੇਖੋ ਸਫਾ ਨੰ: ੧੩੫)

{ ਫਗਣ ਸੰ: ੧੮੯੩ ਬਿ: ਨੂੰ ਨੌ ਨਿਹਾਲਸਿੰਘ ਦਾ ਵਿਆਹ ਸਰਦਾਰ ਸ਼ਾਮ-
ਸਿੰਘ ਅਟਾਰੀ ਵਾਲੇ ਦੀ ਸਪੁਤ੍ਰੀ ਨਾਨਕੀ ਨਾਲ ਹੋਣਾ ਤੇ ਮੇਲ ਆਉਂਣਾ }

ਨੌ ਨਿਹਾਲ ਸਿੰਘ ਕੌਰ ਦਾ ਵਿਆਹ ਹੋਣਾਂ ਸਾਰੇ ਰਾਜੇ ਮਹਾਰਾਜੇ ਸਿਰ ਮੌਰ ਆਏ
ਵਡੇ ਵਡੇ ਸਰਦਾਰ ਤੇ ਕਾਰ ਸ਼ਾਹੂ ਮਹਾਰਾਜਿਆਂ ਦੇ ਨਾਲ ਕੌਰ ਆਏ
ਕੈਂਥਲ ਜੀਂਦ ਪਟਿਆਲਾਤੇ ਨਾਭਾਆਯਾ ਬਲਮਗੜ੍ਹ ਗੁਆਲੀਅਰ ਇੰਦੌਰ ਆਏ
ਭਰਤਪੁਰ ਬਹਾਵਲਪੁਰ ਧੌਲਪੁਰ ਵੀ ਗਜਨੀ ਕਾਬਲ ਕੰਧਾਰ ਪਸ਼ੌਰ ਆਏ
ਦੇਸ ਸਿੰਧ ਮੁਲਤਾਨ ਕਸ਼ਮੀਰ ਵਲੋਂ ਅਹਿਲਕਾਰ ਅਮੀਰ ਨੇ ਦੌੜ ਆਏ
ਲਾਰਡ ਸਰ ਹਿਨਰੀ ਫੈਨ ਸਾਹਿਬ ਹੋਰੀ ਵੈਡ ਸਾਹਿਬ ਮਹਾਰਾਜ ਦੇ ਪੌਰ ਆਏ
ਇਹਵੀ ਦੋਵੇਂ ਸਰਕਾਰ ਅੰਗ੍ਰੇਜ਼ੀ ਵਲੋਂ ਫੁਲ ਸੁਕਾਰ ਤੇ ਬਣਕੇ ਭੌਰ ਆਏ
ਦੂਰ ਦੂਰ ਤੋਂ ਲੈ ਤੰਬੋਲ ਭਾਰੇ ਕਈ ਰਾਜੇ ਮਹਾਰਾਜੇ ਨੇ ਔਰ ਆਏ
ਜਮੰਨਾ ਅਟਕ ਦੇ ਅੰਦਰਲੇ ਸਭ ਰਾਜੇ ਸੋਹਣੇ ਜਾਂਞੀਆਂ ਦੇ ਬਣ ਤੌਰ ਆਏ
ਕਈ ਆਪ ਤੇ ਕਈਆਂ ਅਹਿਲਕਾਰ ਭੇਜੇ ਮਹਾਰਾਜ ਦੇ ਕੰਮ ਨੇ ਸੌਰ ਆਏ
ਦੂਾਬਾ ਮੰਡੀ ਸੁਕੇਤ ਤੇ ਚੰਬਾ ਕੁੱਲੂ ਕਰਨ ਗੌਰ ਫਿਲੌਰ ਦਿਸੌਰ ਆਏ
ਮੇਲ ਆਯਾ ਤੰਬੋਲ ਹੈ ਦੇਣ ਸਾਰਾ ਕਈ ਜੱਟ ਤੇ ਖੱਤ੍ਰੀ ਮੌੜ ਆਏ
ਅਮ੍ਰਿਤਸਰ ਆ ਪਹੁੰਚੇ ਨੇ ਬਿਸ਼ਨ ਸਿੰਘਾ ਮਹਾਰਾਜ ਵੀ ਛੱਡ ਲਾਹੌਰ ਆਏ

{ ਮਹਾਰਾਜੇ ਨੇ *ਅਮ੍ਰਿਤਸਰ ਵਿਚ ਸਾਰੇ ਮੇਲ ਦਾ ਅਕੱਠ ਕਰਕੇ
੨੪ ਫਗਣ ਨੂੰ ਤੰਬੋਲ ਲੀਤਾ }

ਸਭ ਤੋਂ ਪਹਿਲੇ ਸਰਕਾਰ ਅੰਗ੍ਰੇਜ਼ੀ ਹੋਰਾਂ ਨਕਦ ਯਾਰਾਂ ਹਜਾਰ ਤੰਬੋਲ ਦਿਤਾ
ਸਵਾ ਲਖ ਵਜੀਰ ਧਿਆਨ ਸਿੰਘ ਨੇ ਹਾਜ਼ਰ ਕਰ ਤੰਬੋਲ ਹੈ ਕੋਲ ਦਿਤਾ
ਰੂਪ ਲਾਲ, ਗੁਲਾਬ, ਸੁਚੇਤ ਸਿੰਘ ਨੇ ਫੇਰ ਆਪਣਾ ਦਿਲ ਹੈ ਖੋਲ ਦਿਤਾ
ਗਿਣ ਗਿਣ ਇਕਵਿੰਜਾ ਹਜਾਰ ਸਭਨਾ ਵਾਹ ਵਾਹ ਤੰਬੋਲ ਅਮੋਲ ਦਿਤਾ
ਗਿਣ ਗਿਣ ਪੰਜਾਹ ਹਜਾਰ ਸਭਨਾਂ ਵਡੇ ਵਡੇ ਸਰਦਾਰਾਂ ਅਤੋਲ ਦਿਤਾ
ਪੰਝੀ ਪੰਝੀ ਹਜ਼ਾਰ ਹੈ ਕਈਆਂ ਆਕੇ ਹਥ ਜੋੜ ਤੰਬੋਲ ਅਡੋਲ ਦਿਤਾ
ਇੱਕ ਇੱਕ ਮਹੀਨਾ ਸਭ ਨੌਕਰਾਂ ਨੇ ਦਿਤਾ ਆਖਿਆ ਕੁਝ ਨ ਬੋਲ ਦਿਤਾ
ਪੰਜਾਹ ਲੱਖ ਤੇ ਪੈਂਠ ਹਜਾਰ ਨਕਦੀ ਉਸੇ ਘੜੀ ਹੈ ਗਿਣਕੇ ਤੋਲ ਦਿਤਾ

(ਪਿਛਲੇ ਸਫੇ ਦੀ ਬਾਕੀ) ਸ਼ਾਹਜਾਦੇ ਖੜਗ ਸਿੰਘ ਤੇ ਕੌਰ ਨੌਂ ਨਿਹਾਲ ਸਿੰਘ ਦੌਰਾ ਕਰਦੇ ਹੋਏ ਜਾਂ ਦਰਿਆ ਸਿੰਧ ਦੇ ਕਿਨਾਰੇ ਪੁੱਜੇ ਤਾਂ ਮੁਲਤਾਨ ਦੇ ਸੂਬੇ ਨੇ ਇਹਨਾਂ ਦੀ ਸ਼ੈਹ ਨਾਲ ਕਿਲਾ ਕਾਨ ਤੇ ਇਲਾਕਾ ਰੂਇ ਜਹਾਨ ਸਿੰਧ ਮੁਲਕ ਵਿੱਚੋਂ ਫਤੇ ਕੀਤਾ ਜੋ ਅੰਗ੍ਰੇਜ਼ਾਂ ਦੇ ਕਹੇ ਫੇਰ ਛਡੇ ਗਏ।

*ਅਮ੍ਰਿਤਸਰ ਲਾਹੌਰ ਦੋਵਾਂ ਸ਼ਹਿਰਾਂ ਵਿਚ ਸ਼ੀਰਨੀ (ਮਠਿਆਈ, ਭਾਜੀ) ਵੰਡੀ ਅਤੇ ਇਸ ਵਿਆਹ ਦਾ ਜਲਸਾ ਅਮ੍ਰਿਤਸਰ ਹੋਯਾ ਹਰ ਇਕ ਨੌਕਰ ਨੂੰ ਪੁਸ਼ਾਕੀ ਬੰਦੀਲ ਸਮੇਤ ਬਖਸ਼ੀ।

ਓਸੇ ਘੜੀ ਇਹ ਐਤਨਾ ਕਠਾ ਹੋਯਾ ਹਥੋ ਹਥੀ ਹੈ ਗਿਣ ਨਿਰੋਲ ਦਿਤਾ
ਹੋਰ ਐਤਨਾ ਰਿਹਾ ਇਕਰਾਰੀ ਬਾਕੀ ਵਾਂਗ ਮਿਟੀ ਦੇ ਸੋਨੇ ਨੂੰ ਫੋਲ ਦਿਤਾ
ਬਿਸ਼ਨ ਸਿੰਘ ਤੰਬੋਲ ਦੇ ਸਮੇਂ ਲੋਕਾਂ ਇਕ ਵਾਰ ਤਾਂ ਅੰਮ੍ਰਿਤ ਹੀ ਘੋਲ ਦਿਤਾ

{ ੨੬ ਫਗਣ ਨੂੰ ਦਰਬਾਰ ਸਾਹਿਬ ਮਥਾ ਟੇਕਕੇ ਅਮ੍ਰਿਤਸਰੋਂ ਅਟਾਰੀ ਨੂੰ ਜੰਞ ਚੜ੍ਹੀ }

ਮਥਾ ਟੇਕਕੇ ਸ੍ਰੀ ਦਰਬਾਰ ਅੰਦਰ ਜੰਞ ਵਲ ਅਟਾਰੀ ਦੇ ਚੜ੍ਹੀ ਜੇ ਜੀ
ਪੰਜ ਲਖ ਬਰਾਤ ਦਾ ਆਦਮੀ ਹੈ ਵੇਖਣ ਵਾਲਿਆਂ ਦੀ ਭੀੜ ਬੜੀ ਜੇ ਜੀ
ਗੋਬਿੰਦ ਗੜ੍ਹ ਦੇ ਕਿਲੇ ਦੇ ਕੋਲੋਂ ਪਹਿਲੇ ਤਜਾਰੀ ਵਲ ਅਟਾਰੀ ਦੇ ਕਰੀ ਜੇ ਜੀ
ਬਿਸ਼ਨ ਸਿੰਘ ਸਲਾਮੀ ਹੈ ਲਈ ਤੋਪਾਂ ਗਗਨ ਵਿਚ ਗੜ੍ਹਗੱਜ ਆ ਪੜੀ ਜੇ ਜੀ

[ਤਥਾ]

ਬਲੇ ਬਲੇ ਸਤਾਰਾਂ ਸੌ ਤੁਰਿਆ ਹਾਥੀ ਹੁੰਦੀ ਘੰਟਿਆਂ ਦੀ ਘਨਘੋਰ ਸੁਣਲੋ
ਰਥਾਂ ਬਹਿਲਾਂ ਨੂੰ ਦਸ ਗਿਣਾਵੇ ਕੇਹੜਾ ਗਡੇ ਗੱਡੀਆਂ ਤੁਰੀਆਂ ਕਰੋੜ ਸੁਣਲੋ
ਕੋਈ ਅੰਤ ਸ਼ੁਮਾਰ ਨਾ ਊਠਾਂ ਸੰਦਾ ਧੂਮ ਧਾਮ ਦਾ ਬੜਾ ਹੈ ਜੋਰ ਸੁਣਲੋ
ਏਸ ਵਿਚ ਵਿਆਹ ਦੇ ਬਿਸ਼ਨ ਸਿੰਘਾ ਰਾਗ ਰੰਗ ਦਾ ਅੰਤ ਨਾ ਹੋਰ ਸੁਣਲੋ

[ਤਥਾ]

ਸੱਤ ਸੌ ਤਾਇਫਾ ਤੁਰਿਆ ਨਾਲ ਆਕੇ ਗਨਕਾ ਵਧ ਸੋ ਵਧ ਮੰਗਾਈ ਦੇਖੋ
ਚੁਣ ਚੁਣ ਕੇ ਦਿੱਲੀ ਲਖਨਊ ਵਿਚੋਂ ਖਾਤਰ ਵਿਆਹ ਦੀ ਹੈ ਬੁਲਾਈ ਦੇਖੋ
ਢਾਡੀ ਰਾਗੀ ਰਬਾਬੀ ਤੇ ਡਫੜਿਆਂ ਦਾ ਇਹ ਵੀ ਅੰਤ ਨ ਆਂਵਦਾ ਕਾਈ ਦੇਖੋ
ਵਾਜੇ ਤੂਤੀਆਂ ਸਾਰੰਗੀ ਢੱਡਾਂ ਵਾਲੇ ਇਹ ਵੀ ਅੰਤ ਸ਼ੁਮਾਰ ਨ ਭਾਈ ਦੇਖੋ
ਢੋਲਾਂ ਤੋਪਾਂ ਦੀ ਐਸੀ ਗੜਗੱਜ ਹੋਈ ਨਹੀਂ ਦੇਂਦੀ ਅਵਾਜ਼ ਸੁਣਾਈ ਦੇਖੋ
ਵਾਰੀ ਵਾਰੀ ਅਗੇ ਤਖਤ ਰਵਾਂ ਉਤੇ ਪਰੀਆਂ ਨਚਦੀਆਂ ਜਾਂਦੀਆਂ ਗਾਈ ਦੇਖੋ
ਸੋਨੇ ਚਾਂਦੀ ਦੇ ਵਰਕਾਂ ਦੇ ਨਾਲ ਜੜਿਆ ਤਖਤ, ਕੀਤੀ ਹੈ ਕਿਆ ਸਫਾਈ ਦੇਖੋ
ਉਤੇ ਮੂਰਤਾਂ ਸੋਹਣੀਆਂ ਸੋਹਣੀਆਂ ਨੇ ਕਿਆ ਸੋਹਣੀ ਹੈ ਕੀਤੀ ਜੜਾਈ ਦੇਖੋ
ਸੋਨੇ ਚਾਂਦੀ ਦੇ ਨਾਲ ਨੇ ਸਜੇ ਘੋੜੇ ਮਗਰ ਤਖਤ ਤੇ ਆਂਵਦੇ ਧਾਈ ਦੇਖੋ
ਕੁੱਦ ਕੁੱਦ ਕੇ ਕਿਆ ਕਲੋਲ ਕਰਦੇ ਜਾਂਦੇ ਪਾਲ ਦੀ ਪਾਲ ਬਣਾਈ ਦੇਖੋ
ਮਗਰ ਮਗਰ ਰਸਾਲਾ ਹੈ ਅੜਦਲ ਸੰਦਾ ਇਕ ਰੰਗ ਦੀ ਬਰਦੀ ਹੈ ਪਾਈ ਦੇਖੋ
ਸੋਨੇ ਨਾਲ ਬਰਾਤੀ ਸਭ ਮੜ੍ਹੇ ਹੋਏ ਘੋੜੇ ਜਾਂਵਦੇ ਹੈਨ ਦੁੜਾਈ ਦੇਖੋ
ਚਾਰ ਚਾਰ ਦੀ ਬਣ ਕਤਾਰ ਸੋਹਣੀ ਮਗਰ ਹਾਥੀਆਂ ਨੂੰ ਆਉਣ ਲਾਈ ਦੇਖੋ
ਸੋਨੇ ਚਾਂਦੀ ਦੇ ਹੌਦੇ ਨੇ ਸਜੇ ਹੋਏ ਮਗਰ ਮਗਰ ਨੇ ਆਉਂਣ ਲਗਾਈ ਦੇਖੋ
ਝੁੱਲਾਂ ਸੋਹਣੀਆਂ ਵੱਜਦੇ ਜਾਣ ਘੰਟੇ ਚਲੋ ਚਲੋ ਹੈ ਜਾਣ ਅਲਾਈ ਦੇਖੋ
ਇਕ ਦੂਜੇ ਨੂੰ ਆਖਦੇ ਵਧੋ ਵਧੋ ਅਗੇ ਅਗੇ ਨੇ ਜਾਣ ਵਧਾਈ ਦੇਖੋ
ਮਗਰ ਮਗਰ ਹਰੇਕ ਹੀ ਰਾਜਿਆਂ ਨੇ ਆਪੋ ਆਪਣੀ ਫੌਜ ਸਜਾਈ ਦੇਖੋ

ਵਖੋ ਵਖਰੀਆਂ ਤੁਰੀਆਂ ਨੇ ਸਭ ਫੌਜਾਂ ਵਧੋ ਵਧੋ ਦੀ ਪਾਈ ਦੁਹਾਈ ਦੇਖੋ
ਅਮ੍ਰਿਤਸਰ ਤੋਂ ਤੁਰਕੇ ਬਿਸ਼ਨ ਸਿੰਘਾ ਜੰਞ ਵੱਲ ਅਟਾਰੀ ਦੇ ਆਈ ਦੇਖੋ

[ਕਵੀ]

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ *ਬੰਦੋਬਸਤ ਨੇ ਅਗੋਂ ਕਰਾਇ ਹੋਏ
ਅਮ੍ਰਿਤਸਰ ਤੋਂ ਲੈ ਅਟਾਰੀ ਤੀਕਰ ਸਾਰੇ ਰਾਹ ਨੇ ਸਾਫ ਬਣਾਇ ਹੋਏ
ਆਗਤ ਭਾਗਤ ਦੇ ਵਾਸਤੇ ਨੌਕਰ ਅਪਣੇ ਥਾਂ ਥਾਂ ਤੇ ਹੈਨ ਬਹਾਇ ਹੋਏ
ਬੈਲਾਂ ਘੋੜਿਆਂ ਵਾਸਤੇ ਰਾਹ 'ਅੰਦਰ ਘਾਸ ਦਾਣੇ ਦੇ ਢੇਰ ਲਵਾਇ ਹੋਏ
ਏਧਰ ਵਿਚ ਅਟਾਰੀ ਦੇ ਜੰਞ ਲਈ ਭਾਂਤ ਭਾਂਤ ਦੇ ਖਾਣੇ ਪਕਾਇ ਹੋਏ
ਭਾਂਤ ਭਾਂਤ ਦੀ ਹੈ ਮਠਿਆਈ ਅਗੇ ਸੋਹਣੇ ਸੋਹਣੇ ਨੇ ਖਾਣੇ ਸਜਾਇ ਹੋਏ
ਰਸਦ ਕੋਠਿਆਂ ਦੇ ਵਿਚ ਪਾਈ ਹੋਈ ਦੇਗਬਰੇ ਵਲਟੋਹੇ ਚੜਾਇ ਹੋਏ
ਹਰ ਇਕ ਹੀ ਕੰਮ ਤੇ ਬਿਸ਼ਨ ਸਿੰਘਾ ਸ਼ਾਮ ਸਿੰਘ ਨੇ ਕਾਮੇਂ ਲਗਾਇ ਹੋਏ

[ਸੋਟ]

ਉਰੇ ਤਿੰਨ ਕੋਹ ਜੰਞ ਅਟਾਰੀਓਂ ਸੀ ਖੁਸ਼ੀ ਦੋਹਾਂ ਨੂੰ ਆਣ ਅਣਤੋਟ ਹੋਈ
ਪੈਰ ਪੈਰ ਤੇ ਅਗੋਂ ਸਲਾਮੀ ਲਈ ਦਬਾ ਦਬ ਹੈ ਤੋਪਾਂ ਦੀ ਛੋਟ ਹੋਈ
ਗੂੰਜ ਉਠਿਆ ਹੈ ਅਕਾਸ ਸਾਰਾ ਜੰਞ ਖੁਸ਼ੀ ਹੋਕੇ ਲੋਟ ਪੋਟ ਹੋਈ
ਏਧਰ ਹੁਕਮ ਮਹਾਰਾਜ ਦੇ ਨਾਲ ਆਕੇ ਸਾਰੇ ਸੋਨੇ ਤੇ ਮੋਹਰਾਂ ਦੀ ਸੋਟ ਹੋਈ
ਥੈਲੇ ਭਰੇ ਰੁਪਏ ਤੇ ਬੁਧਕੀਆਂ ਦੇ ਸੁਟੀ ਗਏ ਨ ਰਤਾ ਵੀ ਟੋਟ ਹੋਈ
ਸਾਰੇ ਰਾਜੇ ਮਹਾਰਾਜੇ ਸਰਦਾਰ ਸਾਰੇ ਸੁਟੀ ਗਏ ਨੇ ਸੋਟ ਨੂੰ ਲੋਟ ਹੋਈ
ਸੋਟ ਸੋਨੇ ਦੀ ਦੇਖਕੇ ਮੰਗਤਿਆਂ ਦੀ ਆਪੋ ਵਿਚ ਦੀ ਬੜੀ ਹੈ ਝੋਟ ਹੋਈ
ਲਾਟ ਸਾਹਿਬ ਜੀ ਤੇ ਮਹਾਰਾਜ ਕੋਲੋਂ ਬੜੀ ਬੁਗਤੀਆਂ ਦੀ ਸੋਟ ਕੋਟ ਹੋਈ
ਦੋਲਤ ਮੁਕਦੀ ਕਾਸਨੂੰ ਬਿਸ਼ਨ ਸਿੰਘਾ ਜਦੋਂ ਇਕ ਅਕਾਲ ਦੀ ਓਟ ਹੋਈ

[ਮਿਲਣੀ]

ਬੜੀ ਭਾਰੀ ਹੈ ਸੋਨੇ ਦੀ ਸੋਟ ਹੋਈ ਰੰਕਾਂ ਤਾਈਂ ਧਨਾਢ ਬਣਾਇਆ ਜੀ
ਸ਼ਾਮ ਸਿੰਘ ਦੇ ਬੂਹੇ ਤੇ ਆਣ ਪਹੁੰਚੇ ਸ਼ਾਮ ਸਿੰਘ ਵੀ ਅਗੋਂ ਹੁਣ ਆਇਆ ਜੀ
ਸ਼ਾਮ ਸਿੰਘ ਦੇ ਅੰਗ ਤੇ ਸਾਕਾਂ ਅੱਗੋਂ ਸੋਹਣਾਂ ਸਮੇਂ ਨੂੰ ਆ ਸੁਹਾਇਆ ਜੀ
"ਹਮ ਘਰ ਆਇ [illegible]ਾਜਨ ਮਹਾਰਾਜਾ" ਏਸ ਸਬਦ ਨੂੰ ਅਗੋਂ ਸੁਣਾਇਆ ਜੀ
ਦੋਹਾਂ ਧਿਰਾਂ ਦੀ [illegible] ਹੈ ਮਿਲਣੀ ਹੋਈ ਸਚਾ ਗੁਰਾਂ ਨੇ ਮੇਲ ਮਿਲਾਇਆ ਜੀ

---

*ਅਟਾਰੀ ਦੇ ਪੰਜ ਪੰਜ ਕੋਹ ਚੁਫੇਰੇ ਖਲਕਤ ਮੇਲੇ ਵਾਂਗੂ ਭੀੜ ਭਾੜ ਹੋਕੇ ਖਲੋ ਗਈ, ਪੰਨ੍ਹੂੰ ੨ ਵੀਹ ੨ ਕੋਹ ਤਕ ਖੇਤੀ ਵਾੜੀ ਦਾ ਨਾਮ ਨਿਸ਼ਾਨ ਨ ਰਿਹਾ, ਤਿੱਨ ਸੌ ਵਾੜਾ ਘਾਹ ਲਕੜੀ ਦਾ ਐਸਾ ਸੀ ਜਿਨਾਂ ਵਿਚ ਹਜਾਰਕੁ ਗਡਾ ਰਾਤ ਦਿਨੇ ਚਲਦਾ ਰਿਹਾ ਸੀ ਰਸਦ ਦੇ ਥਾਂ ਪਰ ਥਾਂ ਢੇਰ ਲਗੇ ਪਏ ਸੀ।

*ਸ਼ਾਮ ਸਿੰਘ ਸਰਦਾਰ ਨੇ ਬਿਸ਼ਨ ਸਿੰਘਾ ਵਾਂਗ ਰਾਜਿਆਂ ਕਰ ਵਿਖਾਇਆ ਜੀ

[ਆਨੰਦ ਵਿਆਹ]

ਆਨੰਦ ਕਾਰਜ ਦੇ ਵਾਸਤੇ ਬੜਾ ਭਾਰਾ ਰਾਤ ਨੌਂ ਵਜੇ ਹੋਯਾ ਢੁਕਾ ਵਾਹ ਵਾਹ
ਲਾਵਾਂ ਪੜ੍ਹੀਆਂ ਤੇ ਫੇਰੇ ਨੇ ਚਾਰ ਲੀਤੇ ਦੂਲੋ ਦੁਲਹਨ ਦਾ ਹੋਯਾ ਵਿਆਹ ਵਾਹ ਵਾਹ
ਓਸ ਵੇਲੇ ਅਕਾਸ ਦੇ ਵਿਚ ਆਕੇ ਹੋ ਉਠਿਆ ਵਾਹ ਤੇ ਵਾਹ ਵਾਹ ਵਾਹ
ਚਾਰੋਂ ਤਰਫ ਮੁਬਾਰਕ ਮੁਬਾਰਕ ਹੋਈ ਹਰ ਇਕ ਹੀ ਰਿਹਾ ਸੁਣਾਇ ਵਾਹ ਵਾਹ
ਹਰ ਇਕ ਦੇ ਮੂੰਹ ਤੋਂ ਨਿਕਲਿਆ ਹੈ ਬਲੇ ਬਲੇ ਵਿਆਹ ਤਾਂ ਆਹ ਵਾਹ ਵਾਹ
ਓਸਵੇਲੇ ਹੁਣ ਇਸਤ੍ਰੀਆਂ ਗੀਤ ਗਾਕੇ ਰਹੀਆਂ ਚਿਤਨੂੰ ਹੈਣ ਚੁਰਾਇ ਵਾਹ ਵਾਹ
ਭਾਂਤ ਭਾਂਤ ਦੇ ਗੀਤਾਂ ਨੂੰ ਗਾਂਦੀਆਂ ਨੇ ਵਾਹ ਹੱਦ ਹੈ ਦਿਤੀ ਮੁਕਾਇ ਵਾਹ ਵਾਹ
ਦੋਹਾਂ ਧਿਰਾਂਨੇ ਓਧਰੋ ਓਧਰੀ ਹੋ ਸੋਹਣਾ ਕਾਰਜ ਨੂੰ ਦਿਤਾ ਨਿਭਾਹ ਵਾਹ ਵਾਹ
ਏਸ ਵਿਚ ਵਿਆਹ ਦੇ ਬਿਸ਼ਨ ਸਿੰਘਾ ਬੜਾ ਭਾਰਾ ਹੈ ਹੋਯਾ ਉਤਸ਼ਾਹ ਵਾਹ ਵਾਹ

[ਰਾਤ ਦਾ ਰਾਗ ਰੰਗ]

ਭਾਂਤ ਭਾਂਤ ਦੇ ਜਲਸੇ ਤੇ ਮਜਲਸਾਂ ਦਾ ਸਾਰੀ ਰਾਤ ਹੀ ਬੜਾ ਅਨੰਦ ਹੋਯਾ
ਰਾਗ ਰੰਗ ਦਾ ਐਸਾ ਅਨੰਦ ਹੋਯਾ ਹਰ ਇਕ ਹੀ ਪਰਮ ਅਨੰਦ ਹੋਯਾ
ਭਾਂਤ ਭਾਂਤ ਦੇ ਨਾਚ ਤੇ ਮੁਜਰੇ ਹੋਏ ਸਾਰੀ ਰਾਤ ਹੀ ਰਾਗ ਨ ਬੰਦ ਹੋਯਾ
†ਲਾਟ ਸਾਹਿਬ ਤਾਂ ਦੇਖਕੇ ਬਿਸ਼ਨ ਸਿੰਘਾ ਖੁਸ਼ੀ ਨਾਲ ਅਨੰਦ ਬੁਲੰਦ ਹੋਯਾ

---

*ਮਹਾਰਾਜ ਤੇ ਲਾਟ ਸਾਹਿਬ ਹਾਥੀ ਉੱਤੋਂ ਮੋਹਰਾਂ ਸਿਟਦੇ ਹੋਇ ਜਦ ਸਰਦਾਰ ਸ਼ਾਮ ਸਿੰਘ ਦੇ ਦਰਵਾਜੇ ਤੇ ਪਹੁੰਚੇ ਤਾਂ ਓਸਨੇ ੧੦੧ ਮੋਹਰ, ੫ ਘੋੜੇ ਸੋਨੇ ਚਾਂਦੀ ਦੀਆਂ ਕਾਠੀਆਂ ਤੇ ਜ਼ੇਵਰਾਂ ਵਾਲੇ ਮਹਾਰਾਜੇ ਦੀ ਨਜ਼ਰ ਕੀਤੇ, ੫੧ ਮੋਹਰਾਂ, ਦੋ ਘੋੜੇ, ਕੌਰ ਖੜਗ ਸਿੰਘ ਦੀ, ਇਕ ਇਕ ਘੋੜਾ ਯਾਰਾਂ ਯਾਰਾਂ ਮੋਹਰਾਂ ਸ਼ੇਰ ਸਿੰਘ ਆਦਿਕ ਸਭ• ਸ਼ਾਹਜ਼ਾਦਿਆਂ ਨੂੰ ਨਜ਼ਰ ਦਿੱਤੀ, ਮਿਲਣੀ ਦੇ ਵੇਲੇ ਤੋਪਾਂ ਕੜਕੀਆਂ, ਗੋਲੇ ਚੱਲੇ, ਆਤਸ਼ ਬਾਜ਼ੀ ਉਡੀ, ਅਨਾਰ ਝਰੇ, ਬੁਰਜ ਉਡੇ, ਹਵਾਈਆਂ ਛਾਈਆਂ, ਚਾਦਰਾਂ ਝਰੀਆਂ, ਚੰਦ ਸੂਰਜ ਚੜ੍ਹਾਇ, ਜ਼ਿਮੀਂ ਅਸਮਾਨ ਜੋਤ ਮਈ ਹੋ ਗਿਆ, ਬਾਗ ਫੁਲਵਾਰੀ ਲੁਟੀ ਗਈ, ਨਾਮੀ ਰਾਜੇ ਤੇ ਸਰਦਾਰ ਤੇ ਲਾਟ ਸਾਹਿਬ ਸਮੇਤ ਮਹਾਰਾਜ ਸ਼ਾਮ ਸਿੰਘ ਦੇ ਘਰ ਗਏ, ਮਹਾਰਾਜੇ ਦੀ ਪੁਸ਼ਾਕ ਜ਼ੇਵਰੀ ਕੰਠਾ ਮਾਲਾ ਰਤਨ ਜਟਤ ਤਾਰਿਆਂ ਵਾਂਗੂ ਝਲਕ ਤੇ ਕੋਹਨੂਰ ਡੌਲੇ ਉਤੇ ਚੰਦ੍ਰਮਾਂ ਜੈਸੀ ਛਬ ਦੇ ਰਿਹਾ ਸੀ, ਪੰਜੇ ਸ਼ਾਹਜ਼ਾਦੇ ਤੇ ਰਾਜੇ ਹੀਰਾ ਸਿੰਘ ਜੇਹੇ ਅਜੇਹੇ ਅਨੇਕ ਰਾਜਿਆਂ ਦੇ ਪੁਤ ਹੀਰੇ ਮੋਤੀਆਂ ਨਾਲ ਮੜੇ ਹੋਏ ਅਧਭੁਤ ਸੋਭ ਰਹੇ ਸਨ।

†ਉਸ ਸਮੇਂ ਦੀ ਬਿਭੈ ਤੇ ਰਚਨਾਂ ਨੂੰ ਦੇਖ ੨ ਲਾਟ ਸਾਹਿਬ ਤੇ ਹੋਰ ਅੰਗ੍ਰੇਜ਼ ਰਾਜੇ ਮਹਾਰਾਜੇ ਸਭ ਹੱਕੇ ਬੱਕੇ ਹੋ ਰਹੇ ਸਨ ।

[ਦਾਜ]

ਜਿਸ ਵੇਲੇ ਨੇ ਖਟ ਦੇ ਉਤੇ ਬੈਠੇ ਸ਼ਾਮ ਸਿੰਘ ਨੇ ਦਿਤਾ ਏਹ ਦਾਜ ਪਿਆਰੇ
ਇਕ ਸੌ ਇਕ ਘੋੜਾ,ਇਕਸੌ ਇਕ ਗਊ,ਇਕ ਸੌ ਇਕਹੈਮੈਂਹਬਿਰਾਜ ਪਿਆਰੇ
ਇਕ ਸੌ ਇਕ ਹੈ ਊਠ ਤੇ ਯਾਰਾਂ ਹਾਥੀ ਸੋਨੇ ਚਾਂਦੀ ਦਾ ਪਾਕੇ ਸਾਜ ਪਿਆਰੇ
ਹੌਦੇ ਕਾਠੀਆਂਤੇ ਝੁਲਾਂ ਸਜੀਆਂ ਹੋਈਆਂ ਸਭ ਸੋਨੇ ਦੇ ਨਾਲ ਨੇ ਆਜ ਪਿਆਰੇ
ਬਰਤਨ ਦਿਤੇ ਇਕਵਿੰਜਾ ਹਜਾਰ ਸੰਦੇ ਗੈਹਣਾਂ ਏਤਨਾਂ ਹੀ ਸਿਰਤਾਜ ਪਿਆਰੇ
ਬਸਤਰ ਦਿਤੇ ਇਕਵਿੰਜਾ ਹਜ਼ਾਰ ਏਨੇ ਗਿਣੀ ਜਾਵਣਾ ਦਿਤੀ ਅਵਾਜ਼ ਪਿਆਰੇ
ਢਾਈ ਲੱਖ ਦਾ ਹੀਰਾ ਤੇ ਮੋਤੀ ਦਿਤਾ ਨਾਲੇ ਆਖਿਆ ਰਖਣੀ ਲਾਜ ਪਿਆਰੇ
ਹੋਰ ਨਕਦ ਇਕਵਿੰਜਾ ਹਜ਼ਾਰ ਦਿਤਾ ਬਾਕੀ ਕੌਣ ਹੁਨ ਗਿਣੇ ਸਮਾਜ ਪਿਆਰੇ
ਹੋਰ ਸਭਨਾਂ ਸਰਦਾਰਾਂਤੇ ਰਾਜਿਆਂ ਨੂੰ ਲਾਟ ਸਾਹਿਬ ਨੂੰ ਵੀ ਦਿਤਾ ਤਾਜ ਪਿਆਰੇ
*ਸ਼ਾਮਸਿੰਘ ਸਰਦਾਰ ਨੇ. ਬਿਸ਼ਨਸਿੰਘ ਬੜਾਸੋਹਣਾ ਨਿਭਾਯਾ ਹੈ ਕਾਜ ਪਿਆਰੇ

†[ਵਾੜਾ]

ਅਗਲੇ ਦਿਨ ਸਵੇਰ ਨੂੰ ਉਠ ਕਰਕੇ ਵਾੜੇ ਸੰਦੇ ਇੰਤਜ਼ਾਮ ਕਰਾਏਨੇ ਜੀ
ਮੰਗਤੇ ਕੁਲ ਪੰਜਾਬ ਦੇ ਕਠੇ ਕਰਕੇ ਤਿੰਨਾਂ ਕੋਹਾਂ ਦੇ ਵਿਚ ਬਹਾਏਨੇ ਜੀ
ਆਸ ਪਾਸ ਹੁਣ ਫੌਜਦਾ ਕੋਟ ਕਰਕੇ ਚੰਗੀ ਤਰਾਂ ਚਾ ਪਹਿਰੇ ਲਗਾਏਨੇ ਜੀ
ਸਾਰੇ ਮੰਗਤਿਆਂ ਨੂੰ ਅੰਦਰ ਘੇਰ ਕਰਕੇ ਵਡੇ ਚਾਰ ਦਰਵਾਜੇ ਰਖਾਏਨੇ ਜੀ
ਹਰ ਇਕ ਬ੍ਰਾਹਮਣ ਫਕੀਰ ਤਾਈਂ ਪੰਜ ਪੰਜ ਰੁਪਏ ਫੜਾਏਨੇ ਜੀ
ਹੋਰ ਲੋਕਾਂ ਕਮੀਨਾਂ ਨੂੰ ਦੋ ਦੋ ਦੇ ਕੇ ਸਭ ਵਾੜਿਓਂ ਬਾਹਰ ਲੰਘਾਇਨੇ ਜੀ

---

*ਲਾਟ ਸਾਹਿਬ ਨੂੰ ਯਾਰਾਂ ਹਜ਼ਾਰ ਦੀ ਖਿਲਤ ਸਭ ਸ਼ਾਹਜ਼ਾਦਿਆਂ ਤੇ ਦੂਲੋ ਨੂੰ ਪੁਸ਼ਾਕੀਆਂ ਜ਼ੇਵਰ ਇਕ ੨ ਛਟੀ ਜਵਾਹਰਾਤ ਦੀ ਜੜੀ ਹੋਈ, ਏਸੇਤਰਾਂ ਬਹੁਤ ਕੁਛ ਸਰਦਾਰ ਸ਼ਾਮ ਸਿੰਘ ਨੇ ਦਿਤਾ, ਓਸ ਰਾਤ ਨੂੰ ਵੀ ਅਤੀ ਅਨੰਦ ਦਾ ਚੰਦ ਪ੍ਰਕਾਸ਼ਿਆ ਜੋ ਦੂਰ ਦੂਰ ਤੋਂ ਮਸ਼ਹੂਰ ਗਨਕਾ ਆਈਆਂ ਸਨ ਨਚਦੀਆਂ ਗਾਉਂਦੀਆਂ ਸਭ ਦੇ ਮਨ ਚੁਰਾਉਂਦੀਆਂ ਪਰ-ਚਾਉਂਦੀਆਂ ਰਹੀਆਂ ਪਿਆਲਾ ਅੰਗੂਰੀ ਸ਼ਰਾਬ ਦਾ ਚਲਦਾ ਰਿਹਾ ਓਸ ਸਮੇਂ ਦਾ ਅਨੰਦ ਕਥਨ ਤੋਂ ਬਾਹਰਾ ਹੈ।

†ਬਾਈ ਲੱਖ ਰੁਪੱਯਾ ਵਾੜੇ ਦੀ ਖ਼ਰਾਇਤ ਤੇ ਹੋਰ ਡੂੰਮ ਗਨਕਾ ਭੱਟ ਨਕਲੀਏ ਖੁਸਰੇ ਜੋ ਬੇਸ਼ੁਮਾਰ ਆਇ ਹੋਇ ਸਨ ਯਾਰਾਂ ਯਾਰਾਂ ਰੁਪੱਏ ਤੋਂ ਲੈਕੇ ਸੌ ਸੌ ਤਕ ਜੀ ਜੀ ਪ੍ਰਤੀ ਯਥਾ ਯੋਗ ਉਨ੍ਹਾਂ ਨੂੰ ਦਿਤੇ ਬਾਕੀ ਜਾਈਆਂ ਮਾਈਆਂ ਦਾ ਸਭ ਖਰਚ ਪਾਕੇ ਇਕ ਕਰੋੜ ਬਹੱਤ੍ਰ ਲੱਖ ਰੁਪੱਯਾ ਏਸ ਵਿਆਹ ਤੇ ਮਹਾਰਾਜੇ ਦਾ ਖਰਚ ਹੋਯਾ ਸੋਈਓ ਤੰਬੋਲ ਤੇ ਦਾਤ ਦਾ ਆਗਿਆ।

† ਇਕ ਫਕੀਰ ਨੇ ਕਰਕੇ ਕੱਠੇ ਕੀੜੇ ਬਹੁਤ ਸਾਰੇ ਵਿਚ ਤੂੰਬੇ ਦੇ ਪਾਇਣੇ ਜੀ
ਤੂੰਬਾਂ ਭਰਕੇ ਦੌੜਕੇ ਆ ਕਰਕੇ ਹਰੀ ਸਿੰਘ ਨੂੰ ਕੀੜੇ ਵਖਾਇਣੇ ਜੀ
ਜੀ ਜੀ ਪ੍ਰਤੀ ਮੈਨੂੰ ਦਿਓ ਵਾੜਾ ਉਸ ਫਕੀਰ ਇਹ ਬਚਨ ਅਲਾਇਣੇ ਜੀ
ਹਰੀ ਸਿੰਘ ਨੇ ਤਦੋਂ ਦਲੇਰ ਹੋਕੇ ਓਹ ਸਾਰੇ ਹੀ ਕੀੜੇ ਛੁਡਾਇਣੇ ਜੀ
ਤੂੰਬਾ ਬੁਗਤੀਆਂ ਦੇ ਨਾਲ ਭਰ ਦਿਤਾ ਕੀੜੇ ਸਾਰੇ ਹੀ ਓਹ ਬਚਾਇਣੇ ਜੀ
ਮਹਾਰਾਜ ਇਹ ਸੁਣ ਕੇ ਹਾਲ ਸਾਰਾ ਝਟ.ਕੋਲ ਸਰਦਾਰ ਦੇ ਆਏਣੇ ਜੀ
ਹਰੀ ਸਿੰਘ ਨੂੰ ਬਹੁਤ ਹੀ ਖੁਸ਼ੀ ਹੋਕੇ ਮਹਾਰਾਜ ਨੇ ਬਚਨ ਸੁਣਾਏਣੇ ਜੀ
ਬਿਸ਼ਨ ਸਿੰਘ ਇਹ ਬਹੁਤ ਹੀ ਹਛਾ ਕੀਤਾ ਆਪੋ ਵਿਚ ਦੀ ਹਸੇ ਹਸਾਇਣੇ ਜੀ

[ਬਿਦਾਇਗੀ ਦੇਣ ਲਗਿਆਂ ਸ਼ਾਮ ਸਿੰਘ ਨੇ ਰਣਜੀਤ ਸਿੰਘ ਅਗੇ ਬੇਨਤੀ ਕਰਨੀ]

ਅੱਖੀਂ ਭਰਕੇ ਆਖਿਆ ਸ਼ਾਮ ਸਿੰਘ ਨੇ ਤੇਰੇ ਜਿਹਾ ਨ ਹੈ ਸਿਰਤਾਜ ਕੋਈ
ਮੇਰੇ ਜੇਹਾ ਨ ਗ੍ਰੀਬ ਕੰਗਾਲ ਕੋਈ ਤੇਰੇ ਜਿਹਾ ਨ ਗਰੀਬਨਿਵਾਜ ਕੋਈ
ਬੜੀ ਆਜਜ਼ੀ ਨਾਲ ਇਹ ਆਖਿਆ ਹੈ ਤੇਰੇ ਜਿਹਾ ਨ ਹੈ ਮਹਾਰਾਜ ਕੋਈ
ਕੀਤਾ ਘਰ ਪਵਿੱਤ੍ਰ ਗਰੀਬ ਸਿੰਦਾ ਰਖ ਲਈ ਜੇ ਦਾਸਦੀ ਲਾਜ ਕੋਈ
ਤੁਸੀਂ ਮਹਾਰਾਜੇ ਮੈਂ ਕੰਗਾਲ ਸੀਗਾ ਦੇ ਸਕਿਆ ਮੈਂ ਨ ਦਾਜ ਕੋਈ
‡ ਬਿਸ਼ਨ ਸਿੰਘ ਨੂੰ ਆ ਨਿਹਾਲ ਕੀਤਾ ਤੇਰੇ ਜਿਹਾ ਮਹਾਰਾਜ ਨ ਆਜ ਕੋਈ

[ਲਾਹੌਰ ਆਕੇ ਲਾਟ ਸਾਹਿਬਨੇ ਮਹਾਰਾਜ ਨੂੰ ਤੋਫੇ ਦੇਣੇ]

ਲਾਟ ਸਾਹਿਬ ਅਤੇ ਮਹਾਰਾਜ ਜੀਨੇ ਜਦੋਂ ਵਿਚ ਲਾਹੌਰ ਪਰਵੇਸ਼ ਕੀਤੇ
ਲਾਟ ਸਾਹਿਬ ਜੀਨੇ ਤਦੋਂ ਆ ਕਰਕੇ ਇਹ ਤੋਫੇ ਮਹਾਰਾਜ ਦੇ ਪੇਸ਼ ਕੀਤੇ

---

† ਇਹ ਗਲ ਅਖੀਂ ਵੇਖੀ ਮੇਰੀ ਦਾਦੀਰੂਪ ਕੌਰਨੇ ਮੇਰੀ ਮਾ ਨੂੰ ਸੁਣਾਈ ਹੈ ਤੇ ਮੈਂ ਆਪਣੀ ਮਾਤਾ ਪਾਸੋਂ ਸੁਣੀ ਹੈ।

‡ ਦੁਲਹਨ ਨੂੰ ਸੋਨੇ ਦੀ ਪਾਲਕੀ ਵਿਚ ਪਾਕੇ ਸਰਦਾਰ ਸ਼ਾਮ ਸਿੰਘ ਨੇ ਵਿਦਾ ਕੀਤਾ, ਮਹਾਰਾਜਨੇ ਸ਼ਾਮ ਸਿੰਘ ਦੀ ਬਹੁਤ ਅਧੀਨਗੀ ਦੇਖਕੇ ਜਫੀ ਵਿਚ ਭੁਰ ਲਿਆ ਅਤੇ ਵਿਦਾ ਹੋਕੇ ਲਾਟ ਸਾਹਿਬ ਸਮੇਤ ਲਾਹੌਰ ਸ਼ਾਲਾ ਮਾਰ ਬਾਗ ਉਤਰੇ, ਪੰਜ ਦਿਨ ਐਸੇ ੨ ਸੁਖਦੇ ਰਾਗ ਦਿਖਾਦਿ ਜੋ ਲਾਟ ਸਾਹਿਬ ਨੂੰ ਸਾਰੀ ਉਮਰ ਨਹੀਂ ਭੁਲੇ ਹੋਣਗੇ, ਸਭ ਨੂੰ ਹੋਲੀਆਂ ਖਿਡਾਈਆਂ, ਦਰਬਾਰ ਦੇ ਰਾਗ ਰੰਗ ਨਾਚ ਮੁਜਰੇ ਹੁੰਦੇ ਰਹੇ, ੩ ਚੇਤ੍ਰ ਨੂੰ ਲਾਹੌਰ ਦੇ ਨਾਮੀ ੨ ਬਾਗ ਦੇ.ਮਕਾਨ ਦਿਖਾਏ ਚਾਰ ਨੂੰ ਆਪ ਓਸਦੇ ਤੰਬੂ ਵਿਚ ਮੁਲਾਕਾਤ ਆ ਕੀਤੀ ਤਰਾਂ ਤਰਾਂ ਦੇ ਗੁੰਝਲਾਂ ਵਾਲੇ ਪ੍ਰਸ਼ਨ ਰਾਜਨੀਤ ਦੇ ਕਰੇ ਜਿਨਾਂ ਦੇ ਉੱਤਰ ਕੁਝ ਤਾਂ ਲਾਟ ਸਾਹਿਬ ਤੇ ਓਸਦੇ ਸਕੱਤ੍ਰਾਂ ਨੇ.ਸੋਚ ਸੋਚ ਕੇ ਦਿਤੇ ਕੁਛ ਵਿਚੇ ਰਹੇ,ਜਦ ਅਣਪੜ੍ਹ ਮਹਾਰਾਜ ਦੀਅਕਲ ਤੇ ਰਾਜਨੀਤੀ ਅਤੇ ਮਾਯਾ ਦੇ ਚਮਤਕਾਰੇ ਦੇਖਕੇ ਸਭ ਅੰਗ੍ਰੇਜ਼ ਹੱਕੇ ਬੱਕੇ ਰਹਿ ਗਏ ਜਿਨਾਂਨੇ ਓੜਕ ਇਹੋ ਆਖਿਆ ਕਿ ਇਹ ਕੋਈ ਦੇਵਤਾ ਯਾ ਅਵਤਾਰ ਹੈ।

ਦੋ ਬੰਦੂਕਾਂ ਪਸਤੌਲ ਤੇ ਇਕ ਹਾਥੀ ਅੱਠ ਘੋੜੇ ਵੀ ਪੇਸ਼ ਨਰੇਸ ਕੀਤੇ
ਅਕਵਿੰਜਾ ਕਿਸ਼ਤੀਆਂ ਨਾਲੇ ਜ੍ਵਾਹਰਾਤ ਦੀਆਂ ਇਹ ਦੇ ਹੰਕਾਰ ਨੇ ਲੇਸ ਕੀਤੇ

ਨੋਟ:—ਲਾਟ ਸਾਹਿਬ ਨੇ ਆਪਣੇ ਤੋਪਖਾਨੇ ਦੀ ਕੁਵਾਇਦ ਦਿਖਾਈ ਗੋਲੰਦਾਜ਼ ਨੇ ਚਾਰ ਸੌ ਗਜ ਉਤੋਂ ਨਿਸ਼ਾਨੇ ਉਡਾਇ, ਦੌੜੇ ਜਾਂਦੇ ਘੋੜੇ ਲੰਮੇ ਪਾਇ, ਤੋਪਾਂ ਦੇ ਡੱਕਰੇ ੨ ਵਖਰੇ ਕਰ ਕਰ ਛਿਨ ਭਰ ਵਿਚ ਫੇਰ ਜੋੜਕੇ ਦੌੜਾਕੇ ਲੈ ਗਏ ਇਸ ਸਿਤਮ ਨੂੰ ਦੇਖਕੇ ਮਹਾਰਾਜ ਵ੍ਹੀ ਦੰਗ ਹੋਏ, ਲਾਟ ਸਾਹਿਬ ਨੇ ਗਿੱਬ ਗਿਬ ਦੇ ਓਹਨਾਂ ਤੋਪਾਂ ਦੀ ਮਹਿਮਾ ਸੁਣਾਈ ਏਹੋ ਤੋਪਾਂ ਪਹਾੜਾਂ ਦੀ ਲਹਾਈ ਚੜਾਈ ਵਿਚ ਕੰਮ ਦਿੰਦੀਆਂ ਸਨ ਜਿਨ੍ਹਾਂ ਦਾ ਇਕ ੨ ਡੱਕਰਾ ਜੁਦਾ ਜੁਦਾ ਕਰਕੇ ਜਿੱਥੇ ਚਾਹੇ ਆਦਮੀ ਲੈ ਜਾਏ। ਮਹਾਰਾਜ ਨੇ ਬਾਰਾਂ ਸੌ ਰੁਪੱਯਾ ਅੰਗ੍ਰੇਜੀ ਗੋਲੰਦਾਜ਼ ਨੂੰ ਇਨਾਮ ਬਖਸ਼ਿਆ ਹੋਰ ਫੌਜਦੀ ਕੁਵਾਇਦ ਦੇਖੀ, ੫ ਚੇਤ ਨੂੰ ਮਹਾਰਾਜੇ ਨੇ ਆਪਣੀ ੧੯ ਹਜਾਰ ਫੌਜ ਦੀ ਕੁਵਾਇਦ ਜੋ ਅੰਗ੍ਰੇਜ਼ੀ ਅਫਸਰਾਂ ਨੇ ਸਿਖਾਈ ਹੋਈ ਸੀ ਲਾਟ ਜਾਹਿਬ ਨੂੰ ਵਿਖਾਈ, ਸਿੰਘੀ ਫੌਜਦੀ ਕੁਵਾਇਦ ਤੇ ਬਰਦੀ ਜੋ ਸੋਨੇ ਚਾਂਦੀ ਦੀ ਮੜੀ ਹੋਈ ਸੀ ਝਰੇਸੀ ਤੇ ਸਫਾਈ ਝਿਲਮਿਲ ੨ ਕਰਦੀ ਹੋਈ ਦੇਖਕੇ ਸਭ ਅੰਗ੍ਰੇਜ ਅਚੰਭਾ ਮੰਨਗਏ, ਫੇਰਘੁੜਨੈਲੀ ਤੋਪਾਂ ਦੀ ਕੁਵਾਇਦ ਦੇਖਕੇ ਚਮੜੇ ਦੀਆਂ ਤੋਪਾਂ ਜਿੰਨਾਂ ਦਸਾਂ ਦਸਾਂ ਨੂੰ ਇਕ ਇਕ ਆਦਮੀ ਬੁਕਲ ਵਿਚ ਉਠਾ ਕੇ ਬਿਖੜੇ ਪਹਾੜਾਂ ਉਤੇ ਲੈ ਜਾ ਸਕਦਾ ਸੀ ਚਲਵਾਕੇ ਨਿਸ਼ਾਨੇ ਉਡਵਾਕੇ ਦਿਖਾਏ ਜਿਨ੍ਹਾਂ ਨੂੰ ਦੇਖਕੇ ਲਾਟ ਸਾਹਿਬ ਨੂੰ ਆਪਣੀਆਂ ਤੋਪਾਂ ਦੇ ਕਰਤਬ ਦਾ ਸਭ ਗੁਮਾਨ ਭੁਲਗਿਆ ਅਤੇ ਅਸਚਰਜ ਹੋਕੇ ਪੁਛਿਆ ਇਹ ਚੰਮ ਦੀਆਂ ਤੋਪਾਂ ਕਿਥੋਂ ਆਈਆਂ ਹਨ ? ਮਹਾਰਾਜੇ ਨੇ ਉਨ੍ਹਾਂ ਦਾ ਪੈਦਾ ਕਰਤਾ ਸਦਾਰ ਲੈਹਣਾ ਸਿੰਘ ਮਜੀਠੀਆ ਵਖਾ ਦਿੱਤਾ। ਲਾਟ ਸਾਹਿਬ ਨੇ ਬਹੁਤ ਖੁਸ਼ੀ ਹੋਕੇ ਆਪਣੀ ਜੇਬ ਘੜੀ ਸਰਦਾਰ ਨੂੰ ਬਖਸ਼ੀ, ਫੇਰ ਸਰਦਾਰ ਨੇ ਵੀ ਆਪਣੀ ਬਣਾਈ ਹੋਈ ਘੜੀ ਦਿਖਾਈ ਜੇਹੜੀ ਤਰੀਕ ਮਹੀਨਾ ਲਗਣ ਸਗਨ ਸਭ ਆਪੇ ਪਈ ਦਸਦੀ ਸੀ, ਲਾਟ ਸਾਹਿਬ ਓਸ ਘੜੀ ਨੂੰ ਦੇਖਕੇ ਵਾਹ ਵਾਹ ਕਰਦਾ ਰਿਹਾ, ਹੁਣ ਓਹੋ ਘੜੀ ਓਸਦੇ ਪੁਤਰ ਸਰਦਾਰ ਦਿਆਲ ਸਿੰਘ ਪਾਸ ਮੌਜੂਦ ਹੈ। ੪ ਚੇਤ ਨੂੰ ਲਾਟ ਸਾਹਿਬ ਦੀ ਮੇਮ ਹੋਰ ਅਨੇਕ ਮੇਮਾਂ ਸਮੇਤ ਸੰਮਨ ਬੁਰਜ ਵਿਚ ਮਹਾਰਾਣੀ ਨਕੈਣ ਦੀ ਮੁਲਾਕਾਤ ਨੂੰ ਗਈ ਜਿਸਦੇ ਪੋਤ੍ਰੇ ਦਾ ਵਿਆਹ ਸੀ, ਮਹਾਰਾਣੀ ਹੋਰ ਸਭਨਾਂ ਰਾਣੀਆਂ ਸਮੇਤ ਮਹਿਲ ਦ੍ਰੇ ਦਰਵਾਜੇ ਤਕ ਆਕੇ ਓਨ੍ਹਾਂ ਨੂੰ ਲੈਗਈ ਤੇ ਸੋਨੇ ਚਾਂਦੀ ਦੀਆਂ ਕੁਰਸੀਆਂ ਉਤੇ ਬਠਾਈਆਂ, ਅਤਰ ਲਾਇ ਹੰਸੀ ਖੁਸ਼ੀ ਨਾਲ ਵਲਾਇਤ ਦਾ ਰਵਾਜ ਪੁਛਿਆ ਦਸਿਆ, ਰਾਣੀਆਂ ਦੇ ਸੁੰਦਰ ਸਰੂਪ ਤੇ ਗਹਿਣੇ ਕਪੜੇ ਦੇਖਕੇ ਮੇਮਾਂ ਅਚਰਜ ਹੁੰਦੀਆਂ ਸਨ, ਰਾਣੀਆਂ ਮੇਮਾਂ ਦੇ ਰੂਪ ਤੇ ਪਹਿਰਾਵੇ ਦੇਖ ਦੇਖ ਅਨੰਦ ਹੋ ਹੋ ਆਖਦੀਆਂ ਸਨ ਅੜੀਓ ਤੁਸਾਡਾ ਦੇਸ ਤੇ ਤੁਸੀ ਧੰਨ ਹੋ ਜਿਹੜੀਆਂ ਪਤੀਆਂ ਨਾਲ ਖੁਲੇ ਮੂੰਹ ਦੁਨੀਆਂ ਦੇ ਦੀਦਾਰ ਤੇ ਸੈਲ ਕਰਦੀਆਂ ਫਿਰਦੀਆਂ ਹੋ—

[ਕਵੀ]

ਇਹ ਵਿਆਹ ਜੋ ਨੌ ਨਿਹਾਲ ਸਿੰਘ ਦਾ ਹੈ ਬਿਆਨ ਤੇ ਬੇ ਹਿਸਾਬ ਅੰਦਰ
ਮਾਰੇ ਹਿੰਦ ਦੇ ਵਿਚ ਇਹ ਨਹੀਂ ਹੋਯਾ ਕਿਸ ਕਰਨਾ ਸੀ ਭਲਾ ਪੰਜਾਬ ਅੰਦਰ

—ਅਸੀਂ ਤਾਂ ਕੈਦੀ ਬੰਦੇ ਹਾਂ ਜੇ ਕਦੇ ਮਹਿਲਾਂ ਵਿਚ ਮਹਾਰਾਜ ਆਇ ਦਰਸ਼ਨ ਪਾਏ ਖੁਸ਼ੀ ਹੋਈ ਨਹੀਂ ਤਾਂ ਜਿੰਦੜੀ ਹਾਉਕਿਆਂ ਨਾਲ ਪਈ ਸੁਕਦੀ ਰਹੀ ਕਿਉਂਕਿ ਪੁਰਸ਼ ਬਿਨਾਂ ਤ੍ਰੀਮਤ ਨੂੰ ਮਹਿਲ ਮਾੜੀਆਂ ਵੀ ਬਘਿਆੜੀਆਂ ਵਾਂਗੂੰ ਡਰਾਉਂਦੇ ਹਨ ਪਰ ਸਾਡੇ ਮਹਾਰਾਜ ਨੇ ਤਾਂ ਸਾਨੂੰ ਸਭ ਸੁਖ ਦੇ ਰਖੇ ਹਨ ਅਸੀਂ ਵੀ ਉਨ੍ਹਾਂ ਨੂੰ ਹੀ ਫਿਰ ਪੂਰਾ ਪਰਮੇਸਰ ਮੰਨਕੇ ਧਿਆਉਂਦੀਆਂ ਤੇ ਭਲਾ ਮਨਾਉਂਦੀਆਂ ਹਾਂ ਕਿਉਂਕਿ ਭਰਤਾ ਹੀ ਇਸਤ੍ਰੀ ਦਾ ਪਰਮੇਸ਼ਰ ਹੈ ਏਹੋ ਜਹੀਆਂ ਅਨੇਕ ਗਲਾਂ ਬਾਤਾਂ ਕਰਕੇ ਫੇਰ ਮਾਈ ਨਕੈਣ ਨੇ ਗੋਲੀਆਂ ਤੋਂ ਗਿਧਾ ਪਵਾਕੇ ਪੰਜਾਬ ਦੇ ਗੀਤ ਸੁਣਵਾਏ ਮਹਾਰਾਜ ਦੇ ਮਹਿਲਾਂ ਵਿਚ ਸਭ ਦੇਸਾਂ ਦੀਆਂ ਇਸਤ੍ਰੀਆਂ ਸਨ, ਵੈਂਤੂਰਾ, ਹਰਕਨ, ਅੰਬੂਤਬਲੇ ਆਦਿਕ ਅੰਗ੍ਰੇਜ਼ਾਂ ਦੀਆਂ ਮੇਮਾਂ ਅੰਗ੍ਰੇਜ਼ੀ ਪੰਜਾਬੀ ਚੰਗੀ ਬੋਲਦੀਆਂ ਸਨ ਦੋਹੀਂ ਪਾਸੀਂ ਸਮਝਾਉਂਦੀਆਂ ਰਹੀਆਂ, ਫੇਰ ਰਾਣੀ ਨਕੈਣ ਨੇ ਮਹਿਲ ਦਿਖਾਇਆ ਤੇ ਮੇਮਾਂ ਨੂੰ ਖੁਸ਼ ਕਰਨ ਲਈ ਸੁਵਾਦੀ ਮੇਵੇ ਪਦਾਰਥ ਛਕਾ ਪੰਜਾਬੀ ਕਪੜੇ ਗੈਹਣੇ ਆਦਿਕ ਚੰਗੇ ਚੰਗੇ ਤੋਫੇ ਦੇਕੇ ਬੜੇ ਪਿਆਰ ਜਤਲਾਕੇ ਵਿਦਾ ਕੀਤਾ। ਰਾਣੀਆਂ ਦੇ ਬਿਰਤਾਂਤ ਮੇਮਾਂ ਤੋਂ ਸੁਣਕੇ ਲਾਟ ਬੋਲਿਆ ਇਹ ਪੰਜਾਬੀ ਲੋਕ ਆਪਣੇ ਖਾਸ ਕਿਸੇ ਮਤ ਮਜ਼ਾਜ ਦੇ ਪੱਕੇ ਨਹੀਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਬਹੁਤ ਖੁਲਾਸਾ ਰਚਿਆ ਹੈ ਪਰ ਇਹ ਸਿੰਘ ਅਜੇ ਤਕ ਹਿੰਦੂ ਮਤਨੂੰ ਛਡ ਨਹੀਂ ਸਕੇ, ਜਦ ਏਸ ਦੇਸ ਵਿਚ ਅੰਗ੍ਰੇਜ਼ੀ ਰਾਜ ਹੋਵੇਗਾ ਤਾਂ ਸੌ ਬਰਸ ਦੇ ਅੰਦਰ ੨ ਇਹ ਸਭ ਲੋਕ ਅੰਗ੍ਰੇਜ਼ੀ ਤਰੀਕੇ ਪਰ ਆ ਜਾਣਗੇ। ਉਹ ਦੀਰਘ ਦ੍ਰਿਸ਼ਟੀ ਲਾਟ ਸਾਹਿਬ ਜੀਦੀ ਹੁਣ ਸਫਲ ਹੋ ਰਹੀ ਹੈ। ਓਸੇ ਸਮੇ ਲਾਟ ਦੇ ਹੁੰਦਿਆਂ ਹੀ ਸਰਦਾਰ ਪੀਰ ਮੁਹੰਮਦ ਖਾਂ, ਸੁਲਤਾਨ ਮੁਹੰਮਦ ਖਾਂ ਦਾ ਭਾਈ ਓਸ ਨਾਲ ਨਾਰਾਜ ਹੋਕੇ ੧੨ ਹਜਾਰ ਅਸਵਾਰ ਬਾਰਕ ਜ਼ਈਆਂ ਦਾ ਲੈਕੇ ਲਾਹੌਰ ਮਹਾਰਾਜੇ ਪਾਸ ਆਯਾ ਕੋਹ ਨੂਰ ਘੋੜਾ ਜਿਸ ਦੀ ਚਾਹ ਦੋਸਤ ਮੁਹੰਮਦ ਖਾਂ ਰਖਦਾ ਸੀ ਇਕ ਖੁਰਾਸਾਨੀ ਜੜਾਊ ਤਲਵਾਰ ਦਸ ਹਜ਼ਾਰ ਕੀਮਤ ਦੀ ਮਹਾਰਾਜ ਦੀ ਨਜ਼ਰ ਕੀਤੀ ਓਸਨੇ ਜੰਗ ਲਈ ਮਦਤ ਮੰਗੀ ਮਹਾਰਾਜੇ ਨੇ ਦੋਹਾਂ ਭਾਈਆਂ ਵਿੱਚ ਮੇਲ ਕਰਾ ਦਿਤਾ।

੧੮ ਚੇਤ ਨੂੰ ਮਹਾਰਾਜ ਨੇ ਲਾਟ ਸਾਹਿਬ ਨੂੰ ੧ ਹਾਥੀ ੫ ਘੋੜੇ ਚਾਂਦੀ ਸੋਨੇ ਦੇ ਸਾਜ ਸਮੇਤ, ਇਕ ਤਲਵਾਰ ਜੜਾਊ ਕਈ ਦੁਸ਼ਾਲੇ ਕਸ਼ਮੀਰੀ ਤੇ ਖਿਲਤ ਦੂਜੇ ਅੰਗ੍ਰੇਜ਼ਾਂ ਨੂੰ ਵੀ ਦੇਕੇ ਵਿਦਾ ਕੀਤਾ ਵਿਦਾ ਹੋਣ ਦੇ ਸਮੇਂ ਸਭਾ ਵਿਚ ਖੜੇ ਹੋਕੇ ਜਦ ਲਾਟ ਸਾਹਿਬ ਨੇ ਮਹਾਰਾਜੇ ਦੇ ਗੁਣਾਂ ਦੀ ਬਹੁਤ ਲੰਮੀ ਚੌੜੀ ਮਹਿੰਮਾ ਵਰਨਨ ਕੀਤੀ ਤਾਂ ਮਹਾਰਾਜ ਬੋਲੇ:– ਇਹ ਤਾਂ ਨਿਰੀ ਪੂਰੀ ਵਾਹਿਗੁਰੂ ਦੀ–

ਜੈਸਾ ਵਿਆਹ ਇਹ ਨੌਂ ਨਿਹਾਲ ਸਿੰਘਦਾ ਐਸਾ ਵੇਖਣਾ ਨਹੀਂ ਖੁਆਬ ਅੰਦਰ
ਉਸਤਤਿ ਕਹਾਂਕੀ ਵਿਆਹਦੀ ਬਿਸ਼ਨਸਿੰਘਾ ਇਸ ਸੁਆਲਦਾ ਨਹੀਂ ਜਵਾਬ ਅੰਦਰ

[ਹਰੀ ਸਿੰਘ ਨਲੂਆ]

ਹਰੀ ਸਿੰਘ ਸਰਦਾਰ ਇਹ ਬੜਾ ਜੋਧਾ ਸੰਗਾ ਏਸ ਵਿਆਹ ਤੇ ਆਇਆ ਹੋਯਾ
ਮਹਾਂ ਸਿੰਘ ਪੁਤ੍ਰੇਲਾ ਜੋ ਰੇਸਦਾ ਸੀ ਸੀਗਾ ਏਸ ਜਮਰੌਦ ਬਚਾਯਾ ਹੋਯਾ
ਕਾਬਲ ਵਾਲੇ ਮੁਖਲੱਈਆਂ ਨੇ ਕਠੇ ਹੋਕੇ ਸੀਗਾ ਬਹੁਤ ਹੀ ਰੰਗ ਮਚਾਯਾ ਹੋਯਾ
ਬਿਸ਼ਨ ਸਿੰਘ ਪਠਾਣਾਂ ਨੇ ਕਠੇ ਹੋਕੇ ਘੇਰਾ ਕਿਲੇ ਜਮਰੌਦ ਨੂੰ ਪਾਯਾ ਹੋਯਾ

{ਹਰੀ ਸਿੰਘ ਨਲੂਏ ਨੇ ੭ ਵੈਸਾਖ ਸੰ: ੧੮੯੪ ਬਿ: ਨੂੰ ਕਾਬਲੀਆਂ ਤੋਂ ਜਮਰੌਦ ਦਾ ਕਿਲਾ ਜਾਕੇ ਛੁਡਾ ਲੈਣਾ}

ਹਰੀ ਸਿੰਘ ਮਹਾਰਾਜ ਤੋਂ ਆਗਿਆ ਲੈ ਝਟ ਪਟ ਜਮਰੌਦ ਨੂੰ ਆ ਗਿਆ
ਘੇਰਾਂ ਘੱਤ ਜਮਰੌਦ ਤੇ ਬੈਠੇ ਜੇਹੜੇ ਸ਼ੇਰਾਂ ਵਾਂਗ ਸੀ ਓਨ੍ਹਾਂ ਤੇ ਆ ਪਿਆ
ਹਰੀ ਸਿੰਘ ਸਰਦਾਰ ਪਠਾਣਾਂ ਕੋਲੋਂ ਬਸ ਕਿਲਾ ਜਮਰੌਦ ਛੁਡਾ ਲਿਆ
ਮਹਾਂ ਸਿੰਘ ਪੁਤ੍ਰੇਲੇ ਨੂੰ ਬਿਸ਼ਨ ਸਿੰਘਾ ਹਰੀ ਸਿੰਘ ਨੇ ਆ ਬਚਾ ਲਿਆ

[ਇਹ ਹਾਲ ਸੁਣਕੇ ਦੋਸਤ ਮੁਹੰਮਦ ਖਾਂ ਨੇ ਦੇਸ ਉਤੇ ਢੰਡੋਰਾ ਫੇਰਨਾ]

ਦੀਨ ਵਾਸਤੇ ਐਤਕੀ ਦਲ ਮੇਰਾ ਨਾਲ ਸਿਖਾਂ ਦੇ ਜੰਗ ਜਾ ਕਰੇਗਾ ਜੀ
ਓਹ ਵੀ ਵਿਚ ਬਹਿਸ਼ਤ ਦੇ ਵੜੇਗਾ ਜੀ ਜੇਹੜਾ ਇਹਨਾਂਦੇ ਨਾਲ ਆ ਚੜੇਗਾ ਜੀ
ਓਹ ਵੀ ਏਸ ਜਹਾਨ ਤੋਂ ਤਰੇਗਾ ਜੀ ਜੇਹੜਾ ਸਿਖਾਂ ਦੇ ਨਾਲ ਜਾ ਲੜੇਗਾ ਜੀ
ਐਸ ਵਕਤ ਜੋ ਸਿਖਾਂ ਤੋਂ ਡਰੇਗਾ ਜੀ ਹਾਮੀ ਉਹ ਦੀ ਰਸੂਲ ਨ ਭਰੇਗਾ ਜੀ
ਰੱਬ ਉਸਨੂੰ ਬਹਿਸ਼ਤ ਵਿਚ ਖੜੇਗਾ ਜੀ ਖੰਡਾ ਹਥ ਦੇ ਵਿਚ ਜੋ ਫੜੇਗਾ ਜੀ
ਹੂਰਾਂ ਪਰੀਆਂ ਨੂੰ ਜਾਕੇ ਵਰੇਗਾ ਜੀ ਜੇਹੜਾ ਦੀਨ ਇਸਲਾਮ ਤੇ ਮਰੇਗਾ ਜੀ
ਰਬ ਉਸਦੇ ਦੋਸ ਸਭ ਹਰੇਗਾ ਜੀ ਜੇਹੜਾ ਸਿਖਾਂ ਨੂੰ ਮਾਰਕੇ ਧਰੇਗਾ ਜੀ
ਓਹ ਦੋਜ਼ਕ ਦੇ ਵਿਚ ਨਾ ਸੜੇਗਾ ਜੀ ਜੇਹੜਾ ਨਾਲ ਜਾ ਕਾਫਰਾਂ ਅੜੇਗਾ ਜੀ
ਜੇਹੜਾ ਗਿਦੜਾਂ ਵਾਂਗ ਘਰ ਦੜੇਗਾ ਜੀ ਓਹਨੂੰ ਰੱਬ ਵੀ ਕੋਟਲੇ ਜੜੇਗਾ ਜੀ
ਜੇਹੜਾ ਨਾਲ ਆ ਅਸਾਂ ਦੇ ਰਲੇਗਾ ਜੀ ਬਿਨਾਂ ਪੁਛੇ ਬਹਿਸ਼ਤ ਜਾ ਪੜੇਗਾ ਜੀ
ਬੂਹੇ ਖੁਲਣ ਬਹਿਸ਼ਤ ਦੇ ਓਸੇ ਲਈ ਜੇਹੜਾ ਜੰਗ ਦੀ ਮਾਰ ਨੂੰ ਜਰੇਗਾ ਜੀ
ਤੁਸੀ ਸੋਚ ਵਿਚਾਰ ਲੌ ਬਿਸ਼ਨ ਸਿੰਘਾ ਕਾਲ ਕਦੀ ਨ ਸਿਰਤੋਂ ਟਰੇਗਾ ਜੀ

—ਕ੍ਰਿਪਾ ਹੈ ਨਹੀਂ ਤਾਂ ਮੈਂ ਕੀ ਚੀਜ਼ ਹਾਂ ਜਿਸਦੀ ਆਪ ਵਡਿਆਈ ਕਰਦੇ ਹੋ ਇਹ ਸਭ ਤੁਸੀ ਦਯਾ ਕਰਦੇ ਹੋ ਜੋ ਸ਼ਾਦੀ ਗਮੀ ਦੇ ਸਮੇਂ ਮੇਰੇ ਪਾਸ ਪੁੱਜ ਪੈਂਦੇ ਹੋ ਇਸ ਲਈ ਮੈ ਸਰਕਾਰ ਅੰਗ੍ਰੇਜ਼ੀ ਨੂੰ ਆਪਣੀ ਸਹਾਇਕ ਪਰਮ ਮਿਤ੍ਰਮੰਨਦਾ ਹਾਂ। ਇਹ ਗਲ ਸੁਣਕੇ ਲਾਟ ਸਾਹਿਬ ਬੜੇ ਖੁਸ਼ ਹੋਏ ਸ਼ਾਹਜ਼ਾਦਾ ਸ਼ੇਰ ਸਿੰਘ ਤੇ, ਰਾਜਾ ਗੁਲਾਬ ਸਿੰਘ ਉਸਨੂੰ ਸਤਲੁਜ ਤਕ ਛਡਣ ਗਏ।

[ਮੁਲਖੱਈਆਂ ਪਠਾਣਾਂ ਗਾਜ਼ੀਆਂ ਜਹਾਦੀਆਂ ਤਿਆਰ ਹੋਣਾ]

ਏਸ ਢੌਂਡੀ ਨੂੰ ਸੁਣਕੇ ਬੰਨ ਗਾਨੇ ਬਸੰਤ ਕੰਮ ਵਿਸਾਰਕੇ ਨਾਲ ਤੁਰ ਪਏ
ਬੜੇ ਭਾਰੇ ਮੁਲਖਈਏ ਹੁਣ ਮਰਨ ਲਈ ਐਲੀ ਐਲੀ ਪੁਕਾਰਦੇ ਨਾਲ ਤੁਰ ਪਏ
ਨਾਲ ਸਿੰਘਾਂ ਦੇ ਜਾਕੇ ਜੂਝ ਜਾਣਾਂ ਢੋਲ ਮਾਰਦੇ ਮਾਰਦੇ ਨਾਲ ਤੁਰ ਪਏ
ਆਪੋ ਆਪਣੇ ਘਰਾਂ ਤੋਂ ਖਰਚ ਲੈਕੇ ਹਾਲ ਹਾਲ ਉਚਾਰਦੇ ਨਾਲ ਤੁਰ ਪਏ
ਅਜ ਸਿਖ ਜਾਂ ਅਸੀਂ ਨਾ ਇਕ ਹੋਣੀ ਬਲੇ ਬਲੇ ਹੰਕਾਰ ਦੇ ਨਾਲ ਤੁਰ ਪਏ
ਆਪੋ ਆਪਣੇ ਘਰਾਂ ਤੋਂ ਸ਼ਸ਼ਤ੍ਰ ਲੀਤੇ ਉੱਚੀ ਉੱਚੀ ਲਲਕਾਰਕੇ ਨਾਲ ਤੁਰ ਪਏ
ਗੋਹ ਗਾਜ਼ੀਆਂ ਅਤੇ ਜ਼ਹਾਦੀਆਂ ਦੇ ਸ਼ੇਰਾਂ ਵਾਂਗ ਭਬਕਾਰਕੇ ਨਾਲ ਤੁਰ ਪਏ
ਦੋਸਤ ਖਾਂ ਮੁਹੰਮਦੀ ਕੱਠੇ ਹੋਕੇ ਮੁਲਖਈਏ ਦਸ ਹਜਾਰ ਦੇ ਨਾਲ ਤੁਰ ਪਏ
ਪਿੰਡਾਂ ਪਿੰਡਾਂ ਤੋਂ ਸੁਣਕੇ ਇਹ ਡੌਂਡੀ ਸਾਰੇ ਜੋਸ਼ ਅਪਾਰਦੇ ਨਾਲ ਤੁਰ ਪਏ
ਹਾਜੀ ਖਾਂ ਕਾਕੜ ਵਿਚ ਮੁਖੀਆ ਬਣਿਆਂ ਦੋਸਤ ਖਾਂ ਸਰਦਾਰਦੇ ਨਾਲਤੁਰ ਪਏ
ਬੜੇ ਬੜੇ ਪਠਾਣ ਜਵਾਨ ਭਾਰੇ ਦੋਸਤ ਖਾਂ ਖਲਕਾਰ ਦੇ ਨਾਲ ਤੁਰ ਪਏ
ਦੋਸਤ ਖਾਂ ਵੀ ਅਗ ਭਬੂਕਾ ਬਣਿਆ ਜਿੱਤ ਲੈਣਾ ਵਿਚਾਰ ਦੇ ਨਾਲ ਤੁਰ ਪਏ
ਕੱਠੇ ਹੋ ਮੁਲਖਈਏ ਸਭ ਬਿਸ਼ਨ ਸਿੰਘਾ ਦੋਸਤ ਖਾਂ ਸਰਦਾਰ ਦੇ ਨਾਲ ਤੁਰ ਪਏ

{ਦੋਸਤ ਮੁਹੰਮਦ ਖਾਂ ਪਠਾਣਾਂ ਨੂੰ ਨਾਲ ਲੈਕੇ ਅਤੇ ਹਾਜੀ ਖਾਂ ਕਾਕੜ
ਦਸ ਹਜ਼ਾਰ ਮੁਲਖਈਏ ਨੂੰ ਨਾਲ ਲੈਕੇ ਜਮਰੋਦ ਆ ਉਤਰਿਆ
੧੩ ਕਤਕ ਨੂੰ ਬੜਾ ਜੰਗ ਹੋਣਾ ਤੇ ਸਿੱਖਾਂ ਜਿਤਣਾ}

ਦੋਸਤ ਖਾਂ ਮਹਾਨ ਪਠਾਣ ਲੈਕੇ ਕਿਲੇ ਆ ਜਮਰੋਦ ਨੂੰ ਘੇਰ ਲਿਆ
ਹਾਜੀ ਖਾਂ ਮੁਲਖਈਆਂ ਨੂੰ ਨਾਲ ਲੈਕੇ ਅਪਣਾ ਕਰ ਹੈ ਦਿਲ ਦਲੇਰ ਲਿਆ
ਤੇਰਾਂ ਕੱਤਕ ਨੂੰ ਜੰਗ ਨੂੰ ਆਣ ਜੁਟੇ ਘੇਰਾ ਪਾ ਹੈ ਚਾਰ ਚੁਫੇਰ ਲਿਆ
ਤਿੰਨ ਪਹਿਰ ਹੈ ਜੰਗ ਮਹਾਨ ਹੋਯਾ ਕਰ ਹੌਸਲਾ ਸ਼ੇਰਾਂ ਨੇ ਸ਼ੇਰ ਲਿਆ
ਹਰੀ ਸਿੰਘ ਨੇ ਸਿੰਘਾਂ ਨੂੰ ਨਾਲ ਲੈਕੇ ਬੜਾ ਭਾਰਾ ਮੁਲਖ਼ਈਆ ਨਬੇੜ ਲਿਆ
ਫਤੇ ਸਿੰਘ ਨੇ ਪਾਈ ਹੈ ਬਿਸਨ ਸਿੰਘਾ ਪੈਰ ਤੁਰਕਾਂ ਨੇ ਰਣੋਂ ਉਖੇੜ ਲਿਆ

[੧੪ ਕਤਕ ਦਾ ਜੰਗ]

ਮਾਰੋ ਮਾਰ ਕਰਦਾ ਚੋਦਾਂ ਕਤਕ ਨੂੰ ਤੀਹ ਹਜ਼ਾਰ ਪਠਾਣ ਹੈ ਹੋਰ ਆਯਾ
ਦੂਜੇ ਪਾਸਿਓਂ ਹਾਜੀ ਖਾਂ ਉਠ ਕਰਕੇ ਮਾਰੋ ਮਾਰ ਕਰਦਾ ਜ਼ੋਰੋ ਜ਼ੋਰ ਆਯਾ
ਕੋਈ ਅੰਤ ਸ਼ੁਮਾਰ ਨ ਰਿਹਾ ਉੱਥੇ ਟਿੱਡੀ ਦਲ ਹੈ ਪਾਂਵਦਾ ਸ਼ੋਰ ਆਯਾ
ਦਲ ਬੜਾ ਮੁਲਖਈਆਂ ਦਾ ਬਿਸ਼ਨ ਸਿੰਘਾ ਵਾਂਗ ਬੱਦਲਾਂ ਕਰਦਾ ਘਨਘੋਰ ਆਯਾ

[ਤਥਾ]

ਅਗੋਂ ਸਿੰਘਾਂ ਵੀ ਡਾਢੇ ਦਲੇਰ ਹੋਕੇ ਇਕ ਵਾਰ ਤਾਂ ਆਹੂ ਨੇ ਲਾਹ ਸੁਟੇ
ਮਾਰ ਮਾਰ ਪਠਾਣ ਅਪਾਰ ਉੱਥੇ ਕਈਆਂ ਕੋਹਾਂ ਦੇ ਵਿਚ ਵਿਛਾ ਸੁਟੇ
ਇਕ ਵਾਰ ਤਾਂ ਸਿੰਘਾਂ ਨੇ ਜ਼ੋਰ ਦੇਕੇ ਭਾਵੇਂ ਬੇਅੰਤ ਪਠਾਣ ਮੁਕਾ ਸੁਟੇ

ਫਿਰ ਵੀ ਮੁਕਦਾ ਟਿੱਡੀ ਨ ਦਲ ਹੈ ਜੇ ਐਡੇ ਜ਼ੋਰ ਨੇ ਸਿੰਘਾਂ ਨੇ ਲਾ ਸੁਟੇ
ਸਿੰਘ ਥੋੜੇ ਤੇ ਤੁਰਕ ਮਹਾਨ ਹੈਸਨ ਏਸ ਜੰਗ ਨੇ ਸਿੰਘ ਥਕਾ ਸੁਟੇ
*ਭਾਵੇਂ ਥੋੜੇ ਹੀ ਸਿੰਘ ਸੀ ਬਿਸ਼ਨ ਸਿੰਘਾ ਐਪਰ ਜੰਗ ਦੇ ਚਾ ਨੇ ਲਾਹ ਸੁਟੇ

{ ਹਰੀ ਸਿੰਘ ਨੇ ੧੬ ਕਤਕ ਨੂੰ ਜਮਰੋਦ ਦੇ ਕਿਲੇ ਤੋਂ ਫਤੇ ਪਾਕੇ ਪਸ਼ੌਰ ਦਾ ਬੰਦੋਬਸਤ ਕਰਨ ਆਉਂਣਾ ਅਤੇ ਦੋਸਤ ਮੁਹੰਮਦ ਖਾਂ ਨੇ ਜਮਰੋਦ ਤੇ ਧਾਵਾ ਕਰਨਾ। }

ਏਧਰ ਹਾਲ ਜਮਰੋਦ ਦਾ ਸੁਣ ਕਰਕੇ ਵਿਗੜ ਬੈਠੇ ਪਠਾਣ ਪਸ਼ੌਰ ਵਾਲੇ
ਬੜੀ ਆ ਪਠਾਣਾਂ ਦੀ ਚੜ ਮਚੀ ਸਿੱਖ ਆਇ ਨੇ ਜਦੋਂ ਲਾਹੌਰ ਵਾਲੇ
ਧਜਾਨ ਸਿੰਘ ਵਗੈਰਾ ਜੋ ਡੋਗਰੇ ਸੀ ਬੇਈਮਾਨੀ ਇਹ ਕਰਦੇ ਸੀ ਪੌਰ ਵਾਲੇ
ਹਰੀ ਸਿੰਘ ਜਮਰੋਦ ਤੋਂ ਫਤੇ ਪਾਕੇ ਹਾਲ ਲਿਖੇ ਨੇ ਔਰ ਹੀ ਤੌਰ ਵਾਲੇ
ਜਦੋਂ ਪਤਾ ਨਾਂ ਕੋਈ ਲਾਹੌਰੋਂ ਆਯਾ ਕੀਤੇ ਹੌਸਲੇ ਫੇਰ ਨੇ ਗੌਰ ਵਾਲੇ
ਫੇਰ ਆਪ ਪਸ਼ੌਰ ਨੂੰ ਦਲ ਆਯਾ ਨਾਲ ਸਿੰਘ ਲਜਾਯਾ ਹੈ ਦੌੜ ਵਾਲੇ
ਬੰਦੋਬਸਤ ਪਸ਼ੌਰ ਦਾ ਕਰ ਆਵਾਂ ਆਯਾ ਇਹ ਖਿਆਲ ਕਰ ਭੌਰ ਵਾਲੇ
ਇਹ ਗਲ ਸੁਣ ਕਾਬਲੋਂ ਬਿਸ਼ਨ ਸਿੰਘਾ ਬੜੇ ਚੜੇ ਪਠਾਣ ਨੇ ਕੌੜ ਵਾਲੇ

[ਹਰੀ ਸਿੰਘ ਦੇ ਪੁਤ੍ਰੇਲੇ ਮਾਂਹ ਸਿੰਘ ਦੀ ਬਹਾਦਰੀ]

ਬੰਦੋਬਸਤ ਪਸ਼ੌਰ ਦਾ ਕਰਨ ਲਈ ਹਰੀ ਸਿੰਘ ਪਸ਼ੌਰ ਨੂੰ ਆਯਾ ਹੈ ਜੀ
ਪਿੱਛੋਂ ਦੋਸਤ ਮੁਹੰਮਦ ਨੇ ਕਾਬਲੋਂ ਆ ਘੇਰਾ ਕਿਲੇ ਜਮਰੋਦ ਨੂੰ ਪਾਯਾ ਹੈ ਜੀ
ਖੈਬਰਦਰੇ ਨੂੰ ਲੰਘਕੇ ਆ ਵੜਿਆ ਫੌਜ ਸੱਠ ਹਜ਼ਾਰ ਲਿਆਯਾ ਹੈ ਜੀ
ਮਹਾਂ ਸਿੰਘ ਜਮਰੋਦ ਦੇ ਵਿਚ ਸੀਗਾ ਨਾਲ ਏਸ ਦੇ ਜੰਗ ਮਚਾਯਾ ਹੈ ਜੀ
ਦੋਸਤ ਖਾਂ ਨੇ ਕਿਲੇ ਨੂੰ ਪਾ ਘੇਰਾ ਉਤੇ ਗੋਲੇ ਦੇ ਗੋਲਾ ਚਲਾਯਾ ਹੈ ਜੀ
ਐਡੀ ਤੋਪਾਂ ਦੀ ਅੱਗ ਬਰਸਾਉਂਣ ਲਗਾ ਸਾਰਾ ਧਰਤ ਅਸਮਾਨ ਕੰਬਾਯਾ ਹੈ ਜੀ
ਇਕ ਦੇਸ ਜਹਾਦੀਆਂ ਗ਼ਾਜੀਆਂ ਦਾ ਵਾਂਗ ਬੱਦਲਾਂ ਉਮਡ ਕੇ ਧਾਯਾ ਹੈ ਜੀ

---

*ਏਸ ਜੰਗ ਦੀ ਇਹ ਖਬਰ ਸੁਣਕੇ ਜਦਪਿ ਮਹਾਰਾਜੇ ਨੇ ਸੰਧਾਂਵਾਲੀਏ ਤੇ ਅਟਾਰੀ ਵਾਲੇ ਸਰਦਾਰਾਂ ਨੂੰ ਬਹੁਤ ਸਾਰੀ ਸੈਨਾ ਦੇਕੇ ਛੇਤੀ ਜਮਰੋਦ ਜਾਣਦਾ ਹੁਕਮ ਦਿੱਤਾ ਅਤੇ ਪਸ਼ੌਰ ਦੀ ਫੌਜ ਨੂੰ ਵੀ ਉੱਥੇ ਜਾਣਦਾ ਹੁਕਮ ਗਿਆ, ਪੰਜਵੇਂ ਦਿਨ ਆਪ ਵੀ ਮਹਾਰਾਜ ਨੇ ਉਧਰ ਕੂਚ ਕਰ ਦਿੱਤਾ, ਪਰ ੧੬ ਕਤਕ ਨੂੰ ਸਰਦਾਰ ਬਹਾਦਰ ਨੇ ਕਿਲੇ ਵਿੱਚੋਂ ਨਿਕਲਕੇ ਅਜੇਹੀ ਕਰੜੀ ਲੜਾਈ ਲੜੀ ਕਿ ਤੜੀ ਦੇਕੇ ਪਠਾਣਾਂ ਦੇ ਪੱਤ੍ਰ ਉਡਾ ਛੱਡੇ, ਕਈ ਬੜੇ ੨ ਨਾਮੀ ਪਠਾਣ ਮਾਰੇ ਗਏ ਤੇ ਬਹੁਤ ਸਾਰੇ ਫੜੇ ਆਏ, ਸਿੰਘਾਂ ਨੇ ਦਬਾ ਦਬ ਬਠਾਉਣ ਲਈ ਤੀਹ ੨ ਮੁਰਦੇ ਤੇ ਦਸ ਪਠਾਣ ਜੀਉਂਦੇ ਬੰਨ ਚਿਖਾ ਵਿਚ ਸਿਟਕੇ ਚੀਕਾਂ ਮਾਰਦੇ ਹੋਏ ਅਧਜਲੇ ਕਰ ਕਢੇ ਜਿਸ ਤੋਂ ਪਠਾਣਾਂ ਨੂੰ ਇਹ ਨਿਸਚਾ ਹੋ ਗਿਆ ਕਿ ਸਿੰਘ ਕਾਫਰ ਕਰਕੇ ਮਾਰਦੇ ਹਨ ਸਭ ਡਰਦੇ ਨਸ ਖੜੋਤੇ।